ਮੇਰੇ 'ਤੇ ਇਹ ਮਹਾਨ ਕਿਰਪਾ ਹੋਈ ਕਿ ਮੈਂ ਆਪਣੀਆਂ ਅੱਖਾਂ ਨਾਲ ਬੋਲਿਆਂ ਨੂੰ ਸੁਣਦੇ, ਅੰਨ੍ਹੇ ਨੂੰ ਦੇਖਦੇ, ਲੰਗੜੇ ਨੂੰ ਤੁਰਦੇ ਅਤੇ ਦੁਸ਼ਟ ਆਤਮਾਂਵਾ ਨੂੰ ਨਿਕੱਲਦੇ ਦੇਖਿਆ। ਮੈਂ ਬਹੁਤ ਸਾਰੀਆ ਚੰਗਾਈਆਂ, ਚਮਤਕਾਰਾਂ ਅਤੇ ਛੁਟਕਾਰਿਆ ਨੂੰ ਹੁੰਦੇ ਵੇਖਿਆ ਹੈ, ਇਹ ਸਾਰੇ ਪਵਿੱਤਰ ਆਤਮਾ ਦੇ ਕੰਮ ਸਨ। ਹਰ ਦਰਸ਼ਣ ਜੋ ਤੁਸੀਂ ਦੇਖਦੇ ਹੋ, ਹਰ ਭਵਿੱਖਬਾਣੀ ਜੋ ਤੁਸੀਂ ਸੁਣਦੇ ਹੋ, ਅਤੇ ਤੁਹਾਡੇ ਕੋਲ ਹਰ ਅਨੁਭਵ ਪਵਿੱਤਰ ਆਤਮਾ ਦਾ ਕੰਮ ਹੈ। ਬਾਈਬਲ ਸਾਫ਼-ਸਾਫ਼ ਦੱਸਦੀ ਹੈ ਕਿ ਪਵਿੱਤਰ ਆਤਮਾ ਇਹ ਸਭ ਕੁਝ ਆਪਣੀ ਮਰਜ਼ੀ ਅਨੁਸਾਰ ਕਰਦਾ ਹੈ।

ਪਿਤਾ ਨੇ ਸਾਡੀਆਂ ਸਾਰੀਆਂ ਸਜ਼ਾਵਾਂ ਅਤੇ ਬਿਮਾਰੀਆਂ ਯਿਸੂ ਉੱਤੇ ਪਾ ਦਿੱਤੀਆਂ (ਯਸਾਯਾਹ 53:6,10), ਅਤੇ ਯਿਸੂ ਨੇ ਖੁਸ਼ੀ ਨਾਲ ਸਾਡੇ ਪਾਪਾਂ ਅਤੇ ਸਰਾਪਾਂ ਨੂੰ ਝੱਲਿਆ (ਯਸਾਯਾਹ 54:,12)। ਕਿਉਂਕਿ ਉਹਨਾਂ ਦੇ ਕੰਮ ਪੂਰੇ ਹੋ ਗਏ ਹਨ, ਆਤਮਿਕ ਵਾਤਾਵਰਣ ਵਿੱਚ ਚੰਗਾਈ, ਮਾਫੀ, ਛੁਟਕਾਰਾ, ਸ਼ਾਂਤੀ ਅਤੇ ਹੋਰ ਬਰਕਤਾਂ ਸਾਡੇ ਲਈ ਉਪਲਬਧ ਹਨ (ਅਫ਼ਸੀਆਂ 1:3)। ਯਿਸੂ ਹੁਣ ਪਿਤਾ ਦੇ ਸੱਜੇ ਹੱਥ ਹੈ ਅਤੇ ਗੱਦੀ 'ਤੇ ਬਿਰਾਜਮਾਨ ਹੈ। ਉਹ ਕਿਉਂ ਬੈਠਾ ਹੈ? ਕਿਉਂਕਿ ਉਸਦਾ ਕੰਮ ਪੂਰਾ ਹੈ। ਪਰ ਉਸਦੀਆਂ ਇਹਨਾਂ ਬਖਸ਼ਿਸ਼ਾਂ ਨੂੰ ਸਾਡੇ ਜੀਵਨ ਵਿੱਚ ਕੌਣ ਪ੍ਰਗਟ ਕਰਦਾ ਹੈ? ਇਹ ਪਵਿੱਤਰ ਆਤਮਾ ਹੈ ਜੋ ਸਾਰੀਆਂ ਬਰਕਤਾਂ ਨੂੰ ਲਾਗੂ ਕਰਦੀ ਹੈ।

ਮੈਂ ਇਸ ਅਧਿਆਇ ਵਿੱਚ ਪਵਿੱਤਰ ਆਤਮਾ ਦੇ ਹਰ ਪਹਿਲੂ ਅਤੇ ਕੰਮ ਦੀ ਵਿਆਖਿਆ ਨਹੀਂ ਕੀਤੀ ਹੈ, ਪਰ ਮੈਂ ਤੁਹਾਨੂੰ ਮੁੱਖ ਨੁਕਤਿਆਂ ਦਾ ਸਾਰ ਦਿੱਤਾ ਹੈ। ਕੀ ਤੁਸੀਂ ਹੁਣ ਦੇਖ ਸਕਦੇ ਹੋ ਕਿ ਉਹ ਕਿਹੜੇ ਅਦਭੁਤ ਅਤੇ ਅਨੋਖੇ ਕੰਮ ਕਰਦਾ ਹੈ? ਜਦੋਂ ਵੀ ਮੈਂ ਇਨ੍ਹਾਂ ਸ਼ਬਦਾਂ ਦਾ ਚਿੰਤਨ ਕਰਦਾ ਹਾਂ, ਮੇਰਾ ਮਨ ਆਨੰਦ ਨਾਲ ਭਰ ਜਾਂਦਾ ਹੈ। ਮੈਂ ਸਮਝਣਾ ਸ਼ੁਰੂ ਕਰਦਾ ਹਾਂ ਕਿ ਪਵਿੱਤਰ ਆਤਮਾ ਮੇਰੇ ਜੀਵਨ ਵਿੱਚ ਕਿੰਨਾ ਨੇੜੇ ਹੈ। ਸ਼ੁਰੂ ਤੋਂ ਹੀ ਮੈਂ ਇਸ ਗੱਲ ਤੋਂ ਅਣਜਾਣ ਸੀ ਕਿ ਪਵਿੱਤਰ ਆਤਮਾ ਮੇਰੇ ਪ੍ਰਤੀ ਕਿੰਨਾ ਚੰਗਾ ਅਤੇ ਮਿਹਰਬਾਨ ਸੀ।

ਇਹਨਾਂ ਸ਼ਬਦਾਂ 'ਤੇ ਮਨਨ ਕਰਨ ਲਈ ਕੁਝ ਸਮਾਂ ਕੱਢੋ, ਪਵਿੱਤਰ ਆਤਮਾ ਨੂੰ ਦੱਸੋ ਕਿ ਤੁਸੀਂ ਉਸਦੀ ਕਿੰਨੀ ਕਦਰ ਕਰਦੇ ਹੋ, ਅਤੇ ਉਸਦਾ ਧੰਨਵਾਦ ਕਰੋ।

**ਪਵਿੱਤਰ ਆਤਮਾ ਨਾਲ ਸਾਡਾ ਨਿੱਜੀ ਰਿਸ਼ਤਾ**

ਤੀਜੇ ਅਤੇ ਆਖ਼ਰੀ ਸਵਾਲ ਦਾ ਅਸੀਂ ਜਵਾਬ ਸਿੱਖਾਂਗੇ ਕਿ ''ਪਵਿੱਤਰ ਆਤਮਾ ਨਾਲ ਸਾਡਾ ਨਿੱਜੀ ਰਿਸ਼ਤਾ ਕੀ ਹੈ?'' ਕਿਉਂਕਿ ਪਰਮੇਸ਼ਵਰ ਤਿੰਨ ਵੱਖ-ਵੱਖ ਵਿਅਕਤੀ ਹਨ, ਇਸ ਲਈ ਪਰਮੇਸ਼ਵਰ ਨਾਲ ਸਾਡਾ ਰਿਸ਼ਤਾ ਤਿੰਨ ਗੁਣਾ ਹੋਣਾ ਚਾਹੀਦਾ ਹੈ। ਬਹੁਤੇ ਵਿਸ਼ਵਾਸੀ ਪਰਮੇਸ਼ਵਰ ਨੂੰ ਇੱਕ ਵਿਅਕਤੀ ਹੀ ਸਮਝਦੇ ਹਨ ਅਤੇ ਉਹਨਾਂ ਦਾ ਉਸਦੇ ਨਾਲ ਰਿਸ਼ਤਾ ਇੱਕੋ ਕਿਸਮ ਦਾ ਹੈ। ਇਸ ਕਿਸਮ ਦਾ ਰਿਸ਼ਤਾ ਸਧਾਰਨ ਅਤੇ ਜ਼ਰੂਰੀ ਹੈ, ਪਰ ਇਹ ਨਜ਼ਦੀਕੀ ਅਤੇ ਗਹਿਰਾ ਨਹੀਂ ਹੁੰਦਾ ਹੈ। ਇਹ ਕੁਝ ਉਦਾਹਰਣਾਂ ਹਨ: ਉਹ ਸਿਰਜਣਹਾਰ ਹੈ ਅਤੇ ਅਸੀਂ ਸ੍ਰਿਸ਼ਟੀ ਹਾਂ, ਉਹ ਨਿਆਂਕਾਰ ਹੈ ਅਤੇ ਅਸੀਂ ਪਾਪੀ ਹਾਂ, ਉਹ ਮਾਲਕ ਹੈ ਅਤੇ ਅਸੀਂ ਗੁਲਾਮ ਹਾਂ। ਕਿਉਂਕਿ ਪਰਮੇਸ਼ਵਰ ਤਿੰਨ ਵੱਖ-ਵੱਖ ਵਿਅਕਤੀ ਹਨ, ਅਸੀਂ ਦੇਖਾਂਗੇ ਕਿ ਇਨ੍ਹਾਂ ਤਿੰਨਾਂ ਨਾਲ ਸਾਡੇ ਨਿੱਜੀ ਰਿਸ਼ਤੇ ਕਿੰਨੇ ਖਾਸ ਹਨ। ਇਹ ਉਹਨਾਂ ਵਿਸ਼ੇਸ਼ ਰਿਸ਼ਤਿਆਂ ਦੁਆਰਾ ਹੈ ਜੋ ਅਸੀਂ ਪਰਮੇਸ਼ਵਰ ਨਾਲ ਡੂੰਘੀ ਸਾਂਝ ਪਾ ਸਕਦੇ ਹਾਂ।

*ਯੂਹੰਨਾ 1:12 ਪਰ ਜਿੰਨਿਆਂ ਨੇ ਉਸਨੂੰ ਕਬੂਲ ਕੀਤਾ ਅਤੇ ਉਸ ਦੇ ਨਾਮ ਉੱਤੇ ਵਿਸ਼ਵਾਸ ਕੀਤਾ ਉਸ ਨੇ ਉਹਨਾਂ ਨੂੰ ਪਰਮੇਸ਼ੁਰ ਦੀ ਸੰਤਾਨ ਹੋਣ ਦਾ ਹੱਕ ਦਿੱਤਾ।*

*2 ਕੁਰਿੰਥੀਆਂ 6:18 ''ਅਤੇ ਮੈਂ ਤੁਹਾਡਾ ਪਿਤਾ ਹੋਵਾਂਗਾ, ਅਤੇ ਤੁਸੀਂ ਮੇਰੇ ਪੁੱਤਰ ਅਤੇ ਧੀਆਂ ਹੋਵੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ।''*

*1 ਯੂਹੰਨਾ 3:1 ਦੇਖੋ ਕਿ ਪਿਤਾ ਨੇ ਕਿਹੋ ਜਿਹਾ ਪਿਆਰ ਕੀਤਾ ਹੈ ਜੋਂ ਅਸੀ ਪਰਮੇਸ਼ਵਰ ਦੇ ਬਾਲਕ ਸੱਦੇ ਜਾਈਏ। ਇਹੋ ਅਸੀਂ ਹਾ ਵੀ। ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂਕਿ ਉਸ ਨੇ ਉਹ ਨੂੰ ਵੀ ਨਹੀਂ ਜਾਣਿਆ।*

*ਅਫ਼ਸੀਆਂ 1:4-5 ਜਿਵੇਂ ਉਸ ਨੇ (ਪਿਤਾ) ਨੇ ਸਾਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਉਸ ਵਿੱਚ (ਯਿਸੂ ਮਸੀਹ ਵਿੱਚ) ਚੁਣਿਆ ਹੈ, ਤਾਂ ਜੋ ਅਸੀਂ ਉਸ ਦੇ ਨਜ਼ਦੀਕੀ ਵਿੱਚ ਪਿਆਰੇ, ਪਵਿੱਤਰ ਅਤੇ ਨਿਰਦੋਸ਼ ਰਹੀਏ। ਅਤੇ ਉਸ ਨੇ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ, ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤਰ ਹੋਣ ਨੂੰ ਅੱਗੋਂ ਹੀ ਠਹਿਰਾਇਆ ਹੈ।*

ਇਹ ਬਚਨ ਸਾਡੇ ਉਸ ਸੱਚੇ ਰਿਸ਼ਤੇ ਨੂੰ ਦਰਸਾਉਂਦੇ ਹਨ ਜੋ ਸਾਡਾ ਪਿਤਾ ਪਰਮੇਸ਼ੁਰ ਨਾਲ ਹੈ। ਉਹ ਸਿਰਫ਼ ਯਿਸੂ ਦਾ ਪਿਤਾ ਨਹੀਂ ਹੈ, ਸਗੋਂ ਉਨ੍ਹਾਂ ਸਾਰਿਆਂ ਦਾ ਪਿਤਾ ਹੈ ਜੋ ਪਵਿੱਤਰ ਆਤਮਾ ਵਿੱਚ ਵਿਸ਼ਵਾਸ ਕਰਕੇ ਦੁਬਾਰਾ ਜਨਮ ਲੈਂਦੇ ਹਨ। ਉਹ ਸਾਰੇ ਜੋ ਯਿਸੂ ਵਿੱਚ ਵਿਸ਼ਵਾਸ ਕਰਦੇ ਹਨ ਇਸ ਆਤਮਿਕ ਪਰਿਵਾਰ ਦੇ ਮੈਂਬਰ ਬਣ ਜਾਂਦੇ ਹਨ। ਉਹ ਯਿਸੂ ਦਾ ਪਿਤਾ ਹੈ, ਅਤੇ ਉਹ ਮੇਰਾ ਅਤੇ ਤੁਹਾਡਾ ਵੀ ਪਿਤਾ ਹੈ। ਅਤੇ ਅਸੀਂ ਉਸਦੇ ਪੁੱਤਰ ਹਾਂ। ਇਹ ਰਿਸ਼ਤਾ ਪਿਤਾ-ਪੁੱਤਰ ਦਾ ਹੈ।

ਹੁਣ ਆਓ ਦੇਖੀਏ ਕਿ ਯਿਸੂ ਨਾਲ ਸਾਡਾ ਕੀ ਰਿਸ਼ਤਾ ਹੈ।

*ਰਸੂਲਾਂ ਦੇ ਕਰਤੱਬ 2:36 ਇਸ ਲਈ ਹੁਣ ਇਸਰਾਏਲ ਦਾ ਸਾਰਾ ਘਰਾਣਾ ਇਹ ਗੱਲ ਪੱਕੀ ਜਾਣ ਲਵੇ ਕਿ ਪਰਮੇਸ਼ੁਰ ਨੇ ਉਸ ਨੂੰ ਪ੍ਰਭੂ ਅਤੇ ਮਸੀਹ ਦੋਨੋ ਹੀ ਠਹਿਰਾਇਆ, ਜਿਸ ਯਿਸੂ ਨੂੰ ਤੁਸੀਂ ਸਲੀਬ ਉੱਤੇ ਚੜ੍ਹਾਇਆ ਸੀ।*

*ਤੀਤੁਸ 2:13-14 ਅਤੇ ਉਸ ਪਵਿੱਤਰ ਆਸ ਦੀ ਅਤੇ ਮੁਕਤੀਦਾਤਾ ਯਿਸੂ ਮਸੀਹ ਦੀ ਮਹਿਮਾ ਦੇ ਪ੍ਰਗਟ ਹੋਣ ਦੀ ਉਡੀਕ ਕਰੀਏ। ਜਿਸ ਨੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ ਕਿ ਸਾਰੇ ਕੁਧਰਮ ਤੋਂ ਸਾਡਾ ਛੁਟਕਾਰਾ ਕਰੇ ਅਤੇ ਆਪਣੇ ਲਈ ਇੱਕ ਖਾਸ ਕੌਮ ਨੂੰ ਪਵਿੱਤਰ ਕਰੇ ਜੋਂ ਭਲੇ ਕੰਮਾਂ ਵਿੱਚ ਲੱਗੀ ਰਹੇ।*

*ਯੂਹੰਨਾ 15:15 ਮੈਂ ਤੁਹਾਨੂੰ ਹੁਣ ਦਾਸ ਕਹਿ ਕੇ ਨਹੀਂ ਬੁਲਾਉਂਦਾ ਕਿਉਂਕਿ ਇੱਕ ਦਾਸ ਨਹੀਂ ਜਾਣਦਾ ਕਿ ਉਸ ਦਾ ਮਾਲਕ ਕੀ ਕਰ ਰਿਹਾ ਹੈ ਪਰ ਹੁਣ ਮੈਂ ਤੁਹਾਨੂੰ ਆਪਣਾ ਮਿੱਤਰ ਕਹਿ ਕੇ ਬੁਲਾਵਾਂਗਾ। ਕਿਉਂਕਿ ਜੋ ਕੁਝ ਮੈਂ ਆਪਣੇ ਪਿਤਾ ਕੋਲੋਂ ਸੁਣਿਆ ਹੈ ਤੁਹਾਨੂੰ ਸਭ ਕੁਝ ਦੱਸ ਦਿੱਤਾ ਹੈ।*

*ਪਰਕਾਸ਼ ਦੀ ਪੋਥੀ 19:7 ਆਓ ਅਸੀਂ ਬਹੁਤ ਅਨੰਦ ਕਰੀਏ ਅਤੇ ਬਹੁਤ ਖੁਸ਼ ਹੋਈਏ, ਅਤੇ ਉਸਨੂੰ ਮਹਿਮਾ ਅਤੇ ਆਦਰ ਦੇਈਏ, ਕਿਉਂਕਿ ਲੇਲੇ ਦਾ ਵਿਆਹ ਆ ਗਿਆ ਹੈ, ਅਤੇ ਉਸਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ।*

*ਹੋਸ਼ੇਆ 2:16 ਯਹੋਵਾਹ ਦਾ ਇਹ ਬਚਨ ਹੈ:ਕਿ ਉਸ ਸਮੇਂ ਤੂੰ ਮੈਨੂੰ ਆਪਣਾ 'ਪਤੀ' ਕਹੇਗੀ ਅਤੇ ਫਿਰ ਮੇਰਾ 'ਸੁਆਮੀ' ਨਾ ਕਹੇਗੀ।*

ਜਦੋਂ ਲੋਕ ਯਿਸੂ ਨੂੰ 'ਪਿਤਾ' ਕਹਿੰਦੇ ਹਨ, ਤਾਂ ਉਹ ਬਹੁਤ ਵੱਡੀ ਗਲਤੀ ਕਰਦੇ ਹਨ। ਕੁਝ ਵਿਸ਼ਵਾਸੀ ਆਪਣੇ ਬੱਚਿਆਂ ਨੂੰ ਪ੍ਰਾਰਥਨਾ ਕਰਨੀ ਸਿਖਾਉਂਦੇ ਹਨ ਅਤੇ ਕਹਿੰਦੇ ਹਨ, ਆਓ, ਅਸੀਂ ਯਿਸੂ ਪਿਤਾ ਨੂੰ ਪ੍ਰਾਰਥਨਾ ਕਰਦੇ ਹਾਂ। ਯਿਸੂ, ਪਿਤਾ ਨਹੀਂ ਹੈ, ਅਤੇ ਪਿਤਾ, ਯਿਸੂ ਨਹੀਂ ਹੈ। ਉਹ ਵੱਖਰੇ ਵਿਅਕਤੀ ਹਨ। ਯਿਸੂ ਨੇ ਤਾਂ ਕਿਹਾ ਹੈ ਜੇਕਰ ਤੁਸੀਂ ਮੈਨੂੰ ਦੇਖਿਆ ਹੈ, ਤਾਂ ਤੁਸੀਂ ਪਿਤਾ ਨੂੰ ਵੀ ਦੇਖਿਆ ਹੈ (ਯੂਹੰਨਾ 14:9) ਪਰ ਯਿਸੂ ਪਿਤਾ ਦੇ ਚਰਿੱਤਰ ਅਤੇ ਸੁਭਾਅ ਬਾਰੇ ਗੱਲ ਕਰ ਰਿਹਾ ਸੀ, ਨਾ ਕਿ ਪਿਤਾ ਦੀ ਸ਼ਖਸੀਅਤ ਬਾਰੇ।

ਯਿਸੂ ਸਾਡਾ ਪ੍ਰਭੂ, ਰਾਜਾ ਅਤੇ ਮੁਕਤੀਦਾਤਾ ਹੈ। ਪਰ ਉਸ ਨੇ ਸਾਨੂੰ ਕਿਉਂ ਬਚਾਇਆ? ਅਸੀਂ ਬਚਾਏ ਗਏ ਹਾਂ ਤਾਂ ਜੋ ਅਸੀਂ ਉਸ ਨਾਲ ਰਿਸ਼ਤਾ ਬਣਾ ਸਕੀਏ। ਜਿਸ ਤਰ੍ਹਾਂ ਦੋਸਤ ਇਕ-ਦੂਜੇ ਨਾਲ ਸੰਗਤ ਕਰਨ ਅਤੇ ਇਕ-ਦੂਜੇ ਨਾਲ ਆਪਣੇ ਦਿਲ ਸਾਂਝੇ ਕਰਨ ਦਾ ਆਨੰਦ ਮਾਣਦੇ ਹਨ, ਉਸੇ ਤਰ੍ਹਾਂ ਯਿਸੂ ਸਾਡੇ ਨਾਲ ਦੋਸਤ ਬਣਨਾ ਚਾਹੁੰਦਾ ਹੈ। ਪਰ ਇਹ ਰਿਸ਼ਤਾ ਇਸ ਤੋਂ ਵੀ ਡੂੰਘਾ ਹੋ ਜਾਂਦਾ ਹੈ, ਕਿਉਂਕਿ ਉਹ ਸਾਡੇ ਨਾਲ ਵਿਆਹ ਕਰਨ ਲਈ ਆਉਣ ਵਾਲਾ ਹੈ। ਦੋਸਤੀ ਕੁਝ ਹੱਦ ਤੱਕ ਡੂੰਘੀ ਹੁੰਦੀ ਹੈ, ਪਰ ਵਿਆਹ, ਪਿਆਰ ਅਤੇ ਵਾਅਦੇ ਤੋਂ ਵੀ ਬਹੁਤ ਡੂੰਘਾ ਹੁੰਦਾ ਹੈ। ਯਿਸੂ ਸਾਡਾ ਲਾੜਾ, ਸਾਡਾ ਪ੍ਰੇਮੀ, ਅਤੇ ਸਾਡਾ ਹੋਣ ਵਾਲਾ ਪਤੀ ਹੈ, ਅਤੇ ਅਸੀਂ ਉਸਦੀ ਲਾੜੀ ਹਾਂ। ਇਸ ਤਰ੍ਹਾਂ ਅਸੀਂ ਯਿਸੂ ਨਾਲ ਰਿਸ਼ਤਾ ਬਣਾ ਸਕਦੇ ਹਾਂ।

ਤਾਂ ਫਿਰ ਪਵਿੱਤਰ ਆਤਮਾ ਨਾਲ ਸਾਡਾ ਕੀ ਰਿਸ਼ਤਾ ਹੈ? ਸਾਨੂੰ ਉਸ ਨਾਲ ਕਿਵੇਂ ਪੇਸ਼ ਆਉਣਾ ਚਾਹੀਦਾ ਹੈ? ਬਹੁਤੇ ਲੋਕ ਇਸ ਵਿਸ਼ੇ ਬਾਰੇ ਬਹੁਤਾ ਨਹੀਂ ਜਾਣਦੇ। ਸਾਨੂੰ ਬਚਨ ਨੂੰ ਸਿਖੀਏ, ਤਾਂ ਜੋ ਪਵਿੱਤਰ ਸ਼ਾਸਤਰ ਦੁਆਰਾ ਸਾਡੀ ਜਿੰਦਗੀ ਬਦਲ ਜਾਵੇ।

*ਯੂਹੰਨਾ 14:16 ਮੈਂ ਪਿਤਾ ਨੂੰ ਪ੍ਰਾਰਥਨਾ ਕਰਾਂਗਾ, ਅਤੇ ਉਹ ਤੁਹਾਨੂੰ ਇੱਕ ਹੋਰ ਸਹਾਇਕ ਦੇਵੇਗਾ ਕਿ ਉਹ ਹਮੇਸ਼ਾ ਤੁਹਾਡੇ ਨਾਲ ਰਹੇ।*

ਹਿੰਦੀ ਵਿੱਚ ਲਿਖਿਆ ਸ਼ਬਦ 'ਸਹਾਇਕ' ਯੂਨਾਨੀ ਮੂਲ ਦਾ 'ਪੈਰਾਕਲੀਟਾਸ' ਹੈ, ਜਿਸਦਾ ਅਰਥ ਹੈ 'ਉਹ ਜੋ ਤੁਹਾਡੇ ਨਾਲ ਕਦਮ-ਦਰ-ਕਦਮ ਚੱਲਦਾ ਹੈ'। ਪਵਿੱਤਰ ਆਤਮਾ ਇੱਕ ਨਜ਼ਦੀਕੀ ਅਤੇ ਵਫ਼ਾਦਾਰ ਸਹਾਇਕ ਹੈ।

ਯੂਨਾਨੀ ਸ਼ਬਦ 'ਪੈਰਾਕਲੀਟਾਸ' ਦੇ ਕਈ ਅਰਥ ਹਨ, ਜਿਸ ਵਿੱਚ ਵਕੀਲ, ਸਲਾਹਕਾਰ, ਮਜ਼ਬੂਤੀ ਦੇਣ ਵਾਲਾ ਅਤੇ ਦਿਲਾਸਾ ਦੇਣ ਵਾਲਾ ਸ਼ਾਮਲ ਹੈ।

ਯਿਸੂ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਾਅਦ, ਉਸਨੇ ਆਪਣੇ ਚੇਲਿਆਂ ਨੂੰ ਆਗਿਆਵਾਂ ਦੇ ਕੇ ਸਵਰਗ ਨੂੰ ਚਲਾ ਗਿਆ। ਯਿਸੂ ਨੇ ਆਪਣੇ ਸਥਾਨ 'ਤੇ ਪਵਿੱਤਰ ਆਤਮਾ ਨੂੰ ਭੇਜਿਆ। ਹੁਣ ਅਸੀਂ ਯਿਸੂ ਦੀ ਵਾਪਸੀ ਦੀ ਉਡੀਕ ਕਰ ਰਹੇ ਹਾਂ। ਜਦੋਂ ਉਹ ਆਵੇਗਾ, ਅਸੀਂ ਉਸ ਨਾਲ ਵਿਆਹ ਕਰਵਾ ਲਵਾਂਗੇ। ਯਿਸੂ ਅਤੇ ਪਿਤਾ ਦੋਵੇਂ ਸਵਰਗ ਵਿੱਚ ਸਿੰਘਾਸਣਾਂ ਉੱਤੇ ਬੈਠੇ ਹਨ। ਪਰ ਅਸੀਂ ਇਸ ਸਮੇਂ ਧਰਤੀ 'ਤੇ ਉਡੀਕ ਕਰ ਰਹੇ ਹਾਂ। ਹੁਣ ਸਾਡੇ ਨਾਲ ਕੌਣ ਹੈ? ਪਵਿੱਤਰ ਆਤਮਾ ਹੁਣ ਸਾਡੇ ਨਾਲ ਹੈ ਅਤੇ ਉਸਦੇ ਦੁਆਰਾ ਅਸੀਂ ਹੁਣ ਪਿਤਾ ਅਤੇ ਯਿਸੂ ਨੂੰ ਜਾਣ ਸਕਦੇ ਹਾਂ। ਇਹ ਸਾਡਾ ਭਰੋਸਾ ਹੈ ਕਿ ਅਸੀਂ ਹਮੇਸ਼ਾ ਪਿਤਾ ਅਤੇ ਯਿਸੂ ਦੇ ਨਾਲ ਰਹਾਂਗੇ (2 ਕੁਰਿੰਥੀਆਂ 1:22, 5:5 ਅਤੇ ਅਫ਼ਸੀਆਂ 1:13–14)। ਭਾਵ, ਜੇਕਰ ਸਾਨੂੰ ਹੁਣ ਪੂਰੀ ਤਰ੍ਹਾਂ ਪਵਿੱਤਰ ਆਤਮਾ ਪ੍ਰਾਪਤ ਹੋ ਗਿਆ ਹੈ, ਤਾਂ ਅਸੀਂ ਨਿਸ਼ਚਿਤ ਤੌਰ 'ਤੇ ਪਿਤਾ ਅਤੇ ਯਿਸੂ ਦੇ ਨਾਲ ਸਦਾ ਲਈ ਜੀਵਾਂਗੇ।

ਬਹੁਤੇ ਵਿਸ਼ਵਾਸੀ ਇਸ ਗੱਲ ਨੂੰ ਨਹੀਂ ਜਾਣਦੇ, ਅਤੇ ਉਨ੍ਹਾਂ ਦਾ ਆਤਮਿਕ ਜੀਵਨ ਭਰਪੂਰ ਨਹੀਂ ਹੁੰਦਾ ਹੈ। ਮੈਂ ਯਿਸੂ ਨਾਲ ਵਿਆਹ ਤਾਂ ਕਰਾਂਗਾ, ਪਰ ਇਸ ਸਮੇਂ ਮੇਰੇ ਕੋਲ ਪਵਿੱਤਰ ਆਤਮਾ ਹੈ। ਇਹ ਪਵਿੱਤਰ ਆਤਮਾ ਇੰਨੀ ਅਦਭੁਤ ਅਤੇ ਅਨੋਖਾ ਹੈ ਕਿ ਯਿਸੂ ਨੇ ਖੁਦ ਆਪਣੇ ਚੇਲਿਆਂ ਨੂੰ ਕਿਹਾ ਕਿ ਇਹ ਤੁਹਾਡੇ ਲਈ ਲਾਭਦਾਇਕ ਹੈ ਕਿ ਮੈਂ ਚਲੇ ਜਾਵਾਂ। ਕਿਉਂਕਿ ਜੇਕਰ ਉਹ ਸਵਰਗ ਨੂੰ ਵਾਪਸ ਨਹੀਂ ਜਾਂਦਾ, ਤਾਂ ਉਹ ਪਵਿੱਤਰ ਆਤਮਾ ਨੂੰ ਨਹੀਂ ਭੇਜ ਸਕਦਾ ਸੀ (ਯੂਹੰਨਾ 16:7)। ਕੁਝ ਵਿਸ਼ਵਾਸੀ ਆਤਮਿਕ ਗਰੀਬੀ ਵਿੱਚ ਜੀਵਨ ਗੁਜਾਰ ਰਹੇ ਹਨ ਅਤੇ ਸੋਚਦੇ ਹਨ ਕਿ ਇਹ ਜੀਵਨ ਬਹੁਤ ਹੀ ਔਖਾ ਹੈ। ਇਹ ਮੁਸ਼ਕਲਾਂ ਦੁਆਰਾ ਹੈ ਕਿ ਉਹ ਯਿਸੂ ਦੇ ਆਉਣ ਦੀ ਤੀਬਰਤਾ ਨਾਲ ਉਡੀਕ ਕਰਦੇ ਰਹਿੰਦੇ ਹਨ। ਉਹ ਕਹਿੰਦੇ ਹਨ, ''ਆਹ, ਯਿਸੂ ਜਲਦੀ ਆ! ਜੇ ਯਿਸੂ ਇੱਥੇ ਹੁਦਾਂ, ਤਾਂ ਸਭ ਕੁਝ ਬਦਲ ਜਾਂਦਾ। ਕਿੰਨਾ ਵਧੀਆ ਹੁੰਦਾ ਜੇ ਯਿਸੂ ਇੱਥੇ ਹੁੰਦਾ!" ਇਸ ਤਰ੍ਹਾਂ ਦੇ ਲੋਕ ਇਹ ਗੱਲਾਂ ਇਸ ਲਈ ਕਹਿੰਦੇ ਹਨ ਕਿਉਂਕਿ ਉਨ੍ਹਾਂ ਦੀਆਂ ਜਿੰਦਗੀਆਂ ਵਿੱਚ ਮੁਸੀਬਤਾਂ, ਕਮੀਆਂ ਅਤੇ ਸਮੱਸਿਆਵਾਂ ਹਨ। ਉਹ ਸੋਚਦੇ ਹਨ ਕਿ ਯਿਸੂ ਦੀ ਮੌਜੂਦਗੀ ਹੀ ਉਨ੍ਹਾਂ ਨੂੰ ਚਾਹੀਦੀ ਹੈ। ਇਹ ਸੋਚ ਗਲਤ ਹੈ ਅਤੇ ਯਿਸੂ ਦੀਆਂ ਗੱਲਾਂ ਦਾ ਵਿਰੋਧ ਕਰਦੀਆਂ ਹਨ। ਯਿਸੂ ਕਹਿੰਦਾ ਹੈ, "ਮੇਰੇ ਲਈ ਜਾਣਾ ਚੰਗਾ ਹੈ"।ਜਦੋਂ ਯਿਸੂ ਚਲਾ ਗਿਆ, ਤਾਂ ਪਵਿੱਤਰ ਆਤਮਾ ਉਸ ਦੀ ਥਾਂ ਤੇ ਆਇਆ। ਪਵਿੱਤਰ ਆਤਮਾ ਦੀ ਮੌਜੂਦਗੀ ਯਿਸੂ ਦੀ ਸਰੀਰਕ ਮੌਜੂਦਗੀ ਨਾਲੋਂ ਵੱਡੀ ਹੈ। ਜੇਕਰ ਅਜਿਹਾ ਨਾ ਹੁੰਦਾ, ਤਾਂ ਫਿਰ ਯਿਸੂ ਇਹ ਨਹੀਂ ਕਹਿ ਸਕਦਾ ਸੀ ਕਿ ''ਮੇਰੇ ਲਈ ਜਾਣਾ ਚੰਗਾ ਹੈ।'' ਤਾਂ ਅਜਿਹੇ ਲੋਕਾਂ ਦੀ ਕੀ ਸਮੱਸਿਆ ਹੈ? ਉਨ੍ਹਾਂ ਦੀ ਸਮੱਸਿਆ ਇਹ ਹੈ ਕਿ ਉਹ ਪਵਿੱਤਰ ਆਤਮਾ ਨੂੰ ਨਹੀਂ ਜਾਣਦੇ ਹਨ।

ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਸਾਨੂੰ ਯਿਸੂ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ ਅਤੇ ਸਿਰਫ਼ ਪਵਿੱਤਰ ਆਤਮਾ 'ਤੇ ਧਿਆਨ ਦੇਣਾ ਚਾਹੀਦਾ ਹੈ। ਪਰ ਮੈਂ ਕਹਿ ਰਿਹਾ ਹਾਂ ਕਿ ਇਸ ਸਮੇਂ ਚਰਚ ਨੂੰ ਪਵਿੱਤਰ ਆਤਮਾ ਦਿੱਤਾ ਗਿਆ ਹੈ। ਇਹ ਪਵਿੱਤਰ ਆਤਮਾ ਦਾ ਸਮਾਂ ਹੈ। ਇਸ ਲਈ ਸਾਨੂੰ ਪਵਿੱਤਰ ਆਤਮਾ ਨੂੰ ਜਾਣਨਾ ਚਾਹੀਦਾ ਹੈ।

ਜਦੋਂ ਮੈਨੂੰ ਇਹ ਸੱਚਾਈ ਪਤਾ ਲੱਗੀ ਕਿ ਮੈਨੂੰ ਕਿਰਪਾ ਦੁਆਰਾ ਪਵਿੱਤਰ ਆਤਮਾ ਪ੍ਰਾਪਤ ਹੋਇਆ ਹੈ, ਤਾਂ ਮੇਰਾ ਆਤਮਿਕ ਜੀਵਨ, ਪ੍ਰਮੇਸ਼ਵਰ ਨਾਲ ਰਿਸ਼ਤਾ ਅਤੇ ਮਸਹ ਵਧਿਆ। ਮੈਂ ਭਵਿੱਖ ਦੀ ਤਾਂਘ ਨਹੀਂ ਰੱਖਦਾ, ਜਿਵੇਂ ਕਿ ਮੇਰੇ ਕੋਲ ਬਹੁਤ ਕੁਝ ਨਹੀਂ ਸੀ। ਪਰ ਮੈਂ ਮਜੂਦਾ ਪਲ ਦਾ ਵੱਧ ਤੋਂ ਵੱਧ ਲਾਭ ਉਠਾਉਂਦਾ ਹਾਂ ਅਤੇ ਜਾਣਦਾ ਹਾਂ ਕਿ ਵਫ਼ਾਦਾਰ ਪਵਿੱਤਰ ਆਤਮਾ ਮੇਰੇ ਨਾਲ ਹੈ।

ਆਓ ਹੁਣ ਇੱਕ ਪਲ ਲਈ ਰੁਕੀਏ ਅਤੇ ਆਪਣੀ ਜਿੰਦਗੀ ਦੀ ਜਾਂਚ ਕਰੀਏ। ਕੀ ਸਾਡਾ ਪਵਿੱਤਰ ਆਤਮਾ ਨਾਲ ਨਿੱਜੀ ਰਿਸ਼ਤਾ ਕਿਵੇਂ ਹੈ? ਕੀ ਅਸੀਂ ਉਸ ਨੂੰ ਆਪਣਾ ਸਹਾਇਕ, ਵਕੀਲ, ਮਜ਼ਬੂਤ ਅਤੇ ਦਿਲਾਸਾ ਦੇਣ ਵਾਲੇ

ਵਜੋਂ ਜਾਣਦੇ ਹਾਂ ਜਾਂ ਨਹੀਂ? ਕੀ ਤੁਸੀਂ ਹੁਣ ਉਸ ’ਤੇ ਭਰੋਸਾ ਕਰਦੇ ਹੋ? ਕੀ ਤੁਸੀਂ ਜਾਣਦੇ ਹੋ ਕਿ ਉਹ ਹਰ ਕਦਮ ਤੇ ਤੁਹਾਡੇ ਨਾਲ ਹੈ? ਕੀ ਤੁਸੀਂ ਉਸਨੂੰ ਪਛਾਣ ਸਕਦੇ ਹੋ? ਕੀ ਤੁਸੀਂ ਉਸ ਦੀ ਮੌਜੂਦਗੀ ਨੂੰ ਯਿਸੂ ਦੀ ਸਰੀਰਕ ਮੌਜੂਦਗੀ ਨਾਲੋਂ ਜਿਆਦਾ ਕੀਮਤੀ ਸਮਝਦੇ ਹੋ? ਜੇ ਨਹੀਂ, ਤਾਂ ਇਸ ਜੀਵਨ ਦੀ ਸਭ ਤੋਂ ਵੱਡੀ ਬਰਕਤ ਗੁਆਚ ਰਹੀ ਹੈ। ਸਮਝਣ ਵਿੱਚ ਕੋਈ ਗਲਤੀ ਨਾ ਕਰੋ। ਪਵਿੱਤਰ ਆਤਮਾ ਇਸ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਵਿਅਕਤੀ ਹੈ!

*ਯੂਹੰਨਾ 14:26 ਪਰ ਸਹਾਇਕ, ਪਵਿੱਤਰ ਆਤਮਾ ਹੈ, ਜਿਸਨੂੰ ਪਿਤਾ, ਮੇਰੇ ਨਾਮ ਵਿੱਚ ਭੇਜੇਗਾ। ਉਹ ਤੁਹਾਨੂੰ ਸਭ ਕੁਝ ਸਿਖਾਏਗਾ, ਅਤੇ ਉਹ ਤੁਹਾਨੂੰ ਉਹ ਸਭ ਕੁਝ ਚੇਤੇ ਕਰਾਵੇਗਾ ਜੋ ਮੈਂ ਤੁਹਾਨੂੰ ਦੱਸਿਆ ਹੈ।*

ਯਿਸੂ ਇਸ ਆਇਤ ਵਿੱਚ ਸਿਖਾ ਰਿਹਾ ਹੈ ਕਿ ਉਸ ਤੋਂ ਬਾਅਦ ਉਨ੍ਹਾਂ ਦਾ ਇੱਕ ਨਵਾਂ ਅਧਿਆਪਕ ਹੋਵੇਗਾ, ਅਤੇ ਇਹ ਅਧਿਆਪਕ ਉਨ੍ਹਾਂ ਨੂੰ ਸਭ ਕੁਝ ਸਿਖਾਏਗਾ। ਜਦੋਂ ਯਿਸੂ ਇਸ ਧਰਤੀ ਉੱਤੇ ਸੀ, ਤਾਂ ਉਸ ਦੇ ਚੇਲਿਆਂ ਨੇ ਉਸ ਤੋਂ ਸਿੱਖਿਆ। ਪਰ ਅਸਲ ਵਿੱਚ ਯਿਸੂ ਆਪ ਕਿਸੇ ਨੂੰ ਨਹੀਂ ਸਿਖਾਉਦਾ ਸੀ , ਪਰ ਪਵਿੱਤਰ ਆਤਮਾ ਦੁਆਰਾ ਸਿਖਾਉਦਾਂ ਸੀ (ਰਸੂਲਾਂ ਦੇ ਕਰਤੱਬ 1:2)। ਇੱਕ ਸਮਾਂ ਆਉਣ ਵਾਲਾ ਸੀ ਜਦੋਂ ਚੇਲੇ ਯਿਸੂ ਤੋਂ ਹੋਰ ਗੱਲਾਂ ਨਹੀ ਸਿੱਖ ਸਕਦੇ ਸੀ , ਕਿਉਂਕਿ ਯਿਸੂ ਦੀ ਥਾਂ ਇੱਕ ਹੋਰ ਅਧਿਆਪਕ ਆਉਣ ਵਾਲਾ ਸੀ, ਅਤੇ ਹੁਣ ਉਹ ਸਾਰੇ ਪਵਿੱਤਰ ਆਤਮਾ ਤੋਂ ਸਿੱਖਣਗੇ (1ਯੂਹੰਨਾ  2:27)। ਕੀ ਤੁਸੀਂ ਜਾਣਦੇ ਹੋ ਕਿ ਪਵਿੱਤਰ ਆਤਮਾ ਹੀ ਸਾਨੂੰ ਸਭ ਕੁਝ ਸਿਖਾਉਂਦਾ ਹੈ? ਅਸੀਂ ਯਿਸੂ ਦੇ ਨਾਮ ਵਿੱਚ ਪਿਤਾ ਤੋਂ ਬੁੱਧੀ ਅਤੇ ਸਮਝ ਲਈ ਬੇਨਤੀ ਕਰਦੇ ਹਾਂ, ਪਰ ਪਿਤਾ ਸਾਨੂੰ ਖੁਦ ਨਹੀਂ ਸਿਖਾਉਂਦਾ, ਪਰ ਉਹ ਆਪਣਾ ਆਤਮਾ ਭੇਜਦਾ ਹੈ (ਅਫ਼ਸੀਆਂ 1:16-18) ਅਤੇ ਪਵਿੱਤਰ ਆਤਮਾ ਸਾਨੂੰ ਸਿਖਾਉਂਦਾ ਹੈ ਅਤੇ ਪ੍ਰਕਾਸ਼ਨ ਦਿੰਦਾ ਹੈ।

ਜਦੋਂ ਵੀ ਮੈਨੂੰ ਕੁਝ ਸਮਝਣ ਅਤੇ ਸਿੱਖਣ ਦੀ ਲੋੜ ਹੋਵੇ, ਜਾਂ ਮੈਨੂੰ ਬਾਈਬਲ ਨੂੰ ਸਮਝਣ ਵਿਚ ਮਦਦ ਦੀ ਲੋੜ ਹੋਵੇ ਤਾਂ ਮੈਂ ਕੀ ਕਰਦਾ ਹਾਂ? ਮੈਂ ਯਿਸੂ ਦੇ ਸ਼ਬਦਾਂ ਤੇ ਵਿਸ਼ਵਾਸ ਕਰਦਾ ਹਾਂ ਕਿ ਸਿਖਿੱਅਕ, ਪਵਿੱਤਰ ਆਤਮਾ, ਮੇਰੇ ਨਾਲ ਹੈ। ਮੈਂ ਆਪਣਾ ਧਿਆਨ ਪਵਿੱਤਰ ਆਤਮਾ ਵੱਲ ਮੋੜਦਾ ਹਾਂ ਅਤੇ ਉਸਨੂੰ ਆਪਣੇ ਕੋਲ ਬੁਲਾ ਲੈਂਦਾ ਹਾਂ। ਫਿਰ ਮੈਂ ਤੁਹਾਨੂੰ ਸਵਾਲ ਪੁੱਛਦਾ ਹਾਂ। ਕੀ ਪਵਿੱਤਰ ਆਤਮਾ ਨਾਲ ਤੁਹਾਡਾ ਰਿਸ਼ਤਾ ਇਹੀ ਹੈ? ਕੀ ਤੁਹਾਨੂੰ ਯਕੀਨ ਹੈ ਕਿ ਉਹ ਤੁਹਾਡੇ ਨਾਲ ਹੈ ਅਤੇ ਸਿਖਾਉਣ ਲਈ ਬਿਲਕੁਲ ਤਿਆਰ ਹੈ? ਜੇ ਨਹੀਂ, ਤਾਂ ਹੁਣ ਵਿਸ਼ਵਾਸ ਕਰੋ।

*ਯੂਹੰਨਾ 15:26-27 ਮੈਂ ਤੁਹਾਨੂੰ ਪਿਤਾ ਵੱਲੋਂ ਸਹਾਇਕ ਭੇਜਾਂਗਾ। ਉਹ ਸਹਾਇਕ ਸੱਚ ਦਾ ਆਤਮਾ ਹੈ ਜੋਂ ਪਿਤਾ ਕੋਲੋਂ ਆਉਂਦਾ ਹੈ। ਜਦੋਂ ਉਹ ਆਵੇਗਾ ਤਾਂ ਉਹ ਮੇਰੇ ਹੱਕ ਵਿੱਚ ਗਵਾਹੀ ਦੇਵੇਗਾ। ਅਤੇ ਤੁਸੀਂ ਵੀ ਮੇਰੇ ਗਵਾਹ ਹੋਵੋਗੇ ਕਿਉਂਕਿ ਤੁਸੀਂ ਸ਼ੁਰੂ ਤੋਂ ਮੇਰੇ ਨਾਲ ਹੋ।*

*ਰਸੂਲਾਂ ਦੇ ਕਰਤੱਬ 1:8 ਪਰ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤੁਸੀਂ ਸ਼ਕਤੀ ਪਾਓਗੇ ਅਤੇ ਤੁਸੀਂ ਯਰੂਸ਼ਲਮ ਵਿੱਚ ਅਤੇ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਅਤੇ ਧਰਤੀ ਦੀਆਂ ਹੱਦਾਂ ਤੱਕ ਮੇਰੇ ਗਵਾਹ ਹੋਵੋਗੇ।*

*ਰਸੂਲਾਂ ਦੇ ਕਰਤੱਬ 5:32 ਅਸੀਂ ਇਨ੍ਹਾਂ ਗੱਲਾਂ ਦੇ ਗਵਾਹ ਹਾਂ ਅਤੇ ਪਵਿੱਤਰ ਆਤਮਾ ਵੀ, ਜੋ ਪਰਮੇਸੁਰ ਨੇ ਆਪਣੇ ਮੰਨਣ ਵਾਲਿਆਂ ਨੂੰ ਬਖ਼ਸ਼ਿਆ ਹੈ।*

ਪਵਿੱਤਰ ਸ਼ਾਸਤਰ ਦੇ ਅਨੁਸਾਰ, ਨਵੇਂ ਨੇਮ ਵਿੱਚ ਸਿਰਫ਼ ਦੋ ਤਰ੍ਹਾਂ ਦੇ ਗਵਾਹ ਹਨ ਜੋ ਯਿਸੂ ਦੀ ਗਵਾਹੀ ਦਿੰਦੇ ਹਨ ਪਵਿੱਤਰ ਆਤਮਾ ਅਤੇ ਅਸੀ। ਸਾਨੂੰ ਦੋਵਾਂ ਨੂੰ ਯਿਸੂ ਦੇ ਜੀਵਨ, ਮੌਤ ਅਤੇ ਪੁਨਰ-ਉਥਾਨ ਲਈ ਇਕੱਠੇ ਗਵਾਹੀ ਦੇਣ ਲਈ ਬੁਲਾਇਆ ਗਿਆ ਹੈ। ਪਵਿੱਤਰ ਆਤਮਾ ਦਾ ਇਸ ਧਰਤੀ ਉੱਤੇ ਹੋਣ ਦਾ ਕਾਰਨ ਸਾਡੇ ਨਾਲ ਖੁਸ਼ਖਬਰੀ ਦਾ ਗਵਾਹ ਬਣਨਾ ਹੈ। ਉਹ ਇਸ ਮੁਬਾਰਕ ਕੰਮ ਵਿੱਚ ਸਾਡਾ ਭਾਈਵਾਲ ਹੈ। ਅਸੀਂ ਇਸ ਬਾਰੇ ਚੌਥੇ ਅਧਿਆਇ ਵਿਚ ਹੋਰ ਸਿੱਖਾਂਗੇ।

*ਯੂਹੰਨਾ 16:13 ਪਰ ਜਦੋਂ ਸਚਿਆਈ ਦਾ ਆਤਮਾ ਆਵੇਗਾ, ਉਹ ਸਾਰੇ ਸੱਚ ਵਿੱਚ ਤੁਹਾਡੀ ਅਗਵਾਈ ਕਰੇਗਾ। ਆਤਮਾ ਆਪਣੇ ਸ਼ਬਦ ਨਹੀਂ ਬੋਲੇਗਾ। ਉਹ ਉਹੀ ਦੱਸੇਗਾ ਜੋ ਉਹ ਸੁਣੇਗਾ ਅਤੇ ਉਹ ਤੁਹਾਨੂੰ ਦੱਸੇਗਾ ਕਿ ਕੀ ਹੋਣ ਵਾਲਾ ਹੈ।*

ਪਵਿੱਤਰ ਆਤਮਾ ਪਰਮੇਸੁਰ ਦੇ ਲੋਕਾਂ ਦਾ ਮਾਰਗ ਦਰਸ਼ਕ ਹੈ। ਉਹ ਇਕ ਵਫ਼ਾਦਾਰ ਚਰਵਾਹੇ ਵਾਂਗ ਹੈ ਜੋ ਆਪਣੇ ਲੋਕਾਂ ਦੀ ਸੱਚਾਈ ਵਿਚ ਅਗਵਾਈ ਕਰਦਾ ਹੈ। ਉਹ ਸਾਨੂੰ ਕਦੇ ਵੀ ਗਲਤ ਰਸਤੇ 'ਤੇ ਨਹੀਂ ਲੈ ਜਾਵੇਗਾ।

ਪਵਿੱਤਰ ਆਤਮਾ ਯਿਸੂ ਦਾ ਮਾਰਗਦਰਸ਼ਕ ਵੀ ਸੀ (ਮੱਤੀ 4:1, ਲੂਕਾ 4:1)। ਜੇਕਰ ਅਸੀਂ ਪਰਮੇਸੁਰ ਦੀ ਸੰਤਾਨ ਵਜੋਂ ਆਪਣੀ ਪਛਾਣ ਲਈ ਜੀਣਾ ਚਾਹੁੰਦੇ ਹਾਂ, ਤਾਂ ਸਾਨੂੰ ਸਾਡੀ ਅਗਵਾਈ ਕਰਨ ਲਈ ਪਵਿੱਤਰ ਆਤਮਾ ਦੀ ਲੋੜ ਹੈ (ਰੋਮੀਆਂ 8:14, ਗਲਾਤੀਆਂ 5:18)। ਸਾਡੇ ਜੀਵਨ ਦੇ ਹਰ ਹਿੱਸੇ ਵਿੱਚ ਪਵਿੱਤਰ ਆਤਮਾ ਸਾਡੇ ਨਾਲ ਗੱਲ ਕਰਦਾ ਹੈ, ਸਾਡੀ ਅਗਵਾਈ ਕਰਦਾ ਹੈ, ਅਤੇ ਭਵਿੱਖ ਬਾਰੇ ਦੱਸਦਾ ਹੈ, ਤਾਂ ਜੋ ਪਰਮੇਸੁਰ ਦੀ ਇੱਛਾ ਪੂਰੀ ਹੋ ਸਕੇ।

ਜਦੋਂ ਵੀ ਮੈਨੂੰ ਮੇਰੇ ਜੀਵਨ ਵਿੱਚ ਲੀਡਰਸ਼ੀਪ ਜਾਂ ਕਿਸੇ ਫੈਸਲੇ ਦੀ ਲੋੜ ਹੁੰਦੀ ਹੈ, ਮੈਂ ਉਸ ਕੀਮਤੀ ਮਾਰਗਦਰਸ਼ਕ ਵੱਲ ਵੇਖਦਾ ਹਾਂ ਜੋ ਪਰਮੇਸੁਰ ਨੇ ਮੈਨੂੰ ਦਿੱਤਾ ਹੈ। ਮੈਂ ਉਸਨੂੰ ਇੱਕ ਤਜਰਬੇਕਾਰ ਵਿਅਕਤੀ ਵਜੋਂ ਆਉਣ ਅਤੇ ਮੇਰੀ ਅਗਵਾਈ ਕਰਨ ਲਈ ਬੁਲਾਉਂਦਾ ਹਾਂ। ਕੀ ਤੁਸੀਂ ਜਾਣਦੇ ਹੋ ਕਿ ਉਹ ਤੁਹਾਡੇ ਨਾਲ ਬਹੁਤ ਖੁਸ਼ੀ ਨਾਲ ਗੱਲ ਕਰਨਾ ਚਾਹੁੰਦਾ ਹੈ?

*ਯੂਹੰਨਾ 16:14 ਸਚਿੱਆਈ ਦਾ ਆਤਮਾ ਮੈਨੂੰ ਵਡਿਆਈ ਦੇਵੇਗਾ। ਕਿਉਂਕਿ ਉਹ ਮੇਰੀਆਂ ਗੱਲਾਂ ਹੀ ਤੁਹਾਨੂੰ ਦੱਸੇਗਾ।*

ਮੈਂ ਇਹ ਸੁਣਿਆ, "ਜੇ ਅਸੀਂ ਪਵਿੱਤਰ ਆਤਮਾ ਉੱਤੇ ਜਿਆਦਾ ਧਿਆਨ ਦੇਈਏ, ਤਾਂ ਅਸੀਂ ਯਿਸੂ ਅਤੇ ਪਿਤਾ ਦੀ ਅਰਾਧਨਾ ਕਰਨੀ ਭੁੱਲ ਜਾਵਾਂਗੇ!" ਬਾਈਬਲ ਸਾਨੂੰ ਦੱਸਦੀ ਹੈ ਕਿ ਜੇ ਅਸੀਂ ਪਵਿੱਤਰ ਆਤਮਾ ਨੂੰ ਡੂੰਘਾਈ ਨਾਲ ਜਾਣਦੇ ਹਾਂ ਤਾਂ ਕੀ ਹੋਵੇਗਾ? ਉਹ ਸਾਨੂੰ ਯਿਸੂ ਦੀ ਮਹਿਮਾ ਕਰਨ ਲਈ ਪ੍ਰੇਰਿਤ ਕਰੇਗਾ। ਪਵਿੱਤਰ ਆਤਮਾ ਤੋਂ ਬਿਹਤਰ ਕੋਈ ਵੀ ਯਿਸੂ ਨੂੰ ਨਹੀਂ ਜਾਣ ਸਕਦਾ ਹੈ। ਕੋਈ ਵੀ ਯਿਸੂ ਤੋਂ ਵੱਧ ਪਵਿੱਤਰ ਆਤਮਾ ਦੀ ਮਹਿਮਾ ਨਹੀਂ ਕਰ ਸਕਦਾ। ਯਿਸੂ ਨੇ ਆਪ ਕਿਹਾ ਕਿ ਕੋਈ ਵੀ ਆਤਮਾ ਅਤੇ ਸੱਚਾਈ ਤੋਂ ਬਿਨਾਂ ਪਰਮੇਸੁਰ ਦੀ ਉਪਾਸਨਾ ਨਹੀਂ ਕਰ ਸਕਦਾ (ਯੂਹੰਨਾ 4:24) ਸੱਚਾਈ ਦਾ ਆਤਮਾ ਕੌਣ ਹੈ? ਪਵਿੱਤਰ ਆਤਮਾ।ਜਦੋਂ ਵੀ ਅਸੀਂ ਸਭਾ ਵਿੱਚ ਹੁੰਦੇ ਹਾਂ ਜਾਂ ਇੱਕਲੇ ਹੁੰਦੇ ਹਾਂ ਤਾਂ ਸਾਨੂੰ ਯਿਸੂ ਅਤੇ ਪਿਤਾ ਦੀ ਉਪਾਸਨਾ ਕਰਨ ਲਈ ਪਵਿੱਤਰ ਆਤਮਾ ਦੀ ਮਦਦ ਮੰਗਣੀ ਚਾਹੀਦੀ ਹੈ। ਸਾਨੂੰ ਸਿਰਫ਼ ਪਰੰਪਰਾ ਦੇ ਸ਼ਬਦਾਂ ਵਿੱਚ ਨਹੀਂ, ਪਰ ਆਤਮਾ ਦੇ ਪ੍ਰਕਾਸ਼ਨ ਦੁਆਰਾ ਸੱਚਾਈ ਅਨੁਸਾਰ ਅਰਾਧਨਾ ਕਰਨੀ ਚਾਹੀਦੀ ਹੈ।

*ਰੋਮੀਆਂ 5:5 ਅਤੇ ਆਸ ਸ਼ਰਮਿੰਦਿਆ ਨਹੀਂ ਕਰਦੀ ਇਸ ਲਈ ਜੋ ਪਰਮੇਸ਼ਰ ਦਾ ਪਿਆਰ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਦਾ ਗਿਆ ਸਾਡਿਆਂ ਦਿਲਾਂ ਵਿੱਚ ਪਾਇਆ ਹੋਇਆ ਹੈ।*

*1 ਕੁਰਿੰਥੀਆਂ 2:9-12 ਪਰ ਜਿਵੇਂ ਲਿਖਿਆ ਹੋਇਆ ਹੈ, ਉਹੀ ਵਸਤਾਂ ਨਾਂ ਅੱਖੀਂ ਵੇਖੀਆਂ, ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ਰ ਨੇ ਆਪਣੇ ਪਿਆਰ ਕਰਨ ਵਾਲਿਆਂ ਲਈ ਤਿਆਰ ਕੀਤੀਆਂ ਹਨ।" ਉਹਨਾਂ ਨੂੰ ਪਰਮੇਸੁਰ ਨੇ ਆਪਣੇ ਆਤਮਾ ਦੁਆਰਾ ਸਾਡੇ ਉੱਤੇ ਪ੍ਰਗਟ ਕੀਤਾ ਹੈ, ਕਿਉਂਕਿ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ। ਮਨੁੱਖਾਂ*

*ਦੇ ਆਤਮਾ ਤੋਂ ਬਿਨ੍ਹਾਂ ਜੋ ਉਹ ਦੇ ਅੰਦਰ ਹੈ, ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ? ਇਸੇ ਤਰ੍ਹਾਂ, ਪ੍ਰਮੇਸ਼ਵਰ ਦੇ ਆਤਮਾ ਤੋਂ ਬਿਨਾਂ ਕੋਈ ਵੀ ਪਰਮੇਸੁਰ ਦੀਆਂ ਗੱਲਾਂ ਨੂੰ ਨਹੀਂ ਜਾਣਦਾ। ਪਰ ਸਾਨੂੰ ਸੰਸਾਰ ਦਾ ਆਤਮਾ ਨਹੀਂ ਮਿਲਿਆ, ਸਗੋਂ ਸਾਨੂੰ ਉਹ ਆਤਮਾ ਮਿਲਿਆ ਹੈ ਜੋ ਪਰਮੇਸੁਰ ਵੱਲੋਂ ਹੈ, ਤਾਂ ਜੋ ਅਸੀਂ ਉਨ੍ਹਾਂ ਗੱਲਾਂ ਨੂੰ ਜਾਣੀਏ ਜਿਹੜੀਆਂ ਪਰਮੇਸੁਰ ਨੇ ਸਾਨੂੰ ਬਖ਼ਸ਼ੀਆਂ ਹਨ।*

ਕੁਝ ਖਾਸ ਹਾਲਾਤਾਂ ਨੂੰ ਛੱਡ ਕੇ, ਜਿਵੇਂ ਕਿ ਪਹਾੜ ’ਤੇ ਚੇਲਿਆਂ ਦਾ ਅਨੁਭਵ (ਮੱਤੀ 17) ਜਾਂ ਪੌਲੁਸ ਦਾ ਦਮਿਸ਼ਕ ਦੇ ਰਸਤੇ ’ਤੇ ਅਨੁਭਵ (ਰਸੂਲਾਂ ਦੇ ਕਰਤੱਬ 9), ਪਿਤਾ ਪਰਮੇਸੁਰ ਅਤੇ ਯਿਸੂ ਦੇ ਸਾਰੇ ਪ੍ਰਕਾਸ਼ਨ ਅਤੇ ਅਨੁਭਵ ਸਾਨੂੰ ਪਵਿੱਤਰ ਦੁਆਰਾ ਹੀ ਮਿਲੇ ਹਨ। ਅਸੀਂ ਪਰਮੇਸੁਰ ਅਤੇ ਉਸਦੇ ਪਿਆਰ ਦਾ ਅਨੁਭਵ ਕਿਵੇਂ ਕਰਦੇ ਹਾਂ? ਪਵਿੱਤਰ ਆਤਮਾ ਹੀ ਸਾਨੂੰ ਪਿਤਾ ਦਾ ਪਿਆਰ ਅਤੇ ਆਵਾਜ਼ ਨੂੰ ਸਮਝਾਉਂਦਾ ਹੈ। ਪਵਿੱਤਰ ਆਤਮਾ ਸਾਡੀਆਂ ਭਾਵਨਾਵਾਂ ਵਿੱਚ ਯਿਸੂ ਦੀ ਮੌਜੂਦਗੀ ਨੂੰ ਪ੍ਰਗਟ ਕਰਦੀ ਹੈ। ਪਵਿੱਤਰ ਆਤਮਾ ਪਰਮੇਸੁਰ ਨੂੰ ਪ੍ਰਗਟ ਕਰਨ ਵਾਲਾ ਹੈ। ਪਵਿੱਤਰ ਸ਼ਾਸਤਰ ਸਾਨੂੰ ਦੱਸਦਾ ਹੈ, ਕਿ ਪਵਿੱਤਰ ਆਤਮਾ, ਪਿਤਾ ਦੇ ਦਿਲ ਦੀ ਖੋਜ ਕਰਦੀ ਹੈ, ਉਸਦੇ ਵਿਚਾਰਾਂ, ਭਾਵਨਾਵਾਂ ਅਤੇ ਪਿਆਰ ਦੀਆਂ ਡੂੰਘੀਆਂ ਚੀਜ਼ਾਂ ਨੂੰ ਖੋਜਦਾ ਹੈ ਅਤੇ ਉਹਨਾਂ ਨੂੰ ਸਾਡੇ ਉੱਤੇ ਪ੍ਰਗਟ ਕਰਦੀ ਹੈ। ਪਵਿੱਤਰ ਆਤਮਾ ਨਾ ਸਿਰਫ਼ ਪਰਮੇਸੁਰ ਦੇ ਦਿਲ ਦੀਆਂ ਗੱਲਾਂ ਦੀ ਵਿਆਖਿਆ ਕਰਦਾ ਹੈ, ਸਗੋਂ ਸਾਡੇ ਤੇ ਉਹ ਸਭ ਕੁਝ ਵੀ ਪ੍ਰਗਟ ਕਰਦਾ ਹੈ ਜੋ ਪਰਮੇਸੁਰ ਨੇ ਸਾਨੂੰ ਦਿੱਤਾ ਹੈ। ਸਵਰਗ ਵਿੱਚ ਸਾਡੇ ਲਈ ਬਹੁਤ ਸਾਰੀਆਂ ਚੀਜ਼ਾਂ ਸਟੋਰ ਹਨ, ਜਿਵੇਂ ਕਿ ਸ਼ਾਂਤੀ, ਚੰਗਾਈ, ਮੁਕਤੀ, ਅਨੰਦ, ਆਦਿ (ਅਫ਼ਸੀਆਂ 1:3)। ਅਸੀਂ ਉਨ੍ਹਾਂ ਬਰਕਤਾਂ ਨੂੰ ਕਿਵੇਂ ਜਾਣ ਸਕਦੇ ਹਾਂ ਤਾਂ ਜੋ ਅਸੀਂ ਉਨ੍ਹਾਂ ਨੂੰ ਪ੍ਰਾਪਤ ਕਰ ਸਕੀਏ? ਕੇਵਲ ਪਵਿੱਤਰ ਆਤਮਾ ਦੁਆਰਾ। ਕੀ ਤੁਸੀਂ ਸਮਝਦੇ ਹੋ ਕਿ ਉਹ ਕਿੰਨਾ ਕੀਮਤੀ ਹੈ? ਇਸ ਵਿਸ਼ੇਸ਼ ਸੇਵਕਾਈ ਤੋਂ ਬਿਨਾਂ ਅਸੀਂ ਆਤਮਿਕ ਵਾਤਾਵਰਣ ਵਿੱਚ ਅੰਨ੍ਹੇ ਅਤੇ ਬੋਲੇ ਹਾਂ। ਪਵਿੱਤਰ ਆਤਮਾ ਦੀ ਅਨਮੋਲ ਕਿਰਪਾ ਤੋਂ ਬਿਨਾਂ ਅਸੀਂ ਆਤਮਿਕ ਕੋੜ੍ਹੀ ਵਰਗੇ ਹਾਂ ਜੋ ਮਹਿਸੂਸ ਨਹੀਂ ਕਰ ਸਕਦੇ।

*1 ਕੁਰਿੰਥੀਆਂ 6:19 ਕੀ ਤੁਸੀਂ ਇਹ ਨਹੀਂ ਜਾਣਦੇ ਕਿ ਤੁਹਾਡਾ ਸਰੀਰ ਤੁਹਾਡੇ ਅੰਦਰ ਪਵਿੱਤਰ ਆਤਮਾ ਦਾ ਮੰਦਰ ਹੈ, ਜੋ ਤੁਹਾਨੂੰ ਪਰਮੇਸੁਰ ਵੱਲੋਂ ਮਿਲਿਆ ਹੈ? ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ?*

*ਯਾਕੂਬ 4:4-5 ਹੇ ਹਰਾਮਕਾਰੋ, ਕੀ ਤੁਸੀਂ ਨਹੀਂ ਜਾਣਦੇ ਕਿ ਸੰਸਾਰ ਨਾਲ ਮਿੱਤਰਤਾ ਕਰਨੀ ਪਰਮੇਸੁਰ ਨਾਲ ਵੈਰ ਕਰਨਾ ਹੈ? ਇਸ ਲਈ, ਜੋ ਕੋਈ ਸੰਸਾਰ ਦਾ ਮਿੱਤਰ ਹੋਣਾ ਚਾਹੁੰਦਾ ਹੈ, ਉਹ ਆਪਣੇ ਆਪ ਨੂੰ ਪਰਮੇਸ਼ਵਰ ਦਾ ਵੈਰੀ ਬਣਾਉਂਦਾ ਹੈ। ਕੀ ਤੁਸੀਂ ਸੋਚਦੇ ਹੋ ਕਿ ਪਵਿੱਤਰ ਸ਼ਾਸਤਰ ਵਿਅਰਥ ਕਹਿੰਦਾ ਹੈ? ਕਿ ਜਿਸ ਆਤਮਾ ਨੂੰ ਉਸ ਨੇ ਸਾਡੇ ਵਿੱਚ ਵਸਾਇਆ ਹੈ, ਕੀ ਉਹ ਅਜਿਹੀ ਲਾਲਸਾ ਕਰਦਾ ਹੈ, ਜਿਸ ਦਾ ਫਲ ਈਰਖਾ ਹੋਵੇ?*

ਅਸੀਂ ਪਵਿੱਤਰ ਆਤਮਾ ਦਾ ਮੰਦਰ ਹਾਂ। ਉਹ ਸਾਡੇ ਇੰਨਾ ਨੇੜੇ ਹੋਣਾ ਚਾਹੁੰਦਾ ਹੈ ਕਿ ਉਸਨੇ ਸਾਡੇ ਅੰਦਰ ਰਹਿਣ ਦਾ ਫੈਸਲਾ ਕੀਤਾ। ਨੇੜਤਾ ਕਿੰਨੀ ਡੂੰਘੀ ਹੋ ਸਕਦੀ ਹੈ? ਵਿਆਹ ਦੋਸਤੀ ਨਾਲੋਂ ਵੱਧ ਹੈ ਕਿਉਂਕਿ ਪਤੀ-ਪਤਨੀ ਵਿਚਕਾਰ ਖਾਸ ਨੇੜਤਾ ਹੁੰਦੀ ਹੈ। ਪਰ ਪਵਿੱਤਰ ਆਤਮਾ ਇਸ ਤੋਂ ਵੀ ਡੂੰਘੇ ਸਥਾਨ ਵਿੱਚ ਰਹਿੰਦਾ ਹੈ। ਉਹ ਸਾਡੀ ਹੋਂਦ ਦੇ ਕੇਂਦਰ ਵਿੱਚ ਰਹਿੰਦਾ ਹੈ। ਸਾਡਾ ਸਰੀਰ ਉਸਦਾ ਮੰਦਰ ਹੈ, ਅਤੇ ਸਾਡੀ ਆਤਮਾ ਉਸਦੀ ਮੌਜੂਦਗੀ ਦੀ ਸੇਵਾ ਕਰਦੀ ਹੈ ਜੋ ਸਾਡੇ ਸਰੀਰ ਦੇ ਅੰਦਰ ਵੱਸਦੀ ਹੈ। ਪਵਿੱਤਰ ਆਤਮਾ ਇੱਕ ਈਰਖਾਲੂ ਪ੍ਰੇਮੀ ਹੈ ਜੋ ਸਾਡੇ ਧਿਆਨ, ਪਿਆਰ, ਅਤੇ ਦਿਲਾਂ ਨੂੰ ਲੋਚਦਾ ਹੈ (ਕੂਚ 34:14)।

ਜਦੋਂ ਮੈਂ ਪ੍ਰਾਰਥਨਾ ਕਰਦਾ ਹਾਂ, ਮੈਂ ਆਪਣੀ ਛਾਤੀ ਤੇ ਅਤੇ ਆਪਣੇ ਅੰਦਰ ਉਸਦੀ ਮੌਜੂਦਗੀ ਮਹਿਸੂਸ ਕਰਦਾ ਹਾਂ । ਕਈ ਵਾਰ ਉਸਦੀ ਮੌਜੂਦਗੀ ਬਹੁਤ ਭਾਰੀ ਹੁੰਦੀ ਹੈ ਅਤੇ ਮੈਂ ਉਸਨੂੰ ਖੁਸ਼ੀ ਨਾਲ ਮਹਿਸੂਸ ਕਰਦਾ ਹਾਂ। ਇਹ ਨੇੜਤਾ ਅਤੇ ਖੁਸ਼ੀ ਵਰਣਨ ਤੋਂ ਪਰੇ ਹੈ। ਅਜਿਹੇ ਸਮੇਂ ਮੈਨੂੰ ਪਤਾ ਲੱਗਦਾ ਹੈ ਕਿ ਪਵਿੱਤਰ ਆਤਮਾ ਮੇਰੇ ਜੀਵਨ ਵਿੱਚ ਸਭ ਤੋਂ ਨੇੜੇ ਹੈ। ਕੀ ਤੁਸੀਂ ਕਦੇ ਵੀ ਉਸਨੂੰ ਇਸ ਤਰ੍ਹਾਂ ਅਨੁਭਵ ਕੀਤਾ ਹੈ? ਕੀ ਤੁਸੀਂ ਉਸਦੇ ਈਰਖਾਲੂ ਪਿਆਰ ਨੂੰ ਮਹਿਸੂਸ ਕੀਤਾ ਜੋ ਤੁਹਾਡੇ ਦਿਲ, ਪਿਆਰ ਅਤੇ ਧਿਆਨ ਦੀ ਖੋਜ਼ ਕਰ ਰਿਹਾ ਹੈ? ਇਸ ਅਧਿਆਇ ਨੂੰ ਜਲਦੀ ਨਾ ਪੜ੍ਹੋ, ਪਰ ਹਰੇਕ ਆਇਤ ਦਾ ਅਨੁਭਵ ਕਰੋ ਅਤੇ ਪ੍ਰਕਾਸ਼ਨ ਲੱਭੋ। ਇੱਕ ਸ਼ਾਂਤ ਸਥਾਨ ਤੇ ਜਾਓ ਅਤੇ ਪਵਿੱਤਰ ਆਤਮਾ ਤੇ ਧਿਆਨ ਲਗਾ ਕੇ ਹੌਲੀ ਹੌਲੀ ਪ੍ਰਾਰਥਨਾ ਕਰੋ...

''ਪਵਿੱਤਰ ਆਤਮਾ, ਤੁਸੀਂ ਮੇਰੇ ਪ੍ਰੇਮੀ, ਮੇਰਾ ਈਰਖਾਲੂ ਪ੍ਰੇਮੀ ਹੋ ਜੋ ਮੇਰੇ ਪਿਆਰ ਅਤੇ ਧਿਆਨ ਲਈ ਤਰਸਦਾ ਹੈ। ਮੈਂ ਇਸ ਸਮੇਂ ਤੇਰੇ ਉਪਰ ਧਿਆਨ ਕਰਦਾ ਹਾਂ ਕਿਉਂਕਿ ਮੈਂ ਤੁਹਾਡੇ ਪਿਆਰ ਲਈ ਤਰਸਦਾ ਹਾਂ। ਮੈਂ ਤੁਹਾਡਾ ਮੰਦਰ ਹਾਂ ਅਤੇ ਤੁਸੀਂ ਮੇਰੇ ਵਿੱਚ ਰਹਿੰਦੇ ਹੋ। ਤੁਹਾਡੀ ਮੌਜੂਦਗੀ ਅਤੇ ਆਪਣੀ ਸ਼ਖਸੀਅਤ ਨੂੰ ਅਨੁਭਵੀ ਤੌਰ 'ਤੇ ਮੇਰੇ ਤੇ ਪ੍ਰਗਟ ਕਰੋ। ਮੈਂ ਤੁਹਾਨੂੰ ਪਿਆਰ ਕਰਨਾ ਚਾਹੁੰਦਾ ਹਾਂ ਅਤੇ ਤੁਹਾਨੂੰ ਅਨੁਭਵ ਕਰਨਾ ਚਾਹੁੰਦਾ ਹਾਂ, ਮੇਰੇ ਪਿਆਰੇ ਪਵਿੱਤਰ ਆਤਮਾ, ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਪਵਿੱਤਰ ਆਤਮਾ, ਤੁਸੀਂ ਮੇਰੇ ਲਈ ਸਭ ਕੁਝ ਹੋ। ਉਸ ਦੀ ਹਜ਼ੂਰੀ ਵਿੱਚ ਸਮਾਂ ਬਤੀਤ ਕਰੋ।

ਇਨ੍ਹਾਂ ਬਚਨਾ ਦਾ ਮਨੰਨ ਕਰਨ ਨਾਲ ਸਾਡੇ ਦਿਲਾਂ ਵਿਚ ਪਿਆਰ ਪੈਦਾ ਹੋਵੇਗਾ। ਅਸੀਂ ਪਿਆਰ ਪ੍ਰਾਪਤ ਕਰਨ ਤੋਂ ਬਾਅਦ ਹੀ ਦੂਜਿਆਂ ਨੂੰ ਪਿਆਰ ਕਰ ਸਕਦੇ ਹਾਂ (1 ਯੂਹੰਨਾ 4:19)। ਇਸ ਲਈ ਇਨ੍ਹਾਂ ਗੱਲਾਂ ਦਾ ਮਨਨ ਕਰਨ ਨਾਲ ਹੀ ਅਸੀਂ ਇਸ ਦੀ ਕੀਮਤ ਨੂੰ ਸਮਝ ਸਕਾਂਗੇ। ਯਾਦ ਰੱਖੋ ਕਿ ਉਹ ਤੁਹਾਡਾ ਪ੍ਰੇਮੀ ਹੈ, ਤੁਹਾਡਾ ਸਭ ਤੋਂ ਨਜ਼ਦੀਕੀ ਸਾਥੀ ਹੈ ਅਤੇ ਜੋ ਪੂਰੀ ਤਰ੍ਹਾਂ ਇਸ ਸਮੇਂ ਵੀ ਤੁਹਾਡੇ ਨਾਲ ਹੈ।

ਅਧਿਆਇ 2

# ਪਵਿੱਤਰ ਆਤਮਾ ਨਾਲ ਨੇੜਤਾ

## ਖੋਜਣ ਦਾ ਉਦੇਸ਼

ਵਿਸ਼ਵਾਸੀ ਵੱਖ-ਵੱਖ ਕਾਰਨਾਂ ਕਰਕੇ ਪਵਿੱਤਰ ਆਤਮਾ ਦੀ ਭਾਲ ਕਰਦੇ ਹਨ। ਮੁੱਖ ਕਾਰਨਾਂ ਵਿੱਚੋਂ ਇੱਕ ਸਮਰੱਥ ਪ੍ਰਾਪਤ ਕਰਨਾ ਹੈ ਜੋ ਪਵਿੱਤਰ ਆਤਮਾ ਪ੍ਰਗਟ ਕਰਦਾ ਹੈ। ਪਵਿੱਤਰ ਆਤਮਾ ਪ੍ਰਮੇਸ਼ਵਰ ਦੀ ਸਮਰੱਥ ਹੈ, ਅਤੇ ਜਦੋਂ ਉਹ ਪ੍ਰਗਟ ਹੁੰਦਾ ਹੈ ਤਾਂ ਸਭ ਤੋਂ ਅਦਭੁਤ ਚਮਤਕਾਰ ਵਾਪਰਦੇ ਹਨ, ਜਿਵੇਂ ਕਿ ਅੰਨ੍ਹੇ ਵੇਖਣਾ ਲੱਗ ਜਾਦੇ ਹਨ, ਬੋਲ਼ੇ ਸੁਣਨਾ ਲੱਗ ਜਾਦੇ ਹਨ, ਲੰਗੜੇ ਤੁਰਨਾ ਲੱਗ ਪੈਂਦੇ ਹਨ, ਦੁਸ਼ਟ ਆਤਮਾ ਨੂੰ ਬਾਹਰ ਕੱਢਿਆ ਜਾਦਾਂ ਹੈ, ਲੋਕਾਂ ਨੂੰ ਦਰਸ਼ਣ ਹੁਦੇਂ ਹਨ, ਰੋਂਦੇ ਹਨ, ਹੱਸਣਾ ਹਨ ਅਤੇ ਭਾਰੀ ਮਹਿਮਾ ਦੇ ਕਾਰਣ ਡਿੱਗਦੇ ਹਨ। ਇਹ ਸ਼ਾਨਦਾਰ ਕੰਮ ਸਭਾਵਾਂ ਵਿਚ ਬਹੁਤ ਆਨੰਦ ਅਤੇ ਮਜ਼ੇ ਲਿਆਉਂਦੇ ਹਨ! ਜਦੋਂ ਕਿਸੇ ਵੱਲੋਂ ਅਜਿਹੇ ਚਮਤਕਾਰ ਲਗਾਤਾਰ ਹੋਣੇ ਸ਼ੁਰੂ ਹੋ ਜਾਣ ਤਾਂ ਅਜਿਹਾ ਵਿਅਕਤੀ ਬਹੁਤ ਜਲਦੀ ਮਸ਼ਹੂਰ ਤਾਂ ਹੋ ਸਕਦਾ ਹੈ, ਸਗੋਂ ਫਸ ਵੀ ਸਕਦਾ ਹੈ।

ਜਿਹੜੇ ਲੋਕ ਆਪਣੀਆਂ ਸਭਾਵਾਂ ਵਿੱਚ ਅਜਿਹੇ ਚਮਤਕਾਰ ਚਾਹੁੰਦੇ ਹਨ ਉਹ ਵੀ ਪਵਿੱਤਰ ਆਤਮਾ ਦੀ ਮੰਗ ਕਰਦੇ ਹਨ, ਪਰ ਉਨ੍ਹਾਂ ਦੇ ਇਰਾਦੇ ਗਲਤ ਹਨ। ਅਜਿਹੇ ਲੋਕ ਪਰਮੇਸ਼ੁਰ ਦੀ ਮਹਿਮਾ ਨਹੀਂ ਚਾਹੁੰਦੇ, ਸਗੋਂ ਮਨੁੱਖ ਦੀ ਮਹਿਮਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਪਵਿੱਤਰ ਆਤਮਾ ਉਨ੍ਹਾਂ ਦੀਆਂ ਸਭਾਵਾਂ ਵਿੱਚ ਆਵੇ ਤਾਂ ਜੋ ਉਨ੍ਹਾਂ ਦੀ ਵਡਿਆਈ ਅਤੇ ਉਹਨਾਂ ਨੂੰ ਸਨਮਾਨ ਮਿਲਾ ਸਕੇ। ਅਜਿਹੇ ਲੋਕ ਪਵਿੱਤਰ ਆਤਮਾ ਨੂੰ ਇੱਕ ਸ਼ਕਤੀ ਦੇ ਰੂਪ ਵਿੱਚ ਦੇਖਦੇ ਹਨ ਜਿਸ ਦੁਆਰਾ ਉਨ੍ਹਾਂ ਦੀ ਸੇਵਕਾਈ ਮਹਾਨ ਬਣ ਸਕਦੀ ਹੈ। ਉਹ ਸ਼ਕਤੀ ਨਹੀਂ ਸਗੋਂ ਕੀਮਤੀ ਵਿਅਕਤੀ ਹੈ। ਜੇ ਅਸੀਂ ਅਜਿਹਾ ਕਰਦੇ ਹਾਂ, ਤਾਂ ਅਸੀਂ ਆਪਣੇ ਦਿਲਾਂ ਵਿਚ ਇਸਦੀ ਕੀਮਤ ਘਟਾ ਦਿੰਦੇ ਹਾਂ ਅਤੇ ਉਸਦਾ ਨਜਿਾਇਜ ਫਾਇਦਾ ਉਠਾਉਂਦੇ ਹਾਂ।

ਪਾਦਰੀ ਅੰਕਿਤ ਸਜਵਾਨ, ਜੋਂ ਮੇਰੇ ਚੰਗੇ ਦੋਸਤ ਅਤੇ ਖੁਸ਼ਖਬਰੀ ਵਿੱਚ ਮੇਰਾ ਸਹਿਯੋਗੀ ਹੈ, ਆਪਣੇ ਆਤਮਿਕ ਜੀਵਨ ਦੀ ਸ਼ੁਰੂਆਤ ਵਿੱਚ ਪ੍ਰਮੇਸ਼ਵਰ ਤੋਂ ਸ਼ਕਤੀ ਦੀ ਮੰਗ ਕਰ ਰਿਹਾ ਸੀ। ਇਕ ਦਿਨ ਜਦੋਂ ਉਹ ਬੜੇ ਜੋਸ਼ ਨਾਲ ਪ੍ਰਾਰਥਨਾ ਕਰ ਰਿਹਾ ਸੀ। ਉਸ ਨੇ ਆਪਣੇ ਆਤਮਿਕ ਕੰਨਾਂ ਨਾਲ ਨਹੀਂ, ਸਗੋਂ ਆਪਣੇ ਸਰੀਰਕ ਕੰਨਾਂ ਨਾਲ ਪਰਮੇਸ਼ਵਰ ਦੀ ਆਵਾਜ਼ ਸੁਣੀ, ''ਤੂੰ ਮੇਰੇ ਤੋਂ ਸ਼ਕਤੀ ਨਾ ਮੰਗ, ਕਿਉਂਕਿ ਮੈਂ ਮੂਰਖਾਂ ਨੂੰ ਸ਼ਕਤੀ ਨਾਲ ਭਰ ਦਿੱਤਾ ਹੈ। ਉਹ ਮੇਰੀ ਅਵਾਜ਼ ਕਿਵੇਂ ਸੁਣਨਗੇ ਕਿਉਂਕਿ ਉਨ੍ਹਾਂ ਨੇ ਮੇਰੇ ਪਿਆਰ ਨੂੰ ਤੁੱਛ ਸਮਝਿਆ ਹੈ? ਕੀ ਉਹ ਉਸ ਉਜਾੜੂ ਪੁੱਤਰ ਵਰਗੇ ਨਹੀਂ ਹਨ ਜੋ ਆਪਣੇ ਆਪਣੇ ਪਿਆਰ ਦਾ ਹਿੱਸਾ ਲੈ ਕੇ ਮੈਥੋਂ ਦੂਰ ਚਲੇ ਗਏ? ਕਿਉਂਕਿ ਪਿਆਰ ਤੋਂ ਬਿਨਾਂ ਤਾਂ ਸ਼ਕਤੀ ਪਤਨ ਦਾ ਕਾਰਨ ਹੈ। ਤੂੰ ਮੈਨੂੰ ਇਹ ਨਾ ਕਹੋ ਕਿ ਤੂੰ ਮੇਰਾ ਦਾਸ ਬਣਨਾ ਚਾਹੁੰਦੇ ਹੋ, ਕਿਉਂਕਿ ਮੇਰੇ ਕੋਲ ਬਹੁਤ ਸਾਰੇ ਦਾਸ ਹਨ ਪਰ ਕੁਝ ਹੀ ਦੋਸਤ ਹਨ। ਤੂੰ ਆ, ਮੇਰਾ ਦੋਸਤ ਬਣ ਜਾ।''

ਇਸ ਲਈ ਮੈਂ ਦੂਜੇ ਅਧਿਆਇ ਵਿੱਚ ਪਵਿੱਤਰ ਆਤਮਾ ਨਾਲ ਨੇੜਤਾ ਦੀ ਸਿੱਖਿਆ 'ਤੇ ਕੇਂਦਰਿਤ ਕਰਨਾ ਚਾਹੁਦਾ ਹਾਂ, ਤਾਂ ਜੋ ਅਸੀਂ ਸਿੱਖ ਸਕੀਏ ਕਿ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਸਭ ਤੋਂ ਮਹੱਤਵਪੂਰਨ ਕੀ ਹੈ।

ਮੈਂ ਸ਼ਬਦਾਂ ਵਿੱਚ ਪੂਰੀ ਤਰ੍ਹਾਂ ਇਸਨੂੰ ਨਹੀਂ ਸਮਝਾ ਸਕਦਾ ਕਿ ਇੱਕ ਵਿਸ਼ੇਸ਼ ਵਿਅਕਤੀ ਵਾਂਗ ਪਵਿੱਤਰ ਆਤਮਾ ਨੂੰ ਜਾਣਨਾ ਕਿੰਨਾ ਮਹੱਤਵਪੂਰਨ ਹੈ। ਹਾਲਾਂਕਿ ਉਹ ਕਈ ਵਾਰ ਆਪਣੇ ਕੰਮਾਂ ਵਿੱਚ ਰਹੱਸਮਈ ਹੁੰਦਾ ਹੈ, ਪਰ ਉਸਦੀ ਸ਼ਖਸੀਅਤ ਨੂੰ ਸਮਝਣਾ ਕਾਫ਼ੀ ਆਸਾਨ ਹੁੰਦਾ ਹੈ। ਕਿਉਂਕਿ ਅਸੀਂ ਉਸਦੇ ਸਰੂਪ ਵਿੱਚ ਬਣਾਏ ਗਏ ਹਾਂ, ਉਸਦੀ ਸ਼ਖਸੀਅਤ ਸਾਡੀ ਸ਼ਖਸੀਅਤ ਵਰਗੀ ਹੈ। ਉਸ ਕੋਲ ਭਾਵਨਾਵਾਂ, ਪਿਆਰ ਅਤੇ ਸੰਵੇਦਨਸ਼ੀਲ ਦਿਲ ਹੈ। ਉਹ ਸਾਡੇ ਕਰਕੇ ਖੁਸ਼ ਜਾਂ ਉਦਾਸ ਹੋ ਸਕਦਾ ਹੈ। ਜਿਵੇਂ ਅਸੀਂ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਸੰਗਤ ਕਰਨਾ ਪਸੰਦ ਕਰਦੇ ਹਾਂ, ਉਸੇ ਤਰ੍ਹਾਂ ਉਹ ਸਾਡੇ ਨਾਲ ਸੰਗਤ ਕਰਨਾ ਪਸੰਦ ਕਰਦਾ ਹੈ। ਉਹ ਸਾਨੂੰ ਕਦੇ ਵੀ ਆਪਣੇ ਨਾਲ ਚੱਲਣ ਲਈ ਮਜਬੂਰ ਨਹੀਂ ਕਰੇਗਾ। ਪਿਆਰ ਕਿਸੇ ਨੂੰ ਕਾਬੂ ਨਹੀਂ ਕਰਦਾ,ਉਹ ਸਗੋਂ ਹਮੇਸ਼ਾ ਸੱਦਾ ਦਿੰਦਾ ਹੈ।

## ਚਰਚ ਦੁਆਰਾ ਪਵਿੱਤਰ ਆਤਮਾ ਦੀ ਝੂਠੀ ਨੁਮਾਇੰਦਗੀ

ਪ੍ਰਭੂ ਨੂੰ ਜਾਣ ਕੇ ਉਸ ਨਾਲ ਚੱਲਣ ਦੇ ਪਹਿਲੇ ਕੁਝ ਸਾਲਾਂ ਵਿੱਚ, ਮੈਂ ਪਵਿੱਤਰ ਆਤਮਾ ਬਾਰੇ ਬਹੁਤ ਹੀ ਗੱਲਾਂ ਸੁਣੀਆਂ ਜੋ ਬਹੁਤ ਸਖ਼ਤ, ਕਠੋਰ ਅਤੇ ਗੰਭੀਰ ਸਨ। ਲੋਕਾਂ ਨੇ ਮੈਨੂੰ ਸਿਖਾਇਆ ਕਿ ਪਿਤਾ ਅਤੇ ਯਿਸੂ ਦਿਆਲੂ ਹਨ, ਪਰ ਪਵਿੱਤਰ ਆਤਮਾ ਜਲਦੀ ਗੁੱਸੇ ਹੋ ਸਕਦਾ ਹੈ, ਅਤੇ ਤੁਹਾਨੂੰ ਉਸ ਨਾਲ ਬਹੁਤ ਚੰਗਾ ਹੋਣਾ ਪਵੇਗਾ, ਜਾਂ ਤੁਹਾਨੂੰ ਮੌਤ ਦੀ ਸਜ਼ਾ ਮਿਲ ਸਕਦੀ ਹੈ, ਅਤੇ ਹਮੇਸ਼ਾ ਲਈ ਨਰਕ ਵਿੱਚ ਜਾ ਸਕਦੇ ਹੋ!

ਇਹ ਵਿਚਾਰ ਅਤੇ ਸਿੱਖਿਆ ਬਹੁਤ ਡਰਾਉਣੀ ਸੀ। ਬਾਈਬਲ ਉਸ ਨੂੰ 'ਪਵਿੱਤਰ ਆਤਮਾ' ਕਹਿੰਦਾ ਹੈ ਅਤੇ ਅਤੇ ਲੋਕ ਇਸ ਸ਼ਬਦ ਨੂੰ ਲੈ ਕੇ ਕਹਿੰਦੇ ਹਨ ਕਿ ਇਹ ਬਹੁਤ ਹੀ ਪਵਿੱਤਰ ਹੈ! ਉਹਨਾਂ ਦੇ ਕਹਿਣ ਦਾ ਕੀ ਮਤਲਬ ਹੈ? ਉਹਨਾਂ ਦੇ ਕਹਿਣ ਦਾ ਮਤਲਬ ਇਹ ਹੈ ਕਿ ਤੁਹਾਨੂੰ ਬਹੁਤ ਪਵਿੱਤਰ ਬਣ ਕੇ ਅਤੇ ਉਸ ਦੇ ਨਾਲ ਸਾਵਧਾਨੀ ਨਾਲ ਚੱਲ ਕੇ ਉਸ ਦਾ ਆਦਰ ਕਰਨਾ ਹੈ। ਕੀ ਇਹ ਪਰਿਭਾਸ਼ਾ ਸਹੀ ਹੈ? ਕੀ ਪਿਤਾ, ਯਿਸੂ ਅਤੇ ਪਵਿੱਤਰ ਆਤਮਾ ਬਰਾਬਰ ਪਵਿੱਤਰ ਨਹੀਂ ਹਨ? ਹੇ ਪਿਆਰੇ, ਤਿੰਨੇ ਸਮਾਨ ਪਵਿੱਤਰ ਹਨ!

ਪਵਿੱਤਰ ਆਤਮਾ ਦੀ ਅਸਲ ਸ਼ਖਸੀਅਤ ਨੂੰ ਜਾਣਨ ਤੋਂ ਪਹਿਲਾਂ, ਮੈਂ ਦੋ ਗਲਤਫਹਿਮੀਆਂ ਬਾਰੇ ਚਰਚਾ ਕਰਨਾ ਚਾਹੁੰਦਾ ਹਾਂ। ਇਹ ਦੋ ਝੂਠੇ ਮਾਮਲੇ ਮੇਰੇ ਲਈ ਠੋਕਰ ਦਾ ਕਾਰਣ ਹਨ। ਪਵਿੱਤਰ ਆਤਮਾ ਮੇਰਾ ਪਿਆਰਾ ਮਿੱਤਰ ਹੈ ਅਤੇ ਮੈਂ ਦੁਖੀ ਮਹਿਸੂਸ ਕਰਦਾ ਹਾਂ ਜਦੋਂ ਲੋਕ ਉਸ ਬਾਰੇ ਗਲਤ ਗੱਲਾਂ ਬੋਲਦੇ ਅਤੇ ਸਿਖਾਉਂਦੇ ਹਨ।

## ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ

ਮਰਕੁਸ 3:28-30 ''ਮੈਂ ਤੁਹਾਨੂੰ ਸੱਚ ਆਖਦਾ ਹਾਂ, ਮਨੁੱਖ ਦੇ ਪੁੱਤਰਾਂ ਦੇ ਸਾਰੇ ਪਾਪ ਅਤੇ ਕੁਫ਼ਰ ਜਿੰਨੇ ਉਹ ਕਰਨ, ਮਾਫ਼ ਕੀਤੇ ਜਾ ਸਕਦੇ ਹਨ, ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬੋਲਦਾ ਹੈ ਉਸਨੂੰ ਕਦੇ ਵੀ ਮਾਫ਼ੀ ਨਹੀਂ ਮਿਲੇਗੀ, ਪਰ ਉਹ ਸਦੀਵੀ ਪਾਪ ਦੇ ਵੱਸ ਵਿੱਚ ਆ ਕੇ ਦੋਸ਼ੀ ਠਹਿਰੇਗਾ।'' ਕਿਉਂਕਿ ਜੋ ਉਨ੍ਹਾਂ ਨੇ ਆਖਿਆ ਸੀ ਜੋ ਉਸ ਵਿੱਚ ਅਸ਼ੁੱਧ ਆਤਮਾ ਸੀ।

ਯਿਸੂ ਦੀ ਸਿੱਖਿਆ ਤੋਂ ਅਸੀਂ ਦੇਖ ਸਕਦੇ ਹਾਂ ਕਿ ਪਵਿੱਤਰ ਆਤਮਾ ਦੇ ਵਿਰੁੱਧ ਅਜਿਹੇ ਪਾਪਾਂ ਦੇ ਗੰਭੀਰ ਨਤੀਜੇ ਹਨ। ਪੂਰੀ ਬਾਈਬਲ ਵਿਚ ਸਿਰਫ਼ ਇਕ ਹੀ ਪਾਪ ਹੈ ਜਿਸ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਸਾਲਾਂ ਤੋਂ ਮੈਂ ਇਸ ਬਾਰੇ ਵੱਖੋ-ਵੱਖਰੇ ਵਿਚਾਰ ਸੁਣੇ ਹਨ। ਬਹੁਤੇ ਲੋਕ ਇਸ ਦਾ ਸਹੀ ਅਰਥ ਨਹੀਂ ਸਮਝਦੇ। ਇਸ ਆਇਤ ਦੇ ਸੰਬੰਧ ਵਿੱਚ, ਬਹੁਤ ਸਾਰੇ ਵਿਸ਼ਵਾਸੀ ਹਨ ਜੋ ਪਵਿੱਤਰ ਆਤਮਾ ਦੇ ਨੇੜੇ ਆਉਣ ਅਤੇ ਉਸ ਨਾਲ ਸੰਗਤ ਕਰਨ ਤੋਂ ਬਹੁਤ ਡਰਦੇ ਹਨ। ਉਹ ਪਵਿੱਤਰ ਆਤਮਾ ਦੇ ਪ੍ਰਚਾਰ ਤੋਂ ਡਰਦੇ ਹਨ। ਅੱਜ ਮੈਂ ਤੁਹਾਡੇ ਦਿਲ ਵਿੱਚੋਂ ਇਸ ਗੈਰ-ਵਾਜਬ ਡਰ ਨੂੰ ਦੂਰ ਕਰਨਾ ਚਾਹੁੰਦਾ ਹਾਂ।

ਕੁਫ਼ਰ ਸ਼ਬਦ ਦਾ ਅਰਥ ਹੈ ਪਰਮੇਸ਼ੁਰ ਨੂੰ ਸਰਾਪਤ ਸ਼ਬਦ ਬੋਲਣਾ ਅਤੇ ਗਾਲਾਂ ਕੱਢਣਾ ਹੈ। ਕੀ ਇਹ ਸਦੀਵੀ ਪਾਪ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਹੈ? ਕੀ ਪਵਿੱਤਰ ਆਤਮਾ ਦੇ ਕੰਮ ਨੂੰ ਸ਼ੈਤਾਨ ਦਾ ਕੰਮ ਕਹਿਣਾ ਇਹ ਸਦੀਵੀ ਪਾਪ ਹੈ ਜੋ ਮਾਫ਼ ਨਹੀਂ ਕੀਤਾ ਜਾਵੇਗਾ?

ਪ੍ਰਭੂ ਨੇ ਮੈਨੂੰ ਮਸਹ ਕੀਤਾ ਅਤੇ ਮੈਨੂੰ ਅਲੌਕਿਕ ਸੇਵਕਾਈ ਦਿੱਤੀ ਹੈ। ਮੈਨੂੰ ਨਹੀਂ ਲੱਗਦਾ ਕਿ ਮੈਂ ਕਿਸੇ ਵੀ ਤਰ੍ਹਾਂ ਖਾਸ ਹਾਂ। ਮੈਂ ਵਿਸ਼ਵਾਸ ਕਰਦਾ ਹਾਂ ਕਿ ਪ੍ਰਮੇਸ਼ਵਰ ਚਾਹੁੰਦਾ ਹੈ ਕਿ ਉਸਦੇ ਸਾਰੇ ਬੱਚੇ ਇਸ ਮਸਹ ਅਤੇ ਸੇਵਕਾਈ ਵਿੱਚ ਚੱਲਣ। ਜਿੱਥੇ ਵੀ ਮੈਂ ਜਾਂਦਾ ਹਾਂ ਮੈਂ ਪਵਿੱਤਰ ਆਤਮਾ ਬਾਰੇ ਸਿਖਾਉਂਦਾ ਹਾਂ, ਖੁਸ਼ਖਬਰੀ ਦਾ ਪ੍ਰਚਾਰ ਕਰਦਾ ਹਾਂ, ਅਤੇ ਬਿਮਾਰਾਂ ਅਤੇ ਦੁਸ਼ਟ ਆਤਮਾ ਦੁਆਰਾ ਸਤਾਏ ਗਏ ਲੋਕਾਂ ਲਈ ਪ੍ਰਾਰਥਨਾ ਕਰਦਾ ਹਾਂ। ਮੇਰੇ ਤਜ਼ਰਬੇ ਦੇ ਅਧਾਰ ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਧਰਮ ਦੇ ਲੋਕ ਪਵਿੱਤਰ ਆਤਮਾ ਦੀ ਸਭ ਤੋਂ ਵੱਧ ਨਿੰਦਿਆ ਕਰਦੇ ਹਨ ਉਹ ਮਸੀਹੀ ਹਨ।

ਮੈਂ ਕੁਝ ਚਰਚਾਂ ਵਿੱਚ ਜਾ ਕੇ ਗਵਾਹੀਆਂ ਸੁਣ ਸਕਦਾ ਹਾਂ ਕਿ ਬੋਲੇ ਸੁਣ ਰਹੇ ਹਨ, ਗੂੰਗੇ ਬੋਲ ਰਹੇ ਹਨ, ਅਤੇ ਦੁਸ਼ਟ ਆਤਮਾ ਲੋਕਾਂ ਨੂੰ ਛੱਡ ਕੇ ਭੱਜ ਰਹੀਆਂ ਹਨ। ਇਹ ਸਭ ਦੇਖਣ ਦੇ ਬਾਵਜੂਦ ਵੀ ਕੁਝ ਵਿਸ਼ਵਾਸੀ ਅਜਿਹੇ ਹਨ ਜੋ ਇਸ ਕੰਮ ਨੂੰ ਪਰਮੇਸ਼ਵਰ ਦਾ ਕੰਮ ਨਹੀਂ ਸਮਝਦੇ ਸਗੋਂ ਸ਼ੈਤਾਨ ਦਾ ਕੰਮ ਸਮਝਦੇ ਹਨ। ਅਤੇ ਕੁਝ ਵਿਸ਼ਵਾਸੀ ਤਾਂ ਪਰਾਈ ਭਾਖਿਆਂ ਨੂੰ ਵੀ ਸ਼ੈਤਾਨ ਦਾ ਕੰਮ ਹੀ ਮੰਨਦੇ ਹਨ। ਮੈਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਣਾ ਚਾਹੁੰਦਾ ਕਿਉਂਕਿ ਮੈਂ ਵੀ ਇੱਕ ਸਮੇਂ ਅਜਿਹਾ ਹੀ ਸੀ।

ਮੈਂ ਤੁਹਾਨੂੰ ਇੱਕ ਸਵਾਲ ਪੁੱਛਦਾ ਹਾਂ, ਕੀ ਇਹ ਸਾਰੇ ਮਸੀਹੀ ਜੋ ਇਸ ਤਰ੍ਹਾਂ ਵਿਸ਼ਵਾਸ ਕਰਦੇ ਹਨ ਅਤੇ ਬੋਲਦੇ ਹਨ, ਸਦੀਵੀ ਅੱਗ ਵਿੱਚ ਸੜ ਜਾਣਗੇ? ਜੇ ਇਸ ਆਇਤ ਦਾ ਇਹੀ ਮਤਲਬ ਹੈ, ਤਾਂ ਮੈਂ ਸਮਝਦਾ ਹਾਂ ਕਿ ਚਰਚ ਦੇ ਅੱਧੇ ਤੋਂ ਵੱਧ ਮੈਂਬਰ ਨਰਕ ਦੇ ਹੱਕਦਾਰ ਹੋਣਗੇ।

ਸਦੀਵੀ ਪਾਪ ਇਹ ਨਹੀਂ ਹੈ ਕਿ ਅਸੀਂ ਪਵਿੱਤਰ ਆਤਮਾ ਦੇ ਵਿਰੁੱਧ ਕੁਝ ਵੀ ਗਲਤ ਬੋਲਦੇ ਹਾਂ, ਪਰ ਇਹ ਹੈ ਕਿ ਅਸੀਂ ਜਾਣਬੁੱਝ ਕੇ ਪਵਿੱਤਰ ਆਤਮਾ ਦੁਆਰਾ ਪ੍ਰਗਟ ਹੋਣ ਵਾਲੇ ਕੰਮਾਂ ਦਾ ਵਿਰੋਧ ਕਰਦੇ ਹਾਂ। ਮੈਂ ਤੁਹਾਨੂੰ ਸਮਝਾਉਣਾ ਚਾਹੁੰਦਾ ਹਾਂ।

ਆਓ ਇਸ ਸੰਦਰਭ ਵਿੱਚ ਯਿਸੂ ਦੀਆਂ ਗੱਲਾਂ ਨੂੰ ਸਮਝੀਏ। ਮੱਤੀ 12:22-28 ਵਿੱਚ ਯਿਸੂ ਇੱਕ ਦੁਸ਼ਟ ਆਤਮਾ ਨੂੰ ਕੱਢ ਕੇ ਇੱਕ ਅੰਨ੍ਹੇ ਅਤੇ ਗੂੰਗੇ ਆਦਮੀ ਨੂੰ ਚੰਗਾ ਕਰ ਰਿਹਾ ਸੀ। ਅਸਲ ਵਿੱਚ, ਇਹ ਪਵਿੱਤਰ ਆਤਮਾ ਦਾ ਕੰਮ ਸੀ, ਜੋ ਉਹ ਯਿਸੂ ਦੁਆਰਾ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਲਈ ਕਰ ਰਿਹਾ ਸੀ। ਇਹ ਕੰਮ ਪਰਮੇਸ਼ੁਰ ਅਤੇ ਯਿਸੂ ਦੀ ਸੱਚਾਈ ਨੂੰ ਪ੍ਰਗਟ ਕਰਨ ਲਈ ਸੀ। ਇਹ ਬਾਈਬਲ ਵਿਚ ਲਿਖਿਆ ਗਿਆ ਹੈ ਕਿ ਯਿਸੂ ਦੇ ਵਿਰੁੱਧ ਕੀਤੇ ਗਏ ਪਾਪ ਅਤੇ ਕੁਫ਼ਰ ਮਾਫ਼ ਕੀਤੇ ਜਾਣਗੇ। ਪਰ ਜੇ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬੋਲਦਾ ਹੈ, ਤਾਂ ਉਸ ਲਈ ਕੋਈ ਮਾਫ਼ੀ ਨਹੀਂ ਹੈ। ਅਜਿਹਾ ਕਿਉਂ ਹੈ? ਕੀ ਯਿਸੂ ਪਵਿੱਤਰ ਆਤਮਾ ਨਾਲੋਂ ਵੱਧ ਦਿਆਲੂ ਹੈ? ਭਾਵੇਂ ਕੋਈ ਉਸ ਦੀ ਨਿੰਦਾ ਕਰੇ ਜਾਂ ਨਾ ਕਰੇ, ਯਿਸੂ ਸਾਰੀ ਮਨੁੱਖਜਾਤੀ ਲਈ ਕੁਰਬਾਨ ਹੋਇਆ ਸੀ। ਉਹ ਕੋਈ ਵੀ ਪਾਪ ਅਤੇ ਕੁਫ਼ਰ ਕਰ ਸਕਦੇ ਸਨ, ਪਰ ਯਿਸੂ ਫਿਰ ਵੀ ਉਨ੍ਹਾਂ ਲਈ ਮਰਿਆ। ਜਿਵੇਂ ਕਿ ਉਸਨੇ ਉਹਨਾਂ ਫ਼ਰੀਸੀਆਂ ਲਈ ਵੀ ਪ੍ਰਾਰਥਨਾ ਕੀਤੀ (ਲੂਕਾ 23:34) ਅਤੇ ਕੁਰਬਾਨ ਵੀ ਹੋਇਆ! ਪਿਆਰਿਓ, ਅਜਿਹਾ ਕੋਈ ਪਾਪ ਨਹੀਂ ਹੈ ਜਿਸ ਨੂੰ ਯਿਸੂ ਦਾ ਲਹੂ ਢੱਕਦਾ ਨਹੀਂ ਹੈ। ਭਾਵੇਂ ਤੁਸੀਂ ਇਸ 'ਤੇ ਵਿਸ਼ਵਾਸ ਕਰੋ ਜਾਂ ਨਾ ਕਰੋ, ਫਿਰ ਵੀ ਯਿਸੂ ਨੇ ਤੁਹਾਨੂੰ ਪਿਆਰ ਕੀਤਾ ਅਤੇ ਤੁਹਾਡੇ ਲਈ ਮਰਿਆ, ਅਤੇ ਤੁਹਾਡੇ ਸਾਰੇ ਪਾਪਾਂ ਦੇ ਲਈ ਪ੍ਰਾਸਚਿਤ ਕੀਤਾ।

ਪਵਿੱਤਰ ਆਤਮਾ ਦਾ ਕੰਮ ਕੀ ਹੈ? ਉਸਦਾ ਕੰਮ ਪਰਮੇਸ਼ਵਰ ਦੁਆਰਾ ਕੀਤਾ ਜਾਂਦੇ ਕੰਮਾਂ ਨੂੰ ਪ੍ਰਗਟ ਕਰਨਾ ਹੈ। ਪਵਿੱਤਰ ਆਤਮਾ ਖੁਦ ਕੁਝ ਨਵਾਂ ਕੰਮ ਨਹੀਂ ਕਰਦਾ। ਇਸ ਦੀ ਬਜਾਇ, ਪਵਿੱਤਰ ਆਤਮਾ ਯਿਸੂ ਦੁਆਰਾ ਕੀਤੇ ਗਏ ਕੰਮਾਂ ਨੂੰ ਪ੍ਰਗਟ ਕਰਦਾ ਹੈ ਅਤੇ ਉਹਨਾਂ ਕੰਮਾਂ ਦਾ ਪ੍ਰਬੰਧਕ ਹੈ। ਯਿਸੂ ਤੁਹਾਡੇ ਪਾਪਾਂ ਲਈ ਮਰਿਆ, ਪਰ ਕੌਣ ਹੈ ਜੋ ਤੁਹਾਨੂੰ ਇਹ ਸੱਚ ਦੱਸਦਾ ਅਤੇ ਸਮਝਾਉਂਦਾ ਹੈ ਤਾਂ ਜੋ ਤੁਸੀਂ ਵਿਸ਼ਵਾਸ ਕਰ ਸਕੋ ਅਤੇ ਮਾਫ਼ ਕੀਤਾ ਜਾ ਸਕੇ? ਇਹ ਅਸਲ ਵਿੱਚ ਪਵਿੱਤਰ ਆਤਮਾ ਦਾ ਕੰਮ ਹੈ। ਜੇ ਅਸੀਂ ਉਸਦਾ ਵਿਰੋਧ ਕਰਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੀ ਕਿਰਪਾ ਤੋਂ ਰੋਕਦੇ ਅਤੇ ਵੱਖ ਕਰ ਲੈਂਦੇ ਹਾਂ।

ਪਵਿੱਤਰ ਆਤਮਾ ਨੇ ਯਿਸੂ ਨੂੰ ਮਸੀਹਾ ਦੇ ਰੂਪ ਵਿੱਚ ਦਰਸਾਉਣ ਦੇ ਸੰਦਰਭ ਵਿੱਚ ਇੱਕ ਭਵਿੱਖਬਾਣੀ ਕੀਤੀ, ਕਿ ਆਉਣ ਵਾਲਾ ਮੁਕਤੀਦਾਤਾ ਅੰਨ੍ਹਿਆਂ ਦੀ ਨਜ਼ਰ ਨੂੰ ਬਹਾਲ ਕਰੇਗਾ (ਯਸਾਯਾਹ 35)। ਇਹ ਇੱਕ ਖਾਸ ਚਮਤਕਾਰ ਸੀ ਜੋ ਖੁਦ ਯਿਸੂ ਦੁਆਰਾ ਕੀਤਾ ਗਿਆ ਸੀ (ਯੂਹੰਨਾ 9:31-33)। ਜਿਵੇਂ ਕਿ ਅਸੀਂ ਮਰਕੁਸ 3:28-30 ਵਿੱਚ ਪੜ੍ਹਦੇ ਹਾਂ, ਪਵਿੱਤਰ ਆਤਮਾ ਚਮਤਕਾਰਾਂ ਦੁਆਰਾ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ,

''ਦੇਖੋ! ਯਿਸੂ ਆਉਣ ਵਾਲਾ ਮੁਕਤੀਦਾਤਾ ਹੈ। ਵਿਸ਼ਵਾਸ ਕਰੋ ਅਤੇ ਬਚਾਏ ਜਾਓ!'' ਪਰ ਫ਼ਰੀਸੀਆਂ ਨੇ ਕੀ ਕਿਹਾ? ਉਨ੍ਹਾਂ ਨੇ ਪਵਿੱਤਰ ਆਤਮਾ ਅਤੇ ਉਸਦੇ ਕੰਮ ਨੂੰ ਸ਼ੈਤਾਨ ਦਾ ਕੰਮ ਕਿਹਾ, ਅਤੇ ਅਜਿਹਾ ਕਰਦੇ ਹੋਏ ਉਨ੍ਹਾਂ ਨੇ ਪਵਿੱਤਰ ਆਤਮਾ ਦੇ ਵਫ਼ਾਦਾਰ ਕੰਮ ਤੋਂ ਇਨਕਾਰ ਕੀਤਾ। ਪਵਿੱਤਰ ਆਤਮਾ ਨੇ ਉਹਨਾਂ ਨੂੰ ਪਰਮੇਸ਼ੁਰ ਦੀ ਕਿਰਪਾ ਤੋਂ ਵੱਖ ਨਹੀਂ ਕੀਤਾ, ਸਗੋਂ ਉਹਨਾਂ ਨੇ ਆਪਣੇ ਆਪ ਨੂੰ ਪਵਿੱਤਰ ਆਤਮਾ ਤੋਂ ਵੱਖ ਕੀਤਾ ਸੀ।

ਪਿਆਰਿਓ, ਪਵਿੱਤਰ ਆਤਮਾ ਤੁਹਾਨੂੰ ਪਿਤਾ ਦੇ ਹਰ ਚੰਗੇ ਅਤੇ ਕੀਮਤੀ ਤੋਹਫੇ ਤੋਂ ਜਾਣੂ ਕਰਵਾਉਂਦਾ ਹੈ।ਉਹ ਤੋਹਫ਼ੇ ਦੇਣ ਵਿੱਚ ਬਹੁਤ ਖੁਸ਼ ਅਤੇ ਪ੍ਰਸੰਨ ਹੁੰਦਾ ਹੈ। ਉਹ ਤੁਹਾਨੂੰ ਇਹਨਾਂ ਤੋਹਫਿਆਂ ਨੂੰ ਸਵੀਕਾਰ ਕਰਨ ਲਈ ਕਦੇ ਵੀ ਮਜਬੂਰ ਨਹੀਂ ਕਰੇਗਾ। ਉਹ ਤੁਹਾਡੀਆਂ ਅੱਖਾਂ ਖੋਲ੍ਹਦਾ ਹੈ ਤਾਂ ਜੋ ਤੁਸੀਂ ਉਸ ਦੀਆਂ ਬਖਸ਼ਿਸ਼ਾਂ ਨੂੰ ਪਛਾਣ ਸਕੋ ਅਤੇ ਉਹਨਾਂ ਨੂੰ ਪ੍ਰਾਪਤ ਕਰ ਸਕੋ। ਇਸ ਨੂੰ ਵਿਸ਼ਵਾਸ ਕਿਹਾ ਜਾਂਦਾ ਹੈ। ਪਰ ਜੇਕਰ ਅਸੀਂ ਉਸਦੇ ਵਫ਼ਾਦਾਰ ਕੰਮਾਂ ਦਾ ਵਿਰੋਧ ਕਰਦੇ ਹਾਂ, ਤਾਂ ਅਸੀਂ ਕਦੇ ਵੀ ਵਿਸ਼ਵਾਸ ਨਹੀਂ ਕਰਾਂਗੇ ਅਤੇ ਨਾ ਹੀ ਪਰਮੇਸ਼ੁਰ ਦੀ ਕਿਰਪਾ ਅਰਥਾਤ, ਸਦੀਵੀ ਜੀਵਨ ਨੂੰ ਪ੍ਰਾਪਤ ਕਰਾਂਗੇ,

**ਹਨਾਨਿਯਾ ਅਤੇ ਸਫੀਰਾ**

ਪਵਿੱਤਰ ਆਤਮਾ ਦਾ ਦੂਜਾ ਸਭ ਤੋਂ ਖਤਰਨਾਕ ਬਿਰਤਾਂਤ ਹਨਾਨਿਯਾ ਅਤੇ ਸਫੀਰਾ ਦੀ ਮੌਤ ਹੈ, ਜੋ ਚਰਚ ਦੇ ਦੌਰਾਨ ਵਾਪਰੀ ਸੀ! ਜਦੋਂ ਪ੍ਰਚਾਰਕ ਅਤੇ ਪਾਦਰੀ ਸਿਖਾਉਂਦੇ ਹਨ ਕਿ ਪਵਿੱਤਰ ਆਤਮਾ ਨੇ ਉਨ੍ਹਾਂ ਦਾ ਨਿਆ ਕੀਤਾ ਅਤੇ ਉਨ੍ਹਾਂ ਨੂੰ ਮਾਰ ਦਿੱਤਾ, ਇਹ ਬੇਇਨਸਾਫ਼ੀ ਹੈ! ਜੋ ਪ੍ਰਚਾਰਕ ਇਹ ਸਿਖਾਉਂਦੇ ਹਨ ਉਹ ਕਿਰਪਾ ਦੇ ਅਨੁਸਾਰ ਨਹੀਂ, ਸਗੋਂ ਵਿਵਸਥਾ ਦੇ ਅਨੁਸਾਰ ਸੋਚਦੇ ਹਨ। ਅਜਿਹੇ ਲੋਕ ਕਿਰਪਾ ਦੀ ਖੁਸ਼ਖਬਰੀ ਨੂੰ ਨਹੀਂ ਸਮਝਦੇ ਹਨ।

ਜਿਵੇਂ ਕਿ ਅਸੀਂ ਰਸੂਲਾਂ ਦੇ ਕਰਤੱਬ 5 ਵਿੱਚ ਪੜ੍ਹਦੇ ਹਾਂ, ਅਜਿਹਾ ਲੱਗਦਾ ਹੈ ਕਿ ਪਤਰਸ ਅਲੌਕਿਕ ਤੌਰ 'ਤੇ ਇਸ ਗੱਲ ਤੋਂ ਜਾਣੂ ਹੋ ਗਿਆ ਸੀ ਕਿ ਉਸਨੇ ਆਪਣੀ ਜ਼ਮੀਨ ਦੀ ਵਿਕਰੀ ਤੋਂ ਸਾਰਾ ਪੈਸਾ ਵਾਪਸ ਨਹੀਂ ਲਿਆਂਦਾ ਸੀ। ਪਤਰਸ ਆਪਣੇ ਇਸ ਨਿਰਣੇ ਵਿੱਚ ਬੇਰਹਿਮ ਸੀ ਅਤੇ ਉਸ ਨੇ ਉਨ੍ਹਾਂ ਨੂੰ ਸਰਾਪ ਦਿੱਤਾ, ਅਤੇ ਉਹ ਤੁਰੰਤ ਮਰ ਗਏ। ਇਸ ਲਈ ਲੋਕਾਂ ਦਾ ਸਿੱਟਾ ਇਹ ਹੈ ਕਿ ਇਹ ਪਰਮੇਸ਼ਵਰ ਹੀ ਸੀ ਜਿਸਨੇ ਉਨ੍ਹਾਂ ਨੂੰ ਮਾਰਿਆ ਸੀ। ਇਸ ਸਿੱਟੇ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ।

ਸਭ ਤੋਂ ਪਹਿਲਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਸਿੱਟਾ ਨਵੇਂ ਨੇਮ ਵਿੱਚ ਯਿਸੂ ਮਸੀਹ ਦੇ ਸੁਭਾਅ ਅਤੇ ਚਰਿੱਤਰ ਨੂੰ ਨਹੀਂ ਦਰਸਾਉਂਦਾ ਹੈ। ਅਕਸਰ ਅਸੀਂ ਪੁਰਾਣੇ ਅਤੇ ਨਵੇਂ ਨੇਮ ਵਿੱਚ ਫਰਕ ਨੂੰ ਨਹੀਂ ਸਮਝਦੇ।

ਜਦੋਂ ਯਿਸੂ ਆਇਆ, ਸਭ ਕੁਝ ਬਦਲ ਗਿਆ। ਇਸ ਨੂੰ ਯਿਸੂ ਅਤੇ ਕਿਰਪਾ ਦਾ ਯੁੱਗ ਕਿਹਾ ਜਾਂਦਾ ਹੈ। ਖੁਸ਼ਖਬਰੀ ਕੀ ਹੈ? ਪਰਮੇਸ਼ੁਰ ਦੀ ਕਿਰਪਾ ਖੁਸ਼ਖਬਰੀ ਹੈ (ਰਸੂਲਾਂ ਦੇ ਕਰਤੱਬ 20:24)। ਯਿਸੂ ਕਿਰਪਾ ਨਾਲ ਭਰਿਆ ਹੋਇਆ ਹੈ (ਯੂਹੰਨਾ 1:14), ਅਤੇ ਕੇਵਲ ਇੱਕ ਚੀਜ਼ ਜੋ ਅਸੀਂ ਯਿਸੂ ਤੋਂ ਪ੍ਰਾਪਤ ਕਰਦੇ ਹਾਂ ਉਹ ਕਿਰਪਾ ਹੈ (ਯੂਹੰਨਾ 1:16)। ਕੀ ਯਿਸੂ ਨੇ ਨਿਆਂ ਵਿੱਚ ਕਿਸੇ ਨੂੰ ਤਬਾਹ ਕੀਤਾ ਸੀ? ਕੀ ਯਿਸੂ ਨੇ ਕਿਸੇ ਉੱਤੇ ਬੀਮਾਰੀ, ਸਰਾਪ, ਦਰਦ, ਬਿਪਤਾ ਜਾਂ ਮੌਤ ਲਿਆਂਦੀ ਸੀ? ਅਤੇ ਨਾ ਹੀ ਪਿਤਾ ਨੇ ਅਜਿਹਾ ਕੁਝ ਕੰਮ ਕੀਤਾ। ਕਿਉਂਕਿ ਯਿਸੂ ਨੇ ਸਿਰਫ਼ ਉਹੀ ਕੰਮ ਕੀਤਾ ਸੀ ਜ਼ੋ ਉਸਨੇ ਪਿਤਾ ਨੂੰ ਕਰਦੇ ਹੋਏ ਦੇਖਿਆ (ਯੂਹੰਨਾ 5:19-20, 6:38, 14:10)। ਪ੍ਰਮੇਸ਼ਵਰ, ਯਿਸੂ ਮਸੀਹ ਵਿੱਚ ਸੰਸਾਰ ਨੂੰ ਆਪਣੇ ਨਾਲ ਮਿਲਾ ਰਿਹਾ ਸੀ, ਨਾ ਕਿ ਉਹਨਾਂ ਦੇ ਵਿਰੁੱਧ ਮਨੁੱਖੀ ਅਪਰਾਧਾਂ ਨੂੰ ਗਿਣ ਰਿਹਾ (2 ਕੁਰਿੰਥੀਆਂ 5:18-20), ਅਤੇ ਉਸਨੇ ਸਾਨੂੰ ਸੁਲਹਾ-ਸਫ਼ਾਈ ਦਾ ਬਚਨ ਸੌਂਪਿਆ। ਉਸਨੇ ਸਾਨੂੰ ਸਜ਼ਾ ਅਤੇ ਮੌਤ ਦਾ ਬਚਨ ਨਹੀਂ ਦਿੱਤਾ। ਇਸ ਯੁੱਗ ਵਿੱਚ ਪਰਮੇਸ਼ੁਰ ਦਾ ਕੰਮ ਲੋਕਾਂ ਨੂੰ ਨਸ਼ਟ ਕਰਨਾ ਅਤੇ ਉਨ੍ਹਾਂ ਦਾ ਨਿਆਂ ਕਰਨਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਬਚਾਉਣਾ, ਓਹਨਾਂ ਨੂੰ ਚੰਗਾ ਕਰਨਾ ਅਤੇ ਉਹਨਾਂ ਨੂੰ ਛੁਟਕਾਰਾ ਦੇਣਾ ਹੈ (ਲੂਕਾ 9:51-56)।

ਉਦਾਹਰਨ ਲਈ, ਜੇ ਯਿਸੂ ਅਤੇ ਪਿਤਾ ਮਿਲ ਕੇ ਮਨੁੱਖਜਾਤੀ ਨੂੰ ਬਚਾ ਰਹੇ ਹਨ ਅਤੇ ਉਹਨਾਂ ਦੇ ਪਾਪਾਂ ਦਾ ਲੇਖਾ ਨਹੀਂ ਰੱਖ ਰਹੇ ਹਨ, ਪਰ ਜੇਕਰ ਪਵਿੱਤਰ ਆਤਮਾ ਉਹਨਾਂ ਦੇ ਪਾਪਾਂ ਦਾ ਰਿਕਾਰਡ ਰੱਖ ਕੇ ਲੋਕਾਂ ਦਾ ਨਿਰਣਾ ਕਰ ਰਿਹਾ ਹੈ, ਤਾਂ ਸਾਡੇ ਵਿਸ਼ਵਾਸ ਵਿੱਚ ਕੁਝ ਡੂੰਘੀ ਗਲਤੀ ਹੈ! ਕੀ ਪਰਮੇਸ਼ਵਰ ਦਾ ਆਪਸ ਕੋਈ ਮਤਭੇਦ ਹੈ? ਕੀ ਉਹ ਇੱਕ ਨਹੀਂ ਹਨ? ਪਵਿੱਤਰ ਆਤਮਾ ਯਿਸੂ ਦਾ ਗਵਾਹ ਹੈ (ਰਸੂਲਾਂ ਦੇ ਕਰਤੱਬ 5:32) ਅਤੇ ਖੁਦ ਯਿਸੂ ਦੇ ਕੰਮਾਂ ਨੂੰ ਪ੍ਰਗਟ ਕਰਨ ਲਈ ਆਇਆ ਸੀ। ਯਿਸੂ ਦਾ ਕੰਮ ਨਿਆਂ ਅਤੇ ਮੌਤ ਲਿਆਉਣਾ ਨਹੀਂ ਸੀ। ਪਰ ਯਿਸੂ ਨੇ ਸਾਡੀਆਂ ਸਾਰੀਆਂ ਸਜ਼ਾਵਾਂ, ਸਰਾਪ ਅਤੇ ਮੌਤ ਨੂੰ ਸਹਿ ਲਿਆ। ਪਵਿੱਤਰ ਆਤਮਾ ਇਸ ਲਈ ਆਇਆ ਤਾਂ ਜੋ ਮਨੁੱਖਜਾਤੀ ਪਰਮੇਸ਼ੁਰ ਦੀਆਂ ਅਸੀਸਾਂ ਵਿੱਚ ਹਿੱਸਾ ਲੈ ਸਕੇ।

ਯਿਸੂ ਨੇ ਆਪਣੀ ਕਲੀਸਿਯਾ ਉੱਤੇ ਪਵਿੱਤਰ ਆਤਮਾ ਕਿਉਂ ਵਹਾਇਆ? ਤਾਂ ਜੋ ਉਹ ਦੋਵੇਂ ਇਸ ਟੁੱਟੀ ਹੋਈ ਦੁਨੀਆਂ ਨੂੰ ਯਿਸੂ ਦਾ ਵਰਣਨ ਕਰ ਸਕਣ। ਪਵਿੱਤਰ ਆਤਮਾ ਯਿਸੂ ਨੂੰ ਦਰਸਾਉਣ ਲਈ ਵਿਸ਼ਵਾਸੀਆਂ ਦੁਆਰਾ ਹੇਠਾਂ ਆਇਆ ਹੈ। ਉਹ ਸਾਨੂੰ ਸਾਡੇ ਦੁਆਰਾ ਯਿਸੂ ਦਾ ਚਰਿੱਤਰ ਅਤੇ ਸੇਵਕਾਈ ਪ੍ਰਾਪਤ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।

ਤੁਸੀਂ ਸ਼ਾਇਦ ਸੋਚ ਰਹੇ ਹੋਵੋਗੇ, ''ਫਿਰ ਉਹ ਦੋਵੇਂ ਕਿਉਂ ਮਰ ਗਏ?'' ਇਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਆਓ ਇਕ ਹੋਰ ਆਇਤ ਪੜ੍ਹੀਏ।

*ਯੂਹੰਨਾ 20:21-23 ਤਦ ਯਿਸੂ ਨੇ ਫਿਰ ਕਿਹਾ, ਤੁਹਾਨੂੰ ਸ਼ਾਂਤੀ ਮਿਲੇ। ਜਿਵੇਂ ਪਿਤਾ ਨੇ ਮੈਨੂੰ ਭੇਜਿਆ ਹੈ, ਉਸੇ ਤਰ੍ਹਾਂ ਮੈਂ ਤੁਹਾਨੂੰ ਭੇਜਦਾ ਹਾਂ।ਇਹ ਕਹਿ ਕੇ, ਉਸਨੇ ਆਪਣੇ ਚੇਲਿਆ ਉਪਰ ਫੂਕ ਮਾਰੀ ਅਤੇ ਉਨ੍ਹਾਂ ਨੂੰ ਕਿਹਾ, ''ਪਵਿੱਤਰ ਆਤਮਾ ਪ੍ਰਾਪਤ ਕਰੋ। ਜਿਨ੍ਹਾਂ ਦੇ ਪਾਪ ਤੁਸੀਂ ਮਾਫ਼ ਕਰਦੇ ਹੋ, ਉਹਨਾ ਦੇ ਪਾਪ ਮਾਫ਼ ਕੀਤੇ ਜਾਣਗੇ ਅਤੇ ਜਿਨ੍ਹਾਂ ਦੇ ਪਾਪ ਤੁਸੀਂ ਰੱਖਦੇ ਹੋ, ਉਹ ਰੱਖੇ ਜਾਂਦੇ ਹਨ।''*

ਇਹ ਪਹਿਲੀ ਵਾਰ ਹੈ ਜਦੋਂ ਯਿਸੂ ਨੇ ਆਪਣੇ ਚੇਲਿਆਂ ਨੂੰ ਪਵਿੱਤਰ ਆਤਮਾ ਦਿੱਤੀ ਸੀ। ਪਵਿੱਤਰ ਆਤਮਾ ਚੇਲਿਆਂ ਨੂੰ ਕਿਉਂ ਦਿੱਤਾ ਗਿਆ? ਤਾਂ ਜੋ ਉਹ, ਪਵਿੱਤਰ ਆਤਮਾ ਦੇ ਨਾਲ, ਸੰਸਾਰ ਦੀ ਹਰ ਕੌਮ ਵਿੱਚ ਚਿੰਨ ਅਤੇ ਚਮਤਕਾਰਾਂ ਦੁਆਰਾ ਖੁਸ਼ਖਬਰੀ ਦਾ ਪ੍ਰਚਾਰ ਕਰ ਸਕਣ ।(ਲੂਕਾ 24:49, ਯੂਹੰਨਾ 15:26-27, ਰਸੂਲਾਂ ਦੇ ਕਰਤੱਬ 5:30-32)। ਪਵਿੱਤਰ ਆਤਮਾ ਦੇਣ ਤੋਂ ਤੁਰੰਤ ਬਾਅਦ, ਯਿਸੂ ਨੇ ਕੁਝ ਵਿਲੱਖਣ ਕਿਹਾ, ਜੇਕਰ ਤੁਸੀਂ ਕਿਸੇ ਦੇ ਪਾਪ ਮਾਫ਼ ਕਰਦੇ ਹੋ, ਤਾਂ ਉਹ ਮਾਫ਼ ਹੋ ਜਾਂਦੇ ਹਨ। ਜੇ ਤੁਸੀਂ ਕਿਸੇ ਦੇ ਪਾਪਾਂ ਨੂੰ ਰੱਖਦੇ ਹੋ, ਤਾਂ ਉਹ ਰੱਖੇ ਜਾਂਦੇ ਹਨ।

ਕੀ ਇਹ ਅਜੀਬ ਨਹੀਂ ਹੈ? ਯਿਸੂ ਦੇ ਕਹਿਣ ਦਾ ਕੀ ਮਤਲਬ ਸੀ? ਉਹ ਕਹਿ ਰਿਹਾ ਸੀ: ਮੈਂ ਹੁਣ ਜਾ ਰਿਹਾ ਹਾਂ, ਅਤੇ ਤੁਸੀਂ ਪਵਿੱਤਰ ਆਤਮਾ ਨਾਲ ਭਾਈਵਾਲ ਹੋ ਮੇਰੀ ਪ੍ਰਤੀਨਿਧਤਾ ਕਰੋ। ਮੈਂ ਤੁਹਾਨੂੰ ਇਸ ਹੱਦ ਤੱਕ ਅਵਿਸ਼ਵਾਸ਼ਯੋਗ ਅਧਿਕਾਰ ਅਤੇ ਜ਼ਿੰਮੇਵਾਰੀ ਦੇ ਰਿਹਾ ਹਾਂ ਕਿ ਅਨਾਦਿ ਦੇ ਮਾਮਲੇ ਤੁਹਾਡੇ ਹੱਥ ਵਿੱਚ ਹਨ। ਜਿਸ ਤਰ੍ਹਾਂ ਮੈਂ ਆਪਣੇ ਪਿਤਾ ਦੀ ਸਹੀ ਢੰਗ ਨਾਲ ਪ੍ਰਤੀਨਿਧਤਾ ਕੀਤੀ ਸੀ, ਹੁਣ ਤੁਹਾਨੂੰ ਵੀ ਉਸੇ ਤਰ੍ਹਾਂ ਮੇਰੀ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ।

ਹਨਾਨਿਯਾਹ ਅਤੇ ਸਫੀਰਾ ਦੀ ਮੌਤ ਕਿਉਂ ਹੋਈ? ਕਿਉਂਕਿ ਪਤਰਸ ਨੇ ਨਿਆ ਕੀਤਾ ਅਤੇ ਉਨ੍ਹਾਂ ਨੂੰ ਮੌਤ ਦਾ ਸਰਾਪ ਦਿੱਤਾ। ਕੀ ਪਤਰਸ ਦੇ ਸ਼ਬਦ ਤਰਸ ਨਾਲ ਭਰੇ ਹੋਏ ਸਨ ਜਾਂ ਕੀ ਉਸ ਦੇ ਸ਼ਬਦਾ ਵਿੱਚ ਕਿਰਪਾ ਸੀ? ਕੀ ਉਸਨੇ ਉਹਨਾਂ ਨੂੰ ਤੋਬਾ ਕਰਨ ਦਾ ਮੌਕਾ ਦਿੱਤਾ? ਕੀ ਪਤਰਸ ਨੇ ਉਨ੍ਹਾਂ ਦੇ ਪਾਪ ਮਾਫ਼ ਕੀਤੇ ਜਾਂ ਰੱਖੇ? ਇਸ ਸਥਿਤੀ ਵਿੱਚ ਪਤਰਸ ਯਿਸੂ ਦੀ ਨੁਮਾਇੰਦਗੀ ਨਹੀਂ ਕਰਦਾ ਸੀ।ਜੋ ਸਰਾਪ ਉਸ ਨੇ ਦਿੱਤਾ ਸੀ ਇਸ ਦੇ ਗੰਭੀਰ ਨਤੀਜੇ

ਨਿਕਲੇ। ਉਸ ਨੇ ਸਫੀਰਾ ਨੂੰ ਕੀ ਕਿਹਾ, ਧਿਆਨ ਨਾਲ ਸੁਣੋ, ''ਦੇਖ, ਜੋ ਤੇਰੇ ਪਤੀ ਨੂੰ ਦਫ਼ਨਾਉਣ ਗਏ ਸਨ, ਉਹ ਦਰਵਾਜ਼ੇ 'ਤੇ ਖੜ੍ਹੇ ਹਨ, ਅਤੇ ਤੈਨੂੰ ਵੀ ਬਾਹਰ ਲੈ ਜਾਣਗੇ।'' ਇਹ ਸਿਰਫ਼ ਇੱਕ ਘਟਨਾ ਨਹੀਂ ਹੈ ਜੋ ਪਤਰਸ ਨੂੰ ਬੇਰਹਿਮ ਅਤੇ ਨਿਆ ਕਰਨ ਵਾਲਾ ਬਣਾਉਂਦੀ ਹੈ। (ਰਸੂਲਾਂ ਦੇ ਕਰਤੱਬ 8:18-23)। ਕਈ ਵਾਰ ਅਸੀਂ ਸੋਚਦੇ ਹਾਂ ਕਿ ਜੋ ਕੁਝ ਰਸੂਲਾਂ ਨੇ ਕੀਤਾ ਉਹ ਪਰਮੇਸੁਰ ਵੱਲੋਂ ਸੀ। ਅਸੀਂ ਇਹ ਸਮਝਣ ਵਿੱਚ ਅਸਫਲ ਰਹਿੰਦੇ ਹਾਂ ਕਿ ਉਹ ਸਾਡੇ ਵਰਗੇ ਸਨ, ਅਤੇ ਉਹ ਪਰਮੇਸੁਰ ਦੀ ਸੇਵਾ ਕਰਨੀ ਵੀ ਸਿੱਖ ਰਹੇ ਸਨ।

ਪਿਆਰੇ, ਪਵਿੱਤਰ ਆਤਮਾ ਨੇ ਹਨਾਨਿਯਾ ਅਤੇ ਸਫੀਰਾ ਦਾ ਨਿਰਣਾ ਨਹੀਂ ਕੀਤਾ। ਉਨ੍ਹਾਂ ਨੇ ਕਿਹੜਾ ਪਾਪ ਕੀਤਾ? ਉਸ ਨੇ ਆਪਣੀ ਜ਼ਮੀਨ ਵੇਚ ਕੇ ਕੁਝ ਹਿੱਸਾ ਆਪਣੇ ਲਈ ਰੱਖਿਆ ਅਤੇ ਬਾਕੀ ਹਿੱਸਾ ਦਾਨ ਕਰ ਦਿੱਤਾ। ਉਹਨਾ ਨੇ ਚੋਰੀ ਨਹੀਂ ਕੀਤੀ। ਉਹਨਾਂ ਨੇ ਸਿਰਫ ਝੂਠ ਬੋਲਣ ਦਾ ਪਾਪ ਕੀਤਾ ਹੈ।ਮੰਨ ਲਓ ਕਿ ਸੱਚਮੁੱਚ ਪਵਿੱਤਰ ਆਤਮਾ ਨੇ ਉਨ੍ਹਾਂ ਦਾ ਨਿਆ ਕੀਤਾ ਅਤੇ ਉਨ੍ਹਾਂ ਨੂੰ ਨਸ਼ਟ ਕੀਤਾ, ਫਿਰ ਉਹ ਅੱਜ ਦੇ ਪਾਦਰੀ, ਆਗੂਆ ਅਤੇ ਵਿਸ਼ਵਾਸੀਆਂ ਨੂੰ ਇਸੇ ਤਰ੍ਹਾਂ ਕਿਉਂ ਨਹੀਂ ਤਬਾਹ ਕਰਦਾ ਹੈ ਜਿਨ੍ਹਾਂ ਨੇ ਜਾਣ ਬੁੱਝ ਕੇ ਚੋਰੀਆਂ ਕੀਤੀਆਂ, ਵਿਭਚਾਰ ਕੀਤੇ, ਗਰਭਪਾਤ ਕੀਤੇ, ਚੁਗਲੀਆਂ ਕੀਤੀਆਂ ਜਾਂ ਝੂਠ ਬੋਲਿਆ?

*ਨਿਆ ਦੇ ਕਾਰਨ ਪਵਿੱਤਰ ਆਤਮਾ ਤੋਂ ਨਾ ਡਰੋ, ਪਰ ਉਸ ਦੇ ਪਿਆਰ ਅਤੇ ਕਿਰਪਾ ਦੇ ਕਾਰਨ ਉਸ ਦਾ ਆਦਰ ਕਰੋ (ਰੋਮੀਆਂ 2:4, 1 ਯੂਹੰਨਾ 4:19)!*

**ਪਵਿੱਤਰ ਆਤਮਾ ਦੀ ਸ਼ਖਸੀਅਤ ਨੂੰ ਸਮਝਣਾ**

ਆਉ ਪਵਿੱਤਰ ਆਤਮਾ ਅਤੇ ਉਸਦੀ ਸ਼ਖਸੀਅਤ ਨੂੰ ਚੰਗੀ ਤਰ੍ਹਾਂ ਜਾਣਨ ਲਈ ਕੁਝ ਆਇਤਾਂ ਪੜ੍ਹੀਏ।

ਇਬਰਾਨੀਆਂ 10:29 ਤਾਂ ਫਿਰ, ਸੋਚੋ, ਉਹ ਕਿੰਨੀ ਵੱਡੀ ਸਜ਼ਾ ਦਾ ਹੱਕਦਾਰ ਹੋਵੇਗਾ, ਜਿਸ ਨੇ ਪਰਮੇਸੁਰ ਦੇ ਪੁੱਤਰ ਨੂੰ ਪੈਰਾਂ ਹੇਠ ਮਿੱਧਿਆ ਅਤੇ ਉਸ ਨੇਮ ਦੇ ਲਹੂ ਨੂੰ ਜਿਸ ਦੁਆਰਾ ਉਹ ਪਵਿੱਤਰ ਕੀਤਾ ਗਿਆ ਸੀ, ਨੂੰ ਖੁੱਲ੍ਹੇਆਮ ਤੁੱਛ ਸਮਝਿਆ ਹੈ, ਅਤੇ ਕਿਰਪਾ ਦੇ ਆਤਮਾ ਦਾ ਨਿਰਾਦਰ ਕੀਤਾ!

ਰੋਮੀਆਂ ਨੂੰ 8:2 ਕਿਉਂ ਜੋ ਜੀਵਨ ਦੇ ਆਤਮਾ ਦੀ ਬਿਵਸਥਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਬਿਵਸਥਾ ਤੋਂ ਆਜ਼ਾਦ ਕੀਤਾ ਹੈ।

ਹਾਲਾਂਕਿ ਪਹਿਲੀ ਆਇਤ ਨਿਆ ਬਾਰੇ ਗੱਲ ਕਰ ਰਹੀ ਹੈ, ਪਰ ਉਸ ਵਿੱਚ ਪਵਿੱਤਰ ਆਤਮਾ ਬਾਰੇ ਇੱਕ ਖਾਸ ਗੱਲ ਲਿਖੀ ਗਈ ਹੈ, ਕਿ ਉਹ ਕਿਰਪਾ ਦਾ ਆਤਮਾ ਹੈ। ਕਿਰਪਾ ਕੀ ਹੈ? ਕਿਰਪਾ ਇੱਕ ਅਯੋਗ ਵਿਅਕਤੀ ਪ੍ਰਤੀ ਪਿਆਰ, ਚੰਗਿਆਈ ਅਤੇ ਕਿਰਪਾ ਹੈ। ਪਵਿੱਤਰ ਆਤਮਾ ਬਹੁਤ ਚੰਗਾ ਅਤੇ ਕਿਰਪਾਲੂ ਹੈ ਅਤੇ ਉਹਨਾਂ ਨੂੰ ਪਿਆਰ ਕਰਦਾ ਹੈ ਜੋ ਉਸਦੀ ਚੰਗਿਆਈ ਦੇ ਹੱਕਦਾਰ ਵੀ ਨਹੀਂ ਹਨ। ਕੁਝ ਲੋਕਾਂ ਦੇ ਦਿਲਾਂ ਵਿੱਚ ਪਵਿੱਤਰ ਆਤਮਾ ਲਈ ਬਹੁਤ ਡਰ ਹੈ (ਰਸੂਲਾਂ ਦੇ ਕਰਤੱਬ 5:1-11)। ਹਾਲਾਂਕਿ ਸਾਨੂੰ ਆਪਣੇ ਦਿਲਾਂ ਨਾਲ ਉਸਦਾ ਆਦਰ ਕਰਨਾ ਚਾਹੀਦਾ ਹੈ, ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਹ ਕਿਰਪਾਲੂ ਹੈ ਅਤੇ ਕਿਰਪਾ ਦਾ ਆਤਮਾ ਹੈ। ਬਾਈਬਲ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਗਿਆ ਹੈ ਕਿ ਪਵਿੱਤਰ ਆਤਮਾ ਗੁੱਸੇ ਦਾ ਆਤਮਾ ਹੈ। ਉਸਦੀ ਸ਼ਖਸੀਅਤ ਕਿਰਪਾ ਨਾਲ ਭਰਪੂਰ ਹੈ ਅਤੇ ਉਸਦੀ ਹਜ਼ੂਰੀ ਤੋਂ ਹੀ ਕਿਰਪਾ ਅਤੇ ਰਹਿਮ ਦੀਆਂ ਨਦੀਆਂ ਵਗਦੀਆਂ ਹਨ। ਉਹ ਯਿਸੂ ਵਾਂਗ ਸਾਡੇ ਉੱਤੇ ਤਰਸ ਕਰਦਾ ਹੈ। ਜਦੋਂ ਮੈਂ  ਜਾਣਦਾ ਹਾਂ ਕਿ ਉਹ ਕਿਰਪਾ ਦੀ ਆਤਮਾ ਹੈ, ਫਿਰ ਹੀ ਮੈਨੂੰ ਉਸ ਕੋਲ ਕੋਲ ਆਉਣ ਦੀ ਦਲੇਰੀ ਮਿੱਲਦੀ ਹੈ, ਜਿਵੇਂ ਸਾਨੂੰ ਯਿਸੂ ਦੇ ਸਿੰਘਾਸਣ ਦੇ ਅੱਗੇ ਆਉਣ ਦੀ ਦਲੇਰੀ ਮਿੱਲਦੀ ਹੈ (ਇਬਰਾਨੀਆਂ 4:16)। ਹਾਲਾਂਕਿ ਮੈਂ ਸਾਰੀਆਂ ਚੀਜ਼ਾਂ ਵਿੱਚ ਸੰਪੂਰਨ ਨਹੀਂ ਹਾਂ, ਫਿਰ ਵੀ ਮੈਂ ਜਾਣਦਾ ਹਾਂ ਕਿ ਮੈਂ ਉਸਦੇ ਨੇੜੇ ਆ ਸਕਦਾ ਹਾਂ, ਅਤੇ ਉਸਦੇ ਪਿਆਰ,  ਅਤੇ ਉਸ ਦੀ ਮੌਜੂਦਗੀ ਦਾ ਅਨੁਭਵ ਕਰ ਸਕਦਾ ਹਾਂ ਕਿਉਂਕਿ ਉਹ ਕਿਰਪਾਲੂ ਹੈ। ਉਹ ਸਾਡੇ ਉੱਤੇ ਮਿਹਰਬਾਨ ਹੋ ਕੇ ਬਹੁਤ ਖੁਸ਼ ਹੁੰਦਾ ਹੈ!

ਉਹ ਜੀਵਨ ਦਾ ਆਤਮਾ ਵੀ ਹੈ। ਜਿੰਦਗੀ ਕੀ ਹੈ? ਸ਼ਾਂਤੀ, ਜੀਵਨ ਹੈ। ਪਿਆਰ, ਜਿੰਦਗੀ ਹੈ। ਚੰਗਾਈ, ਛੁਟਕਾਰਾ, ਮਾਫੀ ਅਤੇ ਆਜ਼ਾਦੀ ਜੀਵਨ ਹੈ। ਪਵਿੱਤਰ ਆਤਮਾ ਦੀ ਅਵਾਜ਼ ਸੁਣਨਾ ਅਤੇ ਉਸਦੀ ਮੌਜੂਦਗੀ ਵਿੱਚ ਸਮਾਂ ਬਿਤਾਉਣਾ ਸਾਨੂੰ ਜੀਵਨ ਦਿੰਦਾ ਹੈ ਅਤੇ ਸਾਨੂੰ ਖੁਸ਼ ਮਹਿਸੂਸ ਕਰਾਉਦਾ ਹੈ (ਜ਼ਬੂਰ 36:8)। ਜੇ ਤੁਸੀਂ ਪਵਿੱਤਰ ਆਤਮਾ ਨਾਲ ਲਗਾਤਾਰ ਡੂੰਘੀ ਸੰਗਤ ਕਰਦੇ ਰਹੋਗੇ, ਤਾਂ ਇਸ ਦੇ ਨਤੀਜੇ ਤੁਹਾਡੇ ਜੀਵਨ ਵਿਚ ਦਿਖਾਈ ਦੇਣਗੇ, ਜਿਵੇਂ ਕਿ ਡੂੰਘੀ ਖੁਸ਼ੀ,ਅੰਨਦ ਅਤੇ ਸ਼ਾਂਤੀ ਜਿਸ ਨੂੰ ਦੂਸਰੇ ਤੁਰੰਤ ਪਛਾਣ ਸਕਦੇ ਹਨ। ਇਹਨਾਂ ਦੋ ਗੱਲਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਮਨੁੱਖਾਂ ਦੀਆਂ ਪਰੰਪਰਾਵਾਂ ਅਤੇ ਸ਼ੈਤਾਨੀ ਝੂਠ, ਸਾਡੇ ਅਤੇ ਪਵਿੱਤਰ ਆਤਮਾ ਦੇ ਵਿਚਕਾਰ ਰੁਕਾਵਟ ਬਣ ਕੇ ਖੜੇ ਹੋਣਗੇ।

*ਯੂਹੰਨਾ 1:32-33 ਅਤੇ ਯੂਹੰਨਾ ਨੇ ਗਵਾਹੀ ਦੇ ਕੇ ਆਖਿਆ, ''ਮੈਂ ਆਤਮਾ ਨੂੰ ਕਬੂਤਰ ਦੀ ਵਾਂਗ ਸਵਰਗ ਤੋਂ ਉਤਰਦਿਆਂ ਦੇਖਿਆ, ਅਤੇ ਉਸ ਉੱਤੇ ਠਹਿਰਿਆ ਵੇਖਿਆ। ਮੈਂ ਵੀ ਨਹੀਂ ਜਾਣਦਾ ਸੀ ਕਿ ਮਸੀਹ ਕੌਣ ਹੈ, ਪਰ ਮੈਨੂੰ ਪਰਮੇਸ਼ਰ ਨੇ ਭੇਜਿਆ ਕਿ ਮੈਂ ਲੋਕਾ ਨੂੰ ਪਾਣੀ ਨਾਲ ਬਪਤਿਸਮਾ ਦੇਵਾਂ ਅਤੇ ਪਰਮੇਸ਼ਰ ਨੇ ਮੈਨੂੰ ਦੱਸਿਆ, ਤੂੰ ਆਤਮਾ ਨੂੰ ਸਵਰਗ ਤੋਂ ਉੱਤਰਦਿਆਂ ਅਤੇ ਇੱਕ ਮਨੁੱਖ ਉੱਤੇ ਠਹਿਰਦਿਆਂ ਦੇਖੇਂਗਾ ਅਤੇ ਉਹ ਪਵਿੱਤਰ ਆਤਮਾ ਨਾਲ ਲੋਕਾਂ ਨੂੰ ਬਪਤਿਸਮਾ ਦੇਵੇਗਾ।''*

ਪਵਿੱਤਰ ਆਤਮਾ ਨੇ ਸਾਰੇ ਜਾਨਵਰਾਂ ਵਿੱਚੋਂ ਕਬੂਤਰ ਦਾ ਰੂਪ ਕਿਉਂ ਚੁਣਿਆ? ਕੀ ਤੁਸੀਂ ਕਦੇ ਇਸ ਬਾਰੇ ਸੋਚਿਆ ਹੈ? ਸ਼ੈਤਾਨ ਨੇ ਸੱਪ ਨੂੰ ਚੁਣਿਆ ਕਿਉਂਕਿ ਸੱਪ ਦੀ ਸ਼ਖਸੀਅਤ ਸ਼ੈਤਾਨ ਦੀ ਸ਼ਖਸੀਅਤ ਦਾ ਸਹੀ ਵਰਨਣ ਕਰਦੀ ਹੈ, ਜ਼ਿਵੇਂ ਇਕੱਲੇ, ਅਵਿਵਹਾਰਕ, ਚੋਰੀ-ਛਿਪੇ ਕਾਤਲ ਵਜੋਂ ਦਰਸਾਉਂਦੀ ਹੈ ਜੋ ਹਰ ਚੀਜ਼ ਨੂੰ ਮਾਰਨ ਅਤੇ ਖਾਣ ਦੀ ਕੋਸ਼ਿਸ਼ ਕਰਦਾ ਹੈ। ਪਰ ਕਬੂਤਰ ਦੇ ਪਾਤਰ ਅਤੇ ਸੁਭਾਅ ਕੀ ਹਨ ਜੋ ਪਵਿੱਤਰ ਆਤਮਾ ਦਾ ਵਰਣਨ ਕਰਦੇ ਹਨ?

ਕਬੂਤਰ (ਪੂਰਾ ਚਿੱਟਾ ਪੰਛੀ ਜੋ ਕਬੂਤਰ ਵਰਗਾ ਦਿਖਾਈ ਦਿੰਦਾ ਹੈ) ਪੂਰੀ ਤਰ੍ਹਾਂ ਚਿੱਟਾ ਰੰਗ ਦਾ ਹੁੰਦਾ ਹੈ ਜੋ ਸ਼ੁੱਧਤਾ ਅਤੇ ਪਵਿੱਤਰਤਾ ਨੂੰ ਦਰਸਾਉਂਦਾ ਹੈ। ਕਬੂਤਰ ਪੂਰੀ ਦੁਨੀਆ ਵਿਚ ਸ਼ਾਂਤੀ ਦਾ ਪ੍ਰਤੀਕ ਹੈ। ਕਬੂਤਰ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਜੀਵਨ ਭਰ ਸਿਰਫ਼ ਇੱਕ ਸਾਥੀ ਨਾਲ ਰਹਿੰਦੀ ਹੈ, ਅਤੇ ਉਸ ਸਾਥੀ ਪ੍ਰਤੀ ਵਫ਼ਾਦਾਰ ਰਹਿੰਦੀ ਹੈ। ਇਹ ਦਰਸਾਉਂਦਾ ਹੈ ਕਿ ਪਵਿੱਤਰ ਆਤਮਾ ਸਾਡੇ ਲਈ ਵਫ਼ਾਦਾਰ ਅਤੇ ਵਿਸ਼ਵਾਸਯੋਗ ਹੈ।

ਬਾਈਬਲ ਦੀਆਂ ਹੋਰ ਆਇਤਾਂ ਵਿੱਚ ਵੀ ਪਵਿੱਤਰ ਆਤਮਾ ਦੇ ਪ੍ਰਗਟਾਵੇ ਬਾਰੇ ਲਿਖਿਆ ਹੈ, ਜਦੋਂ ਉਹ ਹਵਾ, ਅੱਗ ਅਤੇ ਭੁਚਾਲ ਦੇ ਰੂਪ ਵਿੱਚ ਪ੍ਰਗਟ ਹੋਇਆ ਸੀ (ਰਸੂਲਾਂ ਦੇ ਕਰਤੱਬ 2:1-4, 4:31, 16:25-26)। ਇਹ ਪ੍ਰਗਟਾਵੇ ਪਵਿੱਤਰ ਆਤਮਾ ਦੇ ਪ੍ਰਗਟਾਵੇ ਨਾਲ ਤਾਂ ਸਬੰਧਤ ਨਹੀਂ ਹੈ, ਪਰ ਉਸਦੇ ਕੰਮਾਂ ਨਾਲ ਸਬੰਧਤ ਹਨ। ਪਵਿੱਤਰ ਆਤਮਾ ਦਾ ਸੁਭਾਅ ਸ਼ਾਂਤੀ ਨਾਲ ਭਰਿਆ ਹੋਇਆ, ਪਵਿੱਤਰ, ਸ਼ੁੱਧ ਅਤੇ ਵਫ਼ਾਦਾਰ ਹੈ।

ਯਿਸੂ ਉੱਤੇ ਪਵਿੱਤਰ ਆਤਮਾ ਦੇ ਉਤਰਨ ਦਾ ਕੀ ਮਕਸਦ ਸੀ? ਇਹ ਯੂਹੰਨਾ 1:32 ਵਿੱਚ ਲਿਖਿਆ ਗਿਆ ਹੈ ਕਿ ਪਵਿੱਤਰ ਆਤਮਾ ਯਿਸੂ ਉੱਤੇ ਆਰਾਮ ਕਰਨ ਲਈ ਆਇਆ ਸੀ। ਪਵਿੱਤਰ ਆਤਮਾ ਇੱਕ ਪ੍ਰੇਮੀ ਹੈ ਜੋ ਪਿਆਰੇ ਨੂੰ ਲੱਭਣ ਲਈ ਆਇਆ ਹੈ। ਉਹ ਇੱਕ ਅਜਿਹੀ ਜਗ੍ਹਾ ਲੱਭਣ ਲਈ ਆਇਆ ਜਿੱਥੇ ਉਸਨੂੰ ਨੇੜਤਾ, ਦੋਸਤੀ ਅਤੇ ਪਿਆਰ ਮਿਲ ਸਕਦਾ ਸੀ। ਪਵਿੱਤਰ ਆਤਮਾ ਨੇ ਯਿਸੂ ਵਿੱਚ ਅਜਿਹਾ ਸਥਾਨ ਪਾਇਆ ਅਤੇ ਯਿਸੂ ਨੇ ਪਵਿੱਤਰ ਆਤਮਾ ਨੂੰ ਪਿਆਰ ਕੀਤਾ। ਯਿਸੂ ਜਿੱਥੇ ਵੀ ਗਿਆ, ਉਹ ਪਵਿੱਤਰ ਆਤਮਾ ਪ੍ਰਤੀ ਸੰਵੇਦਨਸ਼ੀਲ ਅਤੇ ਸਾਵਧਾਨ ਰਿਹਾ। ਅਸੀਂ ਇਸ ਬਾਰੇ ਤੀਜੇ ਅਧਿਆਇ ਵਿਚ ਹੋਰ ਸਿੱਖਾਂਗੇ।

ਯਿਸੂ ਸਾਡਾ ਨਮੂਨਾ ਅਤੇ ਉਦਾਹਰਣ ਹੈ। ਜੇ ਪਵਿੱਤਰ ਆਤਮਾ ਯਿਸੂ ਉੱਤੇ ਠਹਿਰਿਆ, ਤਾਂ ਉਹ ਸਾਡੇ ਉੱਤੇ ਵੀ ਠਹਿਰਣਾ ਚਾਹੁੰਦਾ ਹੈ। ਸਾਡੇ ਦਿਲਾਂ ਵਿਚ ਇਹ ਸਵਾਲ ਨਹੀਂ ਹੋਣਾ ਚਾਹੀਦਾ, ''ਕੀ ਪਵਿੱਤਰ ਆਤਮਾ ਉਤਰ ਕੇ

ਮੇਰੇ ਉੱਤੇ ਠਹਿਰਣਾ ਚਾਹੇਗਾ?", ਸਗੋਂ ਸਵਾਲ ਇਹ ਹੋਣਾ ਚਾਹੀਦਾ ਹੈ, "ਕੀ ਮੈਂ ਉਸ ਦੀ ਮੌਜੂਦਗੀ ਦਾ ਪਿਆਰ, ਸਤਿਕਾਰ ਅਤੇ ਸਨੇਹ ਦੇ ਨਾਲ ਸਵਾਗਤ ਕਰਾਂਗਾ ਜਾਂ ਨਹੀਂ?"

**ਸਭ ਤੋਂ ਵੱਡਾ ਹੁਕਮ**

ਅਸੀਂ ਹੁਣ ਦੋ ਬਹੁਤ ਮਹੱਤਵਪੂਰਨ ਹੁਕਮਾਂ ਨੂੰ ਧਿਆਨ ਨਾਲ ਦੇਖਾਂਗੇ ਜੋ ਪਵਿੱਤਰ ਆਤਮਾ ਨਾਲ ਸਬੰਧਤ ਹਨ।

ਮਰਕੁਸ 12:28-30 ਉਪਦੇਸ਼ਕਾਂ ਵਿੱਚੋਂ ਇੱਕ ਨੇ ਕੋਲ ਆਣ ਕੇ ਉਨ੍ਹਾਂ ਨਾਲ ਸਵਾਲ ਜਵਾਬ ਸੁਣਿਆ ਅਤੇ ਇਹ ਸਮਝ ਕੇ ਜੋ ਉਸ ਨੇ ਉਨ੍ਹਾਂ ਨੂੰ ਚੰਗਾ ਜਵਾਬ ਦਿੱਤਾ ਹੈ ਉਹ ਨੂੰ ਪੁੱਛਿਆ , "ਸਭਨਾਂ ਹੁਕਮਾਂ ਵਿੱਚੋ ਵੱਡਾ ਹੁਕਮ ਕਿਹੜਾ ਹੈ?" ਯਿਸੂ ਨੇ ਉਸਨੂੰ ਉੱਤਰ ਦਿੱਤਾ, ਕਿ ਮੁੱਖ ਇਹ ਹੈ ਕਿ ਹੇ ਇਸਰਾਏਲ, ਸੁਣ, ਪ੍ਰਭੂ ਸਾਡਾ ਪ੍ਰਮੇਸ਼ਵਰ ਇੱਕੋ ਪ੍ਰਭੂ ਹੈ। ਅਤੇ ਤੂੰ ਪ੍ਰਭੂ ਆਪਣੇ ਪਰਮੇਸ਼ਵਰ ਨੂੰ ਆਪਣੇ ਸਾਰੇ ਦਿੱਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ।"

ਪਹਿਲਾ ਅਤੇ ਸਭ ਤੋਂ ਮਹੱਤਵਪੂਰਣ ਹੁਕਮ, ਯਿਸੂ ਦੇ ਅਨੁਸਾਰ, ਖੁਸ਼ਖਬਰੀ ਦਾ ਪ੍ਰਚਾਰ ਨਹੀਂ ਕਰਨਾ ਹੈ, ਹਾਲਾਂਕਿ ਇਹ ਕੰਮ ਬਹੁਤ ਮਹੱਤਵਪੂਰਨ ਹੈ। ਨਾ ਗਰੀਬਾਂ ਦੀ ਸੇਵਾ ਕਰਨੀ, ਨਾ ਬਿਮਾਰਾਂ ਨੂੰ ਚੰਗਾ ਕਰਨਾ, ਨਾ ਦੁਸ਼ਟ ਆਤਮਾ ਨੂੰ ਕੱਢਣਾ। ਪਹਿਲਾ ਅਤੇ ਪ੍ਰਮੁੱਖ ਹੁਕਮ ਹੈ ਪਰਮੇਸ਼ੁਰ ਨੂੰ ਪਿਆਰ ਕਰਨਾ, ਅਤੇ ਅਸੀ ਇਸ ਲਈ ਹੀ ਬੁਲਾਏ ਗਏ ਹਾਂ। ਪਰ ਸਾਨੂੰ ਪਰਮੇਸ਼ਵਰ ਦੇ ਕਿਹੜੇ ਮੈਂਬਰ ਨੂੰ ਪਿਆਰ ਕਰਨਾ ਚਾਹੀਦਾ ਹੈ? ਯਿਸੂ ਨੇ ਇਹ ਨਹੀਂ ਕਿਹਾ ਕਿ ਪਰਮੇਸ਼ੁਰ ਪਿਤਾ ਨੂੰ ਹੀ ਆਪਣੇ ਸਾਰੇ ਦਿਲ ਨਾਲ ਪਿਆਰ ਕਰੋ। ਯਿਸੂ ਨੇ ਪਰਮੇਸ਼ੁਰ ਨੂੰ ਪਿਆਰ ਕਰਨ ਲਈ ਕਿਹਾ। ਜਿਵੇਂ ਕਿ ਅਸੀਂ ਪਹਿਲੇ ਅਧਿਆਇ ਵਿੱਚ ਸਿੱਖਿਆ ਹੈ, ਪ੍ਰਮੇਸ਼ਵਰ ਤਿੰਨ ਵਿਅਕਤੀ ਹਨ, ਇਸ ਲਈ ਸਾਨੂੰ ਉਨ੍ਹਾਂ ਤਿੰਨਾਂ ਨੂੰ ਬਰਾਬਰ ਪਿਆਰ ਕਰਨਾ ਚਾਹੀਦਾ ਹੈ। ਆਓ ਅਸੀਂ ਇਕੱਲੇ ਯਿਸੂ ਨੂੰ ਪਿਆਰ ਨਾ ਕਰੀਏ, ਅਤੇ ਇਕੱਲੇ ਪਿਤਾ ਨੂੰ ਪਿਆਰ ਨਾ ਕਰੀਏ. ਆਓ ਤਿੰਨਾਂ ਨੂੰ ਪਿਆਰ ਕਰੀਏ ਅਤੇ ਤਿੰਨਾਂ ਨੂੰ ਅਨਮੋਲ ਸਮਝੀਏ ਅਤੇ ਤਿੰਨਾਂ ਨਾਲ ਡੂੰਘੀ ਸੰਗਤ ਕਰੀਏ।

ਜਿਆਦਾਤਰ ਵਿਸ਼ਵਾਸੀ ਪਰਮੇਸ਼ਵਰ ਨੂੰ ਇਸ ਤਰ੍ਹਾਂ ਨਹੀਂ ਸਮਝਦੇ, ਇਸ ਲਈ ਉਨ੍ਹਾਂ ਦਾ ਪਰਮੇਸ਼ਵਰ ਨਾਲ ਰਿਸ਼ਤਾ ਅਸਪਸ਼ਟ ਅਤੇ ਧੁੰਦਲਾ ਹੁੰਦਾ ਹੈ। ਪਰ, ਇਸ ਹੁਕਮ ਅਨੁਸਾਰ ਸਾਨੂੰ ਤਿੰਨਾਂ ਨੂੰ ਬਰਾਬਰ ਪਿਆਰ ਕਰਨਾ ਚਾਹੀਦਾ ਹੈ। ਪਵਿੱਤਰ ਆਤਮਾ ਨੂੰ ਇੱਕ ਸੰਵੇਦਨਸ਼ੀਲ ਅਤੇ ਪਿਆਰ ਕਰਨ ਵਾਲੇ ਵਿਅਕਤੀ ਵਜੋਂ ਜਾਣਨ ਤੋਂ ਬਾਅਦ, ਮੈਨੂੰ ਅਹਿਸਾਸ ਹੋਇਆ ਕਿ ਇਹ ਪਹਿਲਾ ਹੁਕਮ ਉਸ ਬਾਰੇ ਹੈ। ਮੈਨੂੰ ਪਵਿੱਤਰ ਆਤਮਾ ਨਾਲ ਪਿਆਰ ਕਰਨ ਲਈ ਬੁਲਾਇਆ ਗਿਆ ਹੈ, ਜਿਵੇਂ ਕਿ ਮੈਨੂੰ ਯਿਸੂ ਨੂੰ ਪਿਆਰ ਕਰਨ ਲਈ ਬੁਲਾਇਆ ਗਿਆ ਹੈ। ਪਵਿੱਤਰ ਆਤਮਾ ਨੂੰ ਪਿਆਰ ਨਾ ਕਰਨਾ ਸਭ ਤੋਂ ਮਹੱਤਵਪੂਰਨ ਹੁਕਮ ਨੂੰ ਤੋੜਨਾ ਹੈ! ਮੰਨ ਲਓ ਕਿ ਤੁਸੀਂ ਮੇਰੇ ਘਰ ਆਏ ਅਤੇ ਜਦੋਂ ਤੁਸੀਂ ਆਏ ਤਾਂ ਮੈਨੂੰ ਕਿਹਾ, "ਮੈਨੂੰ ਤੁਹਾਡੇ ਨਾਲ ਸੰਗਤ ਕਰਨਾ ਪਸੰਦ ਹੈ, ਪਰ ਮੈਂ ਤੁਹਾਡੀ ਪਤਨੀ ਨੂੰ ਬਿਲਕੁਲ ਵੀ ਪਸੰਦ ਨਹੀਂ ਕਰਦਾ, ਅਤੇ ਮੈਂ ਉਸ ਨਾਲ ਦੁਬਾਰਾ ਮਿਲਣਾਂ ਜਾਂ ਗੱਲ ਕਰਨੀ ਨਹੀਂ ਚਾਹੁੰਦਾ!" ਜੇਕਰ ਕੋਈ ਮੇਰੇ ਨਾਲ ਇਸ ਤਰ੍ਹਾਂ ਦੀ ਗੱਲ ਕਰਦਾ ਹੈ ਤਾਂ ਸਾਫ਼ ਹੈ ਕਿ ਉਹ ਮੇਰਾ ਚੰਗਾ ਦੋਸਤ ਨਹੀਂ ਹੋ ਸਕਦਾ। ਪਿਆਰੇ, ਆਓ ਅਸੀਂ ਪਵਿੱਤਰ ਆਤਮਾ ਨੂੰ ਵੀ ਓਸੇਂ ਤਰ੍ਹਾਂ ਪਿਆਰ ਕਰੀਏ ਜਿਵੇਂ ਅਸੀਂ ਪਿਤਾ ਅਤੇ ਯਿਸੂ ਨੂੰ ਪਿਆਰ ਕਰਦੇ ਹਾਂ।

ਯਿਸੂ ਨੇ ਇਹ ਨਹੀਂ ਕਿਹਾ ਕਿ 'ਪਹਿਲਾ ਹੁਕਮ ਪਰਮੇਸ਼ੁਰ ਨੂੰ ਪਿਆਰ ਕਰਨਾ ਹੈ', "ਪਰ ਪਹਿਲਾ ਹੁਕਮ ਇਹ ਹੈ ਕਿ ਤੁਸੀਂ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ, ਆਪਣੀ ਸਾਰੀ ਜਾਨ ਨਾਲ, ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰੋ।" ਇਹ ਇੱਕ ਬਹੁਤ ਹੀ ਵਰਣਨਯੋਗ ਅਤੇ ਡੂੰਘਾ ਹੁਕਮ ਹੈ! ਇਹ ਕਹਿ ਕੇ, ਯਿਸੂ ਨੇ ਜੀਵਨ ਦਾ ਕੋਈ ਹਿੱਸਾ ਨਹੀਂ ਛੱਡਿਆ! ਸਿਰਫ਼ ਦਿਲ ਨਾਲ ਨਹੀਂ, ਸਗੋਂ ਪੂਰੇ ਦਿਲ ਨਾਲ

ਪਿਆਰ ਕਰਨ ਲਈ ਕਿਹਾ ਹੈ। ਇਹ ਇੱਕ ਬਹੁਤ ਹੀ ਕਰਾਂਤੀਕਾਰੀ ਹੁਕਮ ਹੈ ਜਿਸਦੀ ਪਾਲਣਾ ਕਰਨ ਨਾਲ ਸਾਡੀ ਪੂਰੀ ਜਿੰਦਗੀ ਬਦਲ ਜਾਵੇਗੀ।

ਆਓ ਆਪਾਂ ਸਮਝੀਏ ਕਿ ਯਿਸੂ ਨੇ ਯੂਨਾਨੀ ਭਾਸ਼ਾ ਦੇ ਅਨੁਸਾਰ ਕੀ ਸਿਖਾਇਆ ਸੀ।

ਦਿਲ ਸ਼ਬਦ ਮੂਲ ਯੂਨਾਨੀ ਭਾਸ਼ਾ ਵਿੱਚ 'ਕਾਰਡੀਆ' ਹੈ ਜਿਸਦਾ ਅਰਥ ਹੈ ਜੀਵਨ ਦਾ ਕੇਂਦਰ ਬਿੰਦੂ, ਸ਼ਖਸੀਅਤ, ਪਿਆਰ ਅਤੇ ਇੱਛਾ ਦਾ ਕੇਂਦਰ ਬਿੰਦੂ।

ਆਤਮਾ ਸ਼ਬਦ ਦੀ ਉਤਪਤੀ ਯੂਨਾਨੀ ਸ਼ਬਦ 'ਸੁਚੇ' ਤੋਂ ਹੋਈ ਹੈ ਜਿਸਦਾ ਅਰਥ ਹੈ ਪਿਆਰ, ਸੁਤੰਤਰ ਇੱਛਾ, ਇੱਛਾ ਅਤੇ ਭਾਵਨਾਵਾਂ।

ਬੁੱਧੀ ਸ਼ਬਦ ਦੀ ਸ਼ੁਰੂਆਤ ਯੂਨਾਨੀ ਭਾਸ਼ਾ 'ਡੀਨੋਇਨਾ' ਤੋਂ ਹੋਈ ਹੈ ਜਿਸਦਾ ਅਰਥ ਹੈ ਵਿਚਾਰ, ਸਮਝ, ਧਿਆਨ ਅਤੇ ਚਿੰਤਨ।

ਸ਼ਕਤੀ ਸ਼ਬਦ ਦਾ ਮੂਲ ਯੂਨਾਨੀ ਭਾਸ਼ਾ 'ਇਸਚੁਸ' ਤੋਂ ਹੋਇਆ ਹੈ ਜਿਸਦਾ ਅਰਥ ਹੈ ਸਰੀਰਕ ਤਾਕਤ, ਹੁਨਰ, ਜਾਇਦਾਦ, ਦੌਲਤ ਅਤੇ ਆਰਥਿਕ ਯੋਗਤਾ।

ਤੁਸੀਂ ਹੁਣ ਸਮਝ ਸਕਦੇ ਹੋ ਕਿ ਯਿਸੂ ਕਿੰਨਾ ਚਾਹੁੰਦਾ ਹੈ ਕਿ ਅਸੀਂ ਪਰਮੇਸੁਰ ਨੂੰ ਪਿਆਰ ਕਰੀਏ।ਇਸ ਸੂਚੀ ਵਿੱਚ ਕੁਝ ਵੀ ਨਹੀਂ ਬਚਿਆ ਹੈ, ਕਿਉਂਕਿ ਪਰਮੇਸੁਰ ਸਾਡੀ ਜਿੰਦਗੀ ਵਿੱਚ ਇਹ ਸਭ ਚਾਹੁੰਦਾ ਹੈ। ਪਵਿੱਤਰ ਆਤਮਾ ਇੱਕ ਈਰਖਾਲੂ ਪ੍ਰੇਮੀ ਹੈ (ਯਾਕੂਬ 4: 4-5) ਅਤੇ ਉਹ ਸਾਡੇ ਪਿਆਰ, ਸਨੇਹ ਅਤੇ ਧਿਆਨ ਨੂੰ ਲੋਚਦਾ ਹੈ।

ਪਰਮੇਸੁਰ ਦੇ ਹੁਕਮ, ਸਾਡੇ ਜੀਵਨ ਦਾ ਟੀਚਾ ਅਤੇ ਖੋਜ ਹੋਣੀ ਚਾਹੀਦਾ ਹੈ। ਲੋਕ ਮੇਰੇ ਕੋਲ ਮਾਰਗਦਰਸ਼ਨ ਲਈ ਆਉਂਦੇ ਹਨ ਅਤੇ ਪੁੱਛਦੇ ਹਨ, ''ਮੈਨੂੰ ਨਹੀਂ ਪਤਾ ਕਿ ਮੈਂ ਕੀ ਕਰਾਂ। ਕੀ ਮੈਨੂੰ ਸੇਵਾ ਕਰਨੀ ਚਾਹੀਦੀ ਹੈ ਜਾਂ ਨੌਕਰੀ ਕਰਨੀ ਚਾਹੀਦੀ ਹੈ? ਕੀ ਮੈਨੂੰ ਵਿਆਹ ਕਰਨਾ ਚਾਹੀਦਾ ਹੈ ਜਾਂ ਕੁਆਰਾ ਰਹਿਣਾ ਚਾਹੀਦਾ ਹੈ?'' ਮੇਰਾ ਦਿਲ ਖੁਸ਼ ਹੁੰਦਾ ਹੈ ਜਦੋਂ ਲੋਕ ਮੈਨੂੰ ਅਜਿਹੇ ਸਵਾਲ ਪੁੱਛਦੇ ਹਨ, ਕਿਉਂਕਿ ਉਹ ਪਰਮੇਸੁਰ ਦੀ ਇੱਛਾ ਪੂਰੀ ਕਰਨਾ ਚਾਹੁੰਦੇ ਹਨ। ਇਹ ਬਹੁਤ ਵਧੀਆ ਗੱਲ ਹੈ। ਪਰ ਉਹ ਇੱਕ ਕਿਸਮ ਦੀ ਗੜਬੜ ਵਿੱਚ ਹਨ। ਸਭ ਤੋਂ ਮਹੱਤਵਪੂਰਣ ਅਤੇ ਜਰੂਰੀ ਗੱਲ ਸੇਵਾ ਕਰਨੀ ਨਹੀਂ, ਨਾ ਵਿਆਹ ਕਰਨਾ, ਅਤੇ ਨਾ ਹੀ ਇੱਕ ਚੰਗਾ ਪਰਿਵਾਰਕ ਜੀਵਨ ਜੀਉਣਾ। ਪਰ ਸਭ ਤੋਂ ਪਹਿਲਾ ਹੁਕਮ ਹਰ ਕੋਈ ਪੂਰਾ ਕਰ ਸਕਦਾ ਹੈ, ਭਾਵੇਂ ਉਹ ਪੂਰੇ ਸਮੇਂ ਦੀ ਸੇਵਾ ਵਿਚ ਹੈ ਜਾਂ ਘਰੇਲੂ ਔਰਤ ਹੈ, ਭਾਵੇਂ ਉਹ ਵਿਆਹਿਆ ਹੋਇਆ ਹੈ ਜਾਂ ਕੁਆਰਾ ਹੈ। ਪਹਿਲਾ ਹੁਕਮ ਸਾਡੇ ਕੰਮਾਂ ਜਾਂ ਨੌਕਰੀ ਬਾਰੇ ਨਹੀਂ ਹੈ, ਪਰ ਪਰਮੇਸੁਰ ਨਾਲ ਸਾਡੇ ਰਿਸ਼ਤੇ ਬਾਰੇ ਹੈ। ਇਹ ਸਾਡੀ ਜਿੰਦਗੀ ਦਾ ਪਹਿਲਾ ਟੀਚਾ ਹੋਣਾ ਚਾਹੀਦਾ ਹੈ।

*ਯੂਹੰਨਾ 4:24 ਪਰਮੇਸੁਰ ਆਤਮਾ ਹੈ, ਅਤੇ ਇਸ ਲਈ ਜੋ ਲੋਕ ਉਸਦੀ ਉਪਾਸਨਾ ਕਰਦੇ ਹਨ ਉਨ੍ਹਾਂ ਨੂੰ ਉਸ ਦੀ ਆਤਮਾ ਅਤੇ ਸੱਚਾਈ ਨਾਲ ਉਪਾਸਨਾ ਕਰਨੀ ਚਾਹੀਦੀ ਹੈ।*

*ਪਰਕਾਸ਼ ਦੀ ਪੋਥੀ 14:7 ਉਸ ਨੇ ਵੱਡੀ ਅਵਾਜ਼ ਨਾਲ ਆਖਿਆ, ਪਰਮੇਸੁਰ ਤੋਂ ਡਰੋ ਅਤੇ ਉਹ ਦੀ ਮਹਿਮਾ ਅਤੇ ਆਦਰ ਕਰੋ ਕਿਉਂ ਜੋ ਉਹ ਦੇ ਨਿਆਂ ਦਾ ਸਮਾਂ ਆ ਗਿਆ ਹੈ ਅਤੇ ਉਹ ਦੀ ਉਪਾਸਨਾ ਕਰੋ ਜਿਸ ਨੇ ਅਕਾਸ਼ ਅਤੇ ਧਰਤੀ, ਸਮੁੰਦਰ ਅਤੇ ਪਾਣੀ ਦੇ ਚਸ਼ਮੇ ਬਣਾਏ ਹਨ। ਤੁਸੀਂ ਉਸ ਨੂੰ ਮੱਥਾ ਟੇਕੋ''*

*ਪਰਕਾਸ਼ ਦੀ ਪੋਥੀ 22:9 ਤਾਂ ਉਸ ਮੈਨੂੰ ਆਖਿਆ, ਭਈ ਇਸ ਤਰ੍ਹਾਂ ਨਾ ਕਰ। ਮੈਂ ਤਾਂ ਤੇਰੇ ਅਤੇ ਨਬੀਆਂ ਦੇ ਜੋ ਤੇਰੇ ਭਰਾ ਹਨ ਅਤੇ ਉਹਨਾਂ ਦੇ ਜਿਹੜੇ ਇਸ ਪੋਥੀ ਦੀਆਂ ਗੱਲਾਂ ਦੀ ਪਾਲਣਾ ਕਰਦੇ ਹਨ,ਨਾਲ ਦਾ ਦਾਸ ਹਾਂ। ਪਰਮੇਸ਼ਰ ਨੂੰ ਮੱਥਾ ਟੇਕ।*

ਬਾਈਬਲ ਵਿਚ ਲਿਖੀ ਹਰ ਅਰਾਧਨਾ ਦਾ ਹੁਕਮ ਪਰਮੇਸ੍ਰੁਰ ਵੱਲ ਇਸ਼ਾਰਾ ਕਰਦਾ ਹੈ। ਬਾਈਬਲ ਵਿਚ ਅਜਿਹਾ ਕੋਈ ਬਚਨ ਨਹੀਂ ਹੈ ਕਿ ਸਾਨੂੰ ਸਿਰਫ਼ ਪਿਤਾ ਦੀ ਹੀ ਅਰਾਧਨਾ ਕਰਨ ਵੱਲ ਕੇਂਦਰਤ ਕਰਦਾ ਹੈ। ਸਾਨੂੰ ਪਰਮੇਸ੍ਰੁਰ ਦੀ ਅਰਾਧਨਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਯਾਦ ਰੱਖੋ ਕਿ ਪਰਮੇਸ਼ਰ  ਤਿੰਨ ਹਨ ਅਤੇ ਸਾਨੂੰ ਉਹਨਾਂ ਤਿੰਨਾ ਦੀ ਹੀ ਅਰਾਧਨਾ ਕਰਨੀ ਚਾਹੀਦੀ ਹੈ।

ਓਨ੍ਹਾਂ ਬਚਨਾ ਦੇ ਅਨੁਸਾਰ ਜੋਂ ਅਸੀ ਪੜ੍ਹੇ ਹਨ, ਸਾਨੂੰ ਇਹ ਹੁਕਮ ਦਿੱਤਾ ਗਿਆ ਹੈ ਕਿ ਅਸੀਂ (1) ਪਵਿੱਤਰ ਆਤਮਾ ਦੀ ਅਰਾਧਨਾ ਕਰੀਏ, (2) ਉਸ ਤੋਂ ਡਰੀਏ, (3) ਉਸ ਦਾ ਆਦਰ ਕਰੀਏ, ਅਤੇ (4) ਉਸ ਦੀ ਵਡਿਆਈ ਕਰੀਏ, ਜਿਵੇਂ ਅਸੀਂ ਯਿਸੂ  ਅਤੇ ਪਿਤਾ ਲਈ ਕਰਦੇ ਹਾਂ।

ਅਰਾਧਨਾ ਕੀ ਹੈ? ਇਹ ਸਾਡੀਆਂ ਆਤਮਾਵਾਂ ਦੀ ਪ੍ਰਤੀਕਿਰਿਆ ਹੁੰਦੀ ਹੈ ਜਦੋਂ ਅਸੀਂ ਪਰਮੇਸ਼ਵਰ ਦੀ ਕਿਰਪਾ ਅਤੇ ਸੱਚਾਈ ਦਾ ਅਨੁਭਵ ਕਰਦੇ ਹਾਂ। ਜਦੋਂ ਅਸੀਂ ਯਿਸੂ ਨੂੰ ਦੇਖਦੇ ਹਾਂ ਕਿ ਉਹ ਕਿੰਨਾ ਦੀਨ,  ਨਿਮਰ ਅਤੇ ਪਿਆਰ ਨਾਲ ਭਰਪੂਰ ਹੈ, ਤਾਂ ਅਸੀਂ ਉਸਦੀ ਅਰਾਧਨਾ ਕਰਦੇ ਹਾਂ। ਜਦੋਂ ਅਸੀਂ ਪਿਤਾ ਦੇ ਪਿਆਰ ਅਤੇ ਉਸ ਦੀ ਮਹਿਮਾ ਨੂੰ ਦੇਖਦੇ ਹਾਂ ਕਿ ਉਸ ਨੇ ਆਪਣੇ ਪੁੱਤਰ ਯਿਸੂ ਨੂੰ ਸਾਡੇ ਲਈ ਦੇ ਦਿੱਤਾ, ਤਾਂ ਅਸੀਂ ਆਪਣੇ ਸਾਰੇ ਦਿਲ ਨਾਲ ਉਸਦੀ ਅਰਾਧਨਾ ਕਰਦੇ ਹਾਂ। ਇਸੇ ਤਰ੍ਹਾਂ, ਜਦੋਂ ਅਸੀਂ ਪਵਿੱਤਰ ਆਤਮਾ ਨੂੰ ਦੇਖਦੇ ਹਾਂ ਅਤੇ ਉਸ ਨੇ ਸਾਡੇ ਲਈ ਕਿਹੋ ਜਿਹੇ ਅਦਭੁਤ ਕੰਮ ਕੀਤੇ ਹਨ (ਪਹਿਲੇ ਅਧਿਆਇ ਵਿੱਚ ਲਿਖਿਆ ਹੈ), ਤਾਂ ਅਸੀਂ ਵੀ ਸੱਚਾਈ ਨਾਲ ਉਸਦੀ ਅਰਾਧਨਾ ਵੀ ਕਰ ਸਕਦੇ ਹਾਂ।

**ਪਵਿੱਤਰ ਆਤਮਾ ਨਾਲ ਸੰਗਤ**

ਹੁਣ ਅਸੀਂ ਦੇਖਾਂਗੇ ਕਿ ਅਸੀਂ ਪਵਿੱਤਰ ਆਤਮਾ ਨਾਲ ਵਿਹਾਰਕ ਸੰਗਤੀ ਕਿਵੇਂ ਕਰ ਸਕਦੇ ਹਾਂ।

*2 ਕੁਰਿੰਥੀਆਂ ਨੂੰ 13:14 ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਅਤੇ ਪਰਮੇਸ੍ਰੁਰ ਦਾ ਪਿਆਰ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਹਾਡੇ ਸਾਰਿਆਂ ਨਾਲ ਹੋਵੇ।*

ਇਹ ਆਇਤ ਸਾਨੂੰ ਦੱਸਦੀ ਹੈ ਕਿ ਅਸੀਂ ਪਵਿੱਤਰ ਆਤਮਾ ਨਾਲ ਸੰਗਤ ਕਰਨਾ ਜਾਰੀ ਰੱਖ ਸਕਦੇ ਹਾਂ। ''ਫੇਲੋਸ਼ਿਪ ਸ਼ਬਦ ਯੂਨਾਨੀ ਸ਼ਬਦ ਕੋਇਨੋਨੀਆ'' ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ: ਭਾਗੀਦਾਰੀ, ਪਰਸਪਰ ਪ੍ਰਭਾਵ, ਭਾਗੀਦਾਰੀ, ਫੈਲੋਸ਼ਿਪ, ਵਿਚਾਰਾਂ ਅਤੇ ਭਾਵਨਾਵਾਂ ਦਾ ਆਦਾਨ-ਪ੍ਰਦਾਨ।

ਵਿਆਹ ਵਿੱਚ ਡੂੰਘੀ ਨੇੜਤਾ ਇੱਕ ਦੂਜੇ ਨਾਲ ਸਮਾਂ ਬਿਤਾਉਣ 'ਤੇ ਨਿਰਭਰ ਕਰਦੀ ਹੈ। ਜੇਕਰ ਅਸੀਂ ਇਕ ਦੂਜੇ ਨਾਲ ਖਾਸ ਸਮਾਂ ਨਹੀਂ ਬਿਤਾਉਂਦੇ ਹਾਂ, ਤਾਂ ਸਾਡਾ ਰਿਸ਼ਤਾ ਡੂੰਘਾ ਨਹੀਂ ਹੋਵੇਗਾ। ਇਸੇ ਤਰ੍ਹਾਂ ਸਾਡਾ ਰਿਸ਼ਤਾ ਪਵਿੱਤਰ ਆਤਮਾ ਨਾਲ ਹੈ। ਜੇ ਮੈਂ ਆਪਣੀ ਪਤਨੀ ਨਾਲ ਪੰਜ ਦਿਨਾਂ ਤੱਕ ਗੱਲ ਨਹੀਂ ਕਰ ਰਿਹਾ ਹਾਂ, ਤਾਂ ਮੇਰੀ ਤਰਜੀਹ ਗਲਤ ਹੈ, ਅਤੇ ਮੈਂ ਆਪਣੇ ਆਪ ਨੂੰ ਉਸ ਤੋਂ ਦੂਰ ਕਰ ਰਿਹਾ ਹਾਂ। ਜਿਵੇਂ ਵਿਆਹ ਵਿੱਚ ਸਾਨੂੰ ਜਾਣ-ਬੁੱਝ ਕੇ ਸੰਗਤੀ ਲਈ ਸਮਾਂ ਕੱਢਣਾ ਪੈਂਦਾ ਹੈ, ਉਸ ਤਰ੍ਹਾਂ ਹੀ ਸਾਨੂੰ ਪਵਿੱਤਰ ਆਤਮਾ ਨਾਲ ਪਿਆਰ ਅਤੇ ਸੰਗਤੀ ਨੂੰ ਆਪਣੇ ਜੀਵਨ ਵਿੱਚ ਇੱਕ ਤਰਜੀਹ ਬਣਾਉਣੀ ਚਾਹੀਦੀ ਹੈ। ਕਿਸੇ ਨਾਲ ਡੂੰਘੀ ਸਾਂਝ ਆਪਣੇ ਆਪ ਨਹੀਂ ਹੁੰਦੀ। ਸਾਨੂੰ ਸੰਗਤੀ ਨੂੰ ਪਹਿਲ ਦੇਣੀ ਚਾਹੀਦੀ ਹੈ। ਇਹ ਕਰਮ ਨਹੀਂ ਹੈ ਕਿ ਜੇ ਮੈਂ ਪਵਿੱਤਰ ਆਤਮਾ ਨਾਲ ਇੰਨਾ ਸਮਾਂ ਬਿਤਾਵਾਂ, ਤਾਂ ਮੇਰੇ ਜੀਵਨ ਵਿੱਚ ਸਮਰੱਥ ਆਵੇਗੀ। ਇਹ ਇੱਕ ਰਿਸ਼ਤਾ ਹੈ। ਜੇ ਮੈਂ ਉਸਦੀ ਕਦਰ ਕਰਦਾ ਹਾਂ ਅਤੇ ਉਸਨੂੰ ਜਾਣਨਾ ਚਾਹੁੰਦਾ ਹਾਂ, ਤਾਂ ਮੈਂ ਉਸ ਨੂੰ ਜਾਣਨ ਲਈ ਸਮਾਂ ਕੱਢਾਂਗਾ ਅਤੇ ਉਸਦੇ ਨਾਲ ਸਮਾਂ ਬਿਤਾਵਾਂਗਾ। ਇਹ ਇੱਕ ਫਾਰਮੂਲਾ ਨਹੀਂ ਹੈ, ਪਰ ਪਿਆਰ ਹੈ।

ਮੈਂ ਇੱਕ ਉਦਾਹਰਣ ਦੇਵਾਂਗਾ। ਕੁਝ ਸਾਲ ਪਹਿਲਾਂ ਮੈਂ ਮਹਾਰਾਸ਼ਟਰ ਦੇ ਮਿਰਾਜ ਵਿੱਚ ਸੀ। ਮੈਨੂੰ ਪਾਦਰੀ ਅਤੇ ਆਗੂਆ ਲਈ ਇੱਕ ਕਾਨਫਰੰਸ ਵਿੱਚ ਸਿਖਾਉਣ ਲਈ ਬੁਲਾਇਆ ਗਿਆ ਸੀ, ਅਤੇ ਸ਼ਾਮ ਨੂੰ ਤਿੰਨ ਦਿਨਾਂ ਦੀ ਚੰਗਾਈ ਸਭਾ ਵੀ ਸੀ, ਅਤੇ ਮੈਂ ਉਨ੍ਹਾਂ ਦੋਵਾਂ ਵਿੱਚ ਸੇਵਾ ਕਰ ਰਿਹਾ ਸੀ। ਪ੍ਰਮੇਸ਼ੁਰ ਨੇ ਸਭਾ ਵਿੱਚ ਬਹੁਤ ਸਾਰੇ ਚਮਤਕਾਰ ਕੀਤੇ, ਜਿਵੇਂ ਕਿ ਅੰਨ੍ਹੇ ਵੇਖਣ ਲੱਗ ਪਏ ਅਤੇ ਬੋਲੇ ਸੁਣਨ ਲੱਗੇ। ਮੀਟਿੰਗ ਦੇ ਆਖਰੀ ਦਿਨ ਇੱਕ ਨੌਜਵਾਨ ਆਗੂ ਜੋ ਕਾਨਫਰੰਸ ਵਿੱਚ ਮੇਰੇ ਤੋਂ ਸਿੱਖ ਰਿਹਾ ਸੀ, ਉਹ ਮੇਰੇ ਕੋਲ ਆਇਆ ਅਤੇ ਮੈਨੂੰ ਪੁੱਛਿਆ, ''ਪਾਸਟਰ ਜੀ, ਤੁਸੀਂ ਇਸ ਮੀਟਿੰਗ ਤੋਂ ਪਹਿਲਾਂ ਕਿੰਨੇ ਦਿਨ ਵਰਤ ਰੱਖਿਆ ਸੀ ਅਤੇ ਤੁਸੀਂ ਕਿੰਨੇ ਘੰਟੇ ਪ੍ਰਾਰਥਨਾ ਕੀਤੀ ਸੀ?'' ਇਹ ਨੌਜਵਾਨ ਕਿਸੇ ਆਤਮਿਕ ਫਾਰਮੂਲੇ ਦੀ ਭਾਲ ਵਿਚ ਸੀ, ਕਿਉਂਕਿ ਉਸ ਨੇ ਅਜਿਹਾ ਚਮਤਕਾਰ ਪਹਿਲਾਂ ਕਦੇ ਨਹੀਂ ਦੇਖਿਆ ਸੀ।

ਪਿਆਰੇ, ਰਿਸ਼ਤਾ ਫਾਰਮੂਲੇ 'ਤੇ ਨਿਰਭਰ ਨਹੀਂ ਕਰਦਾ, ਕਿ ਜੇ ਮੈਂ ਆਪਣੀ ਪਤਨੀ ਨਾਲ ਇੰਨੇ ਘੰਟੇ ਬਿਤਾਵਾਂ, ਤਾਂ ਫਿਰ ਮੈਂ ਉਸ ਨੂੰ ਜਾਣ ਲਵਾਂਗਾ। ਮੈਂ ਉਸਨੂੰ ਸੱਚਮੁੱਚ ਓਦੋਂ ਜਾਣਾਂਗਾ ਜਦੋਂ ਮੇਰਾ ਦਿਲ ਉਸਦੇ ਲਈ ਖੁੱਲਾ ਹੈ, ਅਤੇ ਉਸਦਾ ਦਿਲ ਵੀ ਮੇਰੇ ਲਈ ਖੁੱਲਾ ਹੈ, ਅਤੇ ਅਸੀਂ ਪਿਆਰ ਦੇ ਨਾਲ ਦਿਲ ਤੋਂ ਦਿਲ ਦੀ ਸੰਗਤ ਕਰਦੇ ਹਾਂ।

ਸੰਗਤ ਲਈ ਕੀ ਜ਼ਰੂਰੀ ਹੈ? (1) ਵਿਸ਼ੇਸ਼ ਸਮਾਂ (2) ਇੱਛਾ (3) ਖੁੱਲ੍ਹੇ ਦਿਲ ਅਤੇ ਭਾਵਨਾ ਅਤੇ (4) ਪਿਆਰ। ਮੈਂ ਮੁਸਕਰਾਇਆ ਅਤੇ ਨੌਜਵਾਨ ਨੂੰ ਜਵਾਬ ਦਿੱਤਾ, ''ਅਸਲ ਵਿੱਚ, ਮੈਂ ਕਈ ਸਾਲਾਂ ਤੋਂ ਵਰਤ ਨਹੀਂ ਰੱਖਿਆ ਹੈ, ਅਤੇ ਮੈਂ ਵਿਚੋਲਗੀ ਲਈ ਪ੍ਰਾਰਥਨਾ ਵੀ ਬਹੁਤ ਘੱਟ ਕਰਦਾ ਹਾਂ। ਮੈਂ ਪਵਿੱਤਰ ਆਤਮਾ ਨਾਲ ਸਮਾਂ ਬਿਤਾਉਂਦਾ ਹਾਂ, ਜਿਵੇਂ ਕਿ ਦੋਸਤ ਅਤੇ ਪ੍ਰੇਮੀ ਸਮਾਂ ਬਿਤਾਉਂਦੇ ਹਨ।'' ਉਹ ਇਸ ਗੱਲ ਨੂੰ ਸਮਝੇ ਬਿਨਾਂ ਹੀ ਚਲਾ ਗਿਆ। ਪਿਆਰੇ, ਜੇਕਰ ਅਸੀਂ ਉਸ ਨੂੰ ਆਪਣੇ ਦਿਲ ਨਾਲ ਪਿਆਰ ਕਰਦੇ ਹਾਂ ਅਤੇ ਉਸ ਨੂੰ ਆਪਣੇ ਦਿਲ ਨਾਲ ਜਾਣਦੇ ਹਾਂ, ਤਾਂ ਉਸ ਦੀ ਸ਼ਕਤੀਸ਼ਾਲੀ ਮੌਜੂਦਗੀ ਆਪਣੇ ਆਪ ਸਾਡੇ ਨਾਲ ਹੋ ਜਾਵੇਗੀ। ਯਿਸੂ ਨੇ ਸਾਨੂੰ ਸਿਖਾਇਆ ਕਿ ਵਰਤ ਰੱਖਣ ਦਾ ਸਾਡਾ ਉਦੇਸ਼ ਉਸ ਦੇ ਨੇੜੇ ਹੋਣ ਦੀ ਤੀਬਰ ਇੱਛਾ ਦੁਆਰਾ ਪ੍ਰੇਰਿਤ ਹੋਣਾ ਚਾਹੀਦਾ ਹੈ (ਮੱਤੀ 9:15)।

ਤਾਂ ਅਸੀਂ ਉਸ ਨਾਲ ਵਿਹਾਰਕ ਸੰਗਤੀ ਕਿਵੇਂ ਕਰ ਸਕਦੇ ਹਾਂ? ਮੈਂ ਤੁਹਾਨੂੰ ਆਪਣੀ ਜਿੰਦਗੀ ਦੀਆਂ ਕਈ ਉਦਾਹਰਣਾਂ ਦੱਸਾਂਗਾ।

ਪਹਿਲਾ ਤਰੀਕਾ, ਮੈਂ ਜਾਂਦਾ ਹਾਂ ਅਤੇ ਪਵਿੱਤਰ ਆਤਮਾ ਨਾਲ ਇੱਕ ਅਜਿਹੀ ਜਗ੍ਹਾ ਤੇ ਸਮਾਂ ਬਿਤਾਉਂਦਾ ਹਾਂ ਜੋ ਸ਼ਾਂਤ ਹੈ ਅਤੇ ਜਿੱਥੇ ਮੇਰਾ ਧਿਆਨ ਭੰਗ ਨਹੀਂ ਹੋਵੇਗਾ। ਫਿਰ ਮੈਂ ਆਪਣਾ ਪੂਰਾ ਧਿਆਨ ਉਸ ਉੱਤੇ ਕੇਂਦਰਿਤ ਕਰ ਕੇ ਉਸ ਨੂੰ ਆਪਣੇ ਕੋਲ ਬੁਲਾ ਲੈਂਦਾ ਹਾਂ। ਜਦੋਂ ਵੀ ਮੈਂ ਪਵਿੱਤਰ ਆਤਮਾ ਨੂੰ ਪੁਕਾਰਦਾ ਹਾਂ, ਮੈਂ ਜਾਣਦਾ ਹਾਂ ਕਿ ਉਹ ਪਹਿਲਾਂ ਹੀ ਮੇਰੇ ਅੰਦਰ ਅਤੇ ਮੇਰੇ ਨਾਲ ਹੈ (ਯੂਹੰਨਾ 14:17)। ਮੈਂ ਉਸਨੂੰ ਅਵਿਸ਼ਵਾਸ ਵਿੱਚ ਨਹੀਂ ਬੁਲਾਉਂਦਾ ਜਿਵੇਂਕਿ ਉਹ ਮੇਰੇ ਤੋਂ ਦੂਰ ਰਹਿੰਦਾ ਹੈ, ਪਰ ਮੈਂ ਉਸਨੂੰ ਇੱਕ ਵਿਹਾਰਕ ਅਤੇ ਗੂੜੇ ਤਰੀਕੇ ਨਾਲ ਮੇਰੇ ਨਾਲ ਸੰਗਤ ਕਰਨ ਲਈ ਬੁਲਾਉਂਦਾ ਹਾਂ। ਮੰਨ ਲਓ ਮੈਂ ਆਪਣੇ ਘਰ ਵਿੱਚ ਹਾਂ, ਅਤੇ ਮੇਰੀ ਪਤਨੀ ਦੂਜੇ ਕਮਰੇ ਵਿੱਚ ਹੈ। ਉਹ ਘਰ ਵਿੱਚ ਮੇਰੇ ਨਾਲ ਹੈ, ਪਰ ਅਸੀਂ ਇੱਕ ਦੂਜੇ ਵੱਲ ਧਿਆਨ ਨਹੀਂ ਦਿੰਦੇ। ਮੈਂ ਉਸਨੂੰ ਗੱਲਬਾਤ ਅਤੇ ਸੰਗਤੀ ਲਈ ਮੇਰੇ ਕੋਲ ਆਉਣ ਦਾ ਸੱਦਾ ਦਿੰਦਾ ਹਾਂ। ਇਸੇ ਤਰ੍ਹਾਂ, ਪਵਿੱਤਰ ਆਤਮਾ ਸਾਡੇ ਸਰੀਰ ਵਿੱਚ ਨਿਵਾਸ ਕਰਦੀ ਹੈ, ਜਿੱਥੇ ਸਾਡੀ ਆਤਮਾ ਰਹਿੰਦਾ ਹੈ। ਪਰ ਜਦੋਂ ਵੀ ਅਸੀਂ ਉਸਨੂੰ ਪੁਕਾਰਦੇ ਹਾਂ, ਤਾਂ ਇਹ ਪੁਕਾਰਨਾ ਸੰਗਤੀ, ਗੱਲਬਾਤ, ਅਤੇ ਨੇੜਤਾ ਦਾ ਅਨੁਭਵ ਕਰਨ ਲਈ ਹੈ।

ਉਸਨੂੰ ਮੇਰੇ ਕੋਲ ਬੁਲਾਉਣ ਤੋਂ ਬਾਅਦ, ਮੈਂ ਉਸਦੀ ਮੌਜੂਦਗੀ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਜਿਵੇਂ ਹੀ ਮੇਰੀ ਪਤਨੀ ਮੇਰੇ ਕੋਲ ਆਉਂਦੀ ਹੈ, ਮੈਂ ਉਸਨੂੰ ਜੱਫੀ ਪਾਉਂਦਾ ਹਾਂ ਅਤੇ ਉਸਨੂੰ ਆਪਣੀਆਂ ਬਾਹਾਂ ਵਿੱਚ

ਫੜ ਲੈਂਦਾ ਹਾਂ। ਇਸੇ ਤਰ੍ਹਾਂ, ਅਸੀਂ ਇਸ ਪਵਿੱਤਰ ਆਤਮਾ ਦੀ ਮੌਜੂਦਗੀ ਨੂੰ ਗ੍ਰਹਿਣ ਕਰਕੇ ਗਲੇ ਲਗਾ ਸਕਦੇ ਹਾਂ। ਅਸੀਂ ਆਪਣੇ ਸਰੀਰ ਦੀਆਂ ਬਾਹਾਂ ਨਾਲ ਨਹੀਂ, ਪਰ ਆਤਮਾ ਦੀਆਂ ਬਾਹਾਂ ਨਾਲ ਗਲੇ ਲੱਗ ਸਕਦੇ ਹਾਂ। ਜਦੋਂ ਮੇਰੀ ਪਤਨੀ ਮੇਰੀਆਂ ਬਾਹਾਂ ਵਿੱਚ ਹੁੰਦੀ ਹੈ, ਮੇਰਾ ਧਿਆਨ ਅਤੇ ਪਿਆਰ ਉਸ ਉੱਤੇ ਹੁੰਦਾ ਹੈ। ਇਸੇ ਤਰ੍ਹਾਂ, ਜਦੋਂ ਅਸੀਂ ਪਵਿੱਤਰ ਆਤਮਾ ਦੀ ਹਜ਼ੂਰੀ ਵਿੱਚ ਹੁੰਦੇ ਹਾਂ, ਸਾਡਾ ਸਾਰਾ ਧਿਆਨ ਅਤੇ ਪਿਆਰ ਉਸ ਉੱਤੇ ਰਹਿਣਾ ਚਾਹੀਦਾ ਹੈ। ਜਦੋਂ ਮੇਰਾ ਪਵਿੱਤਰ ਆਤਮਾ ਨਾਲ ਅਜਿਹਾ ਰਿਸ਼ਤਾ ਹੁੰਦਾ ਹੈ, ਮੈਂ ਪਵਿੱਤਰ ਆਤਮਾ ਨੂੰ ਪਿਆਰ ਦੇ ਸ਼ਬਦ ਬੋਲਦਾ ਹਾਂ। ਹੁਣ ਮੇਰਾ ਧਿਆਨ ਨਾ ਪ੍ਰਾਰਥਨਾਵਾਂ ’ਤੇ ਹੈ ਅਤੇ ਨਾ ਹੀ ਮੇਰੇ ਸ਼ਬਦਾਂ ’ਤੇ। ਪਰ ਮੇਰਾ ਧਿਆਨ ਉਸ ਉੱਤੇ ਅਤੇ ਉਸ ਦੀ ਮੌਜੂਦਗੀ ’ਤੇ ਹੈ। ਹਰ 30 ਸਕਿੰਟ ਜਾਂ ਹਰ ਮਿੰਟ ਮੈਂ ਕੁਝ ਸ਼ਬਦ ਬੋਲਦਾ ਹਾਂ, ਜਿਵੇਂ ਕਿ ਪਵਿੱਤਰ ਆਤਮਾ, ਤੁਸੀਂ ਮੇਰੀ ਨਜ਼ਰ ਵਿੱਚ ਕੀਮਤੀ ਹੋ, ਜਾਂ ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਜਾਂ ਤੁਸੀਂ ਸਭ ਤੋਂ ਸੁੰਦਰ ਅਤੇ ਪਿਆਰੇ ਹੋ।’’ ਮੈਨੂੰ ਤੁਹਾਡੇ ਨਾਲ ਰਹਿਣਾ ਪਸੰਦ ਹੈ, ਜਾਂ ਤੂੰ ਮੇਰਾ ਸਭ ਕੁਝ ਹੈ, ਜਾਂ ’’ਤੁਸੀਂ ਮੇਰੇ ਪ੍ਰੇਮੀ ਹੋ ਅਤੇ ਮੈਂ ਤੁਹਾਨੂੰ ਆਪਣਾ ਪਿਆਰ ਕਰਦਾ ਹਾਂ।

ਜਦੋਂ ਮੈਂ ਇਹ ਸ਼ਬਦ ਬੋਲਦਾ ਹਾਂ, ਮੈਂ ਹੌਲੀ ਹੌਲੀ ਬੋਲਦਾ ਹਾਂ। ਅਕਸਰ ਉਸ ਦੀ ਮੌਜੂਦਗੀ ਵਧਦੀ ਹੈ। ਕਈ ਵਾਰ ਉਸਦੀ ਮੌਜੂਦਗੀ ਇੰਨੀ ਜਿਆਦਾ ਹੁੰਦੀ ਹੈ ਕਿ ਮੈਂ ਬੋਲਣ ਦੀ ਕੋਸ਼ਿਸ਼ ਕਰਨਾ ਹੀ ਨਹੀ ਚਾਹੁੰਦਾ ਹਾਂ। ਮੈਂ ਇਹ 5-10 ਮਿੰਟਾਂ ਲਈ ਕਰਦਾ ਹਾਂ, ਪਰ ਕਈ ਵਾਰ ਇਸ ਵਿੱਚ ਇੱਕ ਘੰਟੇ ਤੋਂ ਵੱਧ ਸਮਾਂ ਬੀਤ ਜਾਂਦਾ ਹੈ। ਮੇਰਾ ਟੀਚਾ ਇਹ ਨਹੀਂ ਹੈ ਕਿ ਕਿੰਨਾ ਸਮਾਂ ਲੰਘ ਸਕਦਾ ਹੈ ਪਰ ਇਹ ਹੈ ਕਿ ਉਸ ਨਾਲ ਮੇਰੀ ਸਾਂਝ ਕਿੰਨੀ ਡੂੰਘੀ ਹੋ ਸਕਦੀ ਹੈ। ਮੈਂ ਉਸ ਨਾਲ ਪਿਆਰ ਕਰਦਾ ਹਾਂ ਇਸ ਲਈ ਉਸ ਨਾਲ ਸਮਾਂ ਬਿਤਾਉਂਦਾ ਹਾਂ। ਉਹ ਮੇਰੇ ਪਿਆਰ ਨੂੰ ਚਾਹੁੰਦਾ ਹੈ ਅਤੇ ਮੇਰੇ ਨਾਲ ਰਹਿਣਾ ਪਸੰਦ ਕਰਦਾ ਹੈ। ਕਿਉਂਕਿ ਪਵਿੱਤਰ ਆਤਮਾ ਸਾਡੇ ਵਿੱਚ ਹੈ ਅਤੇ ਸਾਡੇ ਨਾਲ ਹੈ, ਇਸ ਲਈ ਅਸੀਂ ਇਹ ਕਿਤੇ ਵੀ ਅਤੇ ਕਿਸੇ ਵੀ ਸਮੇਂ ਕਰ ਸਕਦੇ ਹਾਂ।

ਜੇ ਤੁਸੀਂ ਪਹਿਲਾਂ ਕਦੇ ਵੀ ਪਵਿੱਤਰ ਆਤਮਾ ਨਾਲ ਇਸ ਤਰ੍ਹਾਂ ਦਾ ਅਨੁਭਵ ਨਹੀਂ ਕੀਤਾ ਹੈ, ਤਾਂ ਇਹ ਤੁਹਾਡੇ ਲਈ ਮੁਸ਼ਕਲ ਲੱਗ ਸਕਦਾ ਹੈ, ਪਰ ਨਿਰਾਸ਼ ਨਾ ਹੋਵੋ। ਜਿਵੇਂ ਹੀ ਤੁਸੀਂ ਇਸ ਆਦਤ ਨੂੰ ਸ਼ੁਰੂ ਕਰੋਗੇ, ਤੁਹਾਨੂੰ ਇਸਦਾ ਅਨੁਭਵ ਹੋਣਾ ਸ਼ੁਰੂ ਹੋ ਜਾਵੇਗਾ। ਯਾਦ ਰੱਖੋ ਕਿ ਸਾਡਾ ਟੀਚਾ ਅਨੁਭਵ ਕਰਨਾ ਨਹੀਂ ਹੈ ਪਰ ਉਸ ਨਾਲ ਸੰਗਤ ਕਰਨਾ ਹੈ। ਫੈਲੋਸ਼ਿਪ ਕਈ ਵਾਰ ਬਹੁਤ ਅਨੁਭਵੀ ਹੁੰਦੀ ਹੈ, ਜਾਂ ਵਿਸ਼ਵਾਸ ਦੁਆਰਾ ਹੁੰਦੀ ਹੈ। ਮੇਰੇ ਲਈ ਇਹ ਬਹੁਤ ਮਾਇਨੇ ਨਹੀਂ ਰੱਖਦਾ ਕਿ ਉਸਦੀ ਮੌਜੂਦਗੀ ਬਹੁਤ ਭਾਰੀ ਹੈ ਜਾਂ ਬਹੁਤ ਹਲਕੀ, ਕਿਉਂਕਿ ਮੈਂ ਉਸਨੂੰ ਪਿਆਰ ਕਰਨ ਦਾ ਫੈਸਲਾ ਕੀਤਾ ਹੈ। ਮੈਨੂੰ ਇਨ੍ਹਾਂ ਸਮਿਆਂ ਦੌਰਾਨ ਹੀ ਸਭ ਤੋਂ ਵੱਧ ਖੁਸ਼ੀ ਅਤੇ ਅਨੰਦ ਮਿਲਦੀ ਹੈ। ਪਿਆਰੇ, ਉਹ ਤੁਹਾਡੀ ਉਡੀਕ ਕਰ ਰਿਹਾ ਹੈ!

ਅਜਿਹੇ ਸਮੇਂ ਵਿੱਚ ਮੈਂ ਦਰਸ਼ਨ ਵੇਖਦਾ ਹਾਂ ਅਤੇ ਪਵਿੱਤਰ ਆਤਮਾ ਮੇਰੇ ਨਾਲ ਗੱਲ ਕਰਦਾ ਹੈ। ਕਈ ਵਾਰ ਮੈਂ ਪਵਿੱਤਰ ਆਤਮਾ ਦੀ ਖੁਸ਼ੀ ਨਾਲ ਇੰਨਾ ਭਰ ਜਾਂਦਾ ਹਾਂ ਕਿ ਮੈਂ ਇੰਨੇ ਜ਼ੋਰ ਨਾਲ ਹੱਸਦਾ ਹਾਂ ਕਿ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। ਮੇਰੀ ਬੁੱਧੀ ਇਹ ਨਹੀਂ ਸਮਝਦੀ ਕਿ ਮੈਂ ਇੰਨਾ ਕਿਉਂ ਹੱਸ ਰਿਹਾ ਹਾਂ, ਪਰ ਮੇਰੀ ਆਤਮਾ, ਪਵਿੱਤਰ ਆਤਮਾ ਨੂੰ ਮੁਸਕਰਾਉਂਦੇ ਅਤੇ ਅਨੰਦ ਮਹਿਸੂਸ ਕਰਵਾਉਂਦੇ ਵੇਖ ਸਕਦੀ ਹੈ। ਅਤੇ ਕਦੇ-ਕਦੇ ਉਹ ਮੈਨੂੰ ਗੁੰਦਗੁਦਾਉਂਦਾ ਹੈ। ਪਵਿੱਤਰ ਆਤਮਾ ਸਾਡੇ ਨਾਲ ਮਸਤੀ ਕਰਨਾ ਚਾਹੁੰਦਾ ਹੈ!

ਦੂਜਾ ਤਰੀਕਾ, ਮੈਂ ਕਿਤੇ ਇਕੱਲਾ ਜਾਂਦਾ ਹਾਂ ਅਤੇ ਪਵਿੱਤਰ ਆਤਮਾ ਨਾਲ ਗੱਲਾਂ ਕਰਦਾ ਹਾਂ, ਜਿਵੇਂ ਦੋਸਤ ਗੱਲਾਂ ਕਰਦੇ ਹਨ। ਮੈਂ ਪਾਰਕ, ਜੰਗਲ ਜਾਂ ਛੱਤ ’ਤੇ ਸੈਰ ਕਰਨ ਜਾਂਦਾ ਹਾਂ। ਮੈਂ ਤੁਰਦਿਆਂ ਉਸ ਨਾਲ ਗੱਲਾਂ ਕਰਦਾ ਹਾਂ। ਮੈਂ ਕਿਸੇ ਲਈ ਬੇਨਤੀ ਦੀ ਪ੍ਰਾਰਥਨਾ ਨਹੀਂ ਕਰ ਰਿਹਾ ਹੁੰਦਾ, ਨਾ ਹੀ ਮੈਂ ਕਿਸੇ ਲੋੜ ਲਈ ਪ੍ਰਾਰਥਨਾ ਕਰ ਰਿਹਾ ਹੁੰਦਾ ਹਾਂ। ਜਦੋਂ ਦੋ ਚੰਗੇ ਦੋਸਤ ਮਿਲਦੇ ਹਨ, ਤਾਂ ਉਹ ਕਿਸ ਬਾਰੇ ਗੱਲ ਕਰਦੇ ਹਨ? ਜੇ ਤੁਹਾਡਾ ਕੋਈ ਚੰਗਾ ਦੋਸਤ ਹੈ ਜਾਂ ਸੀ, ਤਾਂ ਤੁਸੀਂ ਜਾਣਦੇ ਹੀ ਹੋ ਕਿ ਤੁਸੀਂ ਵੱਖੋ-ਵੱਖਰੀਆਂ ਚੀਜ਼ਾਂ ਬਾਰੇ ਗੱਲਾਂ ਕਰਨ ਵਿਚ ਘੰਟੇ ਬਿਤਾ ਸਕਦੇ ਹੋ। ਉਹ ਚੀਜ਼ਾਂ ਕੰਮ, ਪਰਿਵਾਰਕ ਜੀਵਨ, ਮਨੋਰੰਜਨ, ਨਿੱਜੀ ਟੀਚੇ ਆਦਿ ਹੋ ਸਕਦੀਆਂ ਹਨ।

ਜਦੋਂ ਅਸੀਂ ਦੋਸਤਾਂ ਵਜੋਂ ਗੱਲ ਕਰਦੇ ਹਾਂ, ਅਸੀਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਇੱਛਾਵਾਂ ਨੂੰ ਸਾਂਝਾ ਕਰਦੇ ਹਾਂ। ਫਿਰ ਅਸੀਂ ਆਪਣੇ ਦੋਸਤ ਦੀਆਂ ਗੱਲਾਂ ਸੁਣਦੇ ਹਾਂ। ਇਹ ਗੱਲਬਾਤ ਦੋ-ਪੱਖੀ ਹੁੰਦੀ ਹੈ, ਭਾਵ ਬੋਲਣਾ ਅਤੇ ਸੁਣਨਾ। ਇਸ ਤਰ੍ਹਾਂ ਮੈਂ ਪਵਿੱਤਰ ਆਤਮਾ ਨਾਲ ਗੱਲ ਕਰਦਾ ਹਾਂ। ਮੈਂ ਉਸਨੂੰ ਦੱਸਦਾ ਹਾਂ ਕਿ ਮੈਂ ਕਿਵੇਂ ਮਹਿਸੂਸ ਕਰ ਰਿਹਾ ਹਾਂ, ਮੇਰਾ ਕੰਮ ਕਿਵੇਂ ਚੱਲ ਰਿਹਾ ਹੈ, ਮੇਰਾ ਪਰਿਵਾਰ ਕਿਵੇਂ ਹੈ, ਅਤੇ ਜਿੰਦਗੀ ਵਿੱਚ ਮੇਰੇ ਟੀਚੇ ਕੀ ਹਨ। ਫਿਰ ਮੈਂ ਵਿਸ਼ਵਾਸ ਵਿੱਚ ਉਸਦੇ ਜਵਾਬ ਦੀ ਉਡੀਕ ਕਰਦਾ ਹਾਂ। ਅਜਿਹੀ ਗੱਲਬਾਤ 10 ਮਿੰਟ ਜਾਂ ਇੱਕ ਘੰਟੇ ਤੱਕ ਚੱਲ ਸਕਦੀ ਹੈ। ਮੇਰਾ ਟੀਚਾ ਕੀ ਹੈ? ਉਸ ਨਾਲ ਸੰਗਤ ਕਰਨਾ ਅਤੇ ਦੋਸਤੀ ਰੱਖਣਾ।

ਮੈਂ ਮੀਟਿੰਗਾਂ ਵਿੱਚ ਖੜ੍ਹਾ ਹੁੰਦਾ ਹਾਂ ਅਤੇ ਗਿਆਨ ਦੇ ਬਚਨ ਅਤੇ ਭਵਿੱਖਬਾਣੀਆਂ ਦਿੰਦਾ ਹਾਂ ਅਤੇ ਚਮਤਕਾਰ ਵਾਪਰਦੇ ਹਨ, ਜਿਵੇਂ ਕਿ ਚੰਗਾਈ, ਛੁਟਕਾਰਾ ਅਤੇ ਆਤਮਿਕ ਅਨੁਭਵ। ਬਹੁਤ ਸਾਰੇ ਲੋਕ ਮੀਟਿੰਗ ਤੋਂ ਬਾਅਦ ਮੇਰੇ ਕੋਲ ਆਉਂਦੇ ਹਨ ਅਤੇ ਪੁੱਛਦੇ ਹਨ ਕਿ ਉਹ ਪਵਿੱਤਰ ਆਤਮਾ ਦੀ ਆਵਾਜ਼ ਸੁਣਨ ਤੋਂ ਬਾਅਦ ਅਜਿਹੇ ਕੰਮ ਕਿਵੇਂ ਕਰ ਸਕਦੇ ਹਨ। ਉਹ ਪਵਿੱਤਰ ਆਤਮਾ ਦੀ ਆਵਾਜ਼ ਅਤੇ ਮੌਜੂਦਗੀ ਨੂੰ ਪਛਾਣਨ ਦਾ ਤਰੀਕਾ ਲੱਭ ਰਹੇ ਹਨ, ਇੱਕ ਆਤਮਿਕ ਕੁੰਜੀ ਨੂੰ ਲੱਭ ਰਹੇ ਹਨ। ਮੈਂ ਉਨ੍ਹਾਂ ਨੂੰ ਜਵਾਬ ਦਿੰਦਾ ਹਾਂ ਕਿ ਮੈਂ ਇੱਕ ਦੋਸਤ ਵਜੋਂ ਪਵਿੱਤਰ ਆਤਮਾ ਨਾਲ ਗੱਲਬਾਤ ਕਰਦਾ ਹਾਂ।

ਸਮਝੋ ਕਿ ਭਾਵੇਂ ਮੈਂ ਪਾਰਕ ਵਿੱਚ ਪਵਿੱਤਰ ਆਤਮਾ ਨਾਲ ਭੋਜਨ ਬਾਰੇ ਗੱਲ ਕਰ ਰਿਹਾ ਹਾਂ, ਜਾਂ ਇੱਕ ਚੰਗਾਈ ਸਭਾ ਵਿੱਚ ਬਿਮਾਰਾਂ ਲਈ ਪ੍ਰਾਰਥਨਾ ਕਰ ਰਿਹਾ ਹਾਂ, ਮੇਰੀ ਸਥਿਤੀ ਨਹੀਂ ਬਦਲਦੀ। ਕੋਈ ਕਹਿ ਸਕਦਾ ਹੈ ਕਿ ਪਾਰਕ ਵਿੱਚ ਪਵਿੱਤਰ ਆਤਮਾ ਨਾਲ ਉਨ੍ਹਾਂ ਚੀਜ਼ਾਂ ਬਾਰੇ ਗੱਲ ਕਰਨਾ ਜੋ ਆਤਮਿਕ ਨਹੀਂ ਹਨ, ਇਹ ਆਤਮਿਕ ਕੰਮ ਨਹੀਂ ਹੈ। ਪਰ ਮੈਨੂੰ ਅਜਿਹਾ ਨਹੀਂ ਲੱਗਦਾ। ਮੈਂ ਪਵਿੱਤਰ ਆਤਮਾ ਦੀ ਆਵਾਜ਼ ਸੁਣਨਾ ਕਿਵੇਂ ਸਿੱਖਿਆ? ਜਦੋਂ ਮੈਂ ਉਜਾੜ ਵਿੱਚ ਇਕੱਲਾ ਸੀ ਅਤੇ ਕੋਈ ਮੈਨੂੰ ਦੇਖ ਜਾਂ ਸੁਣ ਨਹੀਂ ਸਕਦਾ ਸੀ (ਮੱਤੀ 6:6)। ਅਜਿਹੀ ਸੰਗਤ ਦੇ ਕੁਝ ਸਮੇਂ ਬਾਅਦ ਮੈਂ ਉਸ ਨੂੰ ਜਵਾਬ ਦਿੰਦੇ ਹੋਏ ਸੁਣਿਆ। ਕਈ ਸਾਲਾਂ ਦੀ ਅਜਿਹੀ ਸੰਗਤ ਤੋਂ ਬਾਅਦ, ਮੈਂ ਹੁਣ ਉਸਦੀ ਆਵਾਜ਼ ਨੂੰ ਸਾਫ਼-ਸਾਫ਼ ਸੁਣ ਅਤੇ ਸਮਝ ਸਕਦਾ ਹਾਂ।

ਇਸ ਤੋਂ ਬਾਅਦ, ਹਜ਼ਾਰਾਂ ਲੋਕਾਂ ਦੇ ਇਕੱਠ ਵਿੱਚ, ਜਦੋਂ ਪਵਿੱਤਰ ਆਤਮਾ ਮੈਨੂੰ ਆਖਦਾ ਹੈ, ''ਇੱਥੇ ਇੱਕ ਔਰਤ ਹੈ ਜੋ ਆਪਣੀ ਖੱਬੀ ਅੱਖ ਵਿੱਚ ਅੰਨੀ ਹੈ'', ਤਾਂ ਮੈਂ ਸੁਣ ਸਕਦਾ ਹਾਂ। ਮੈਂ ਉਸਦੀ ਆਵਾਜ਼ ਸੁਣ ਕੇ ਪਛਾਣ ਸਕਦਾ ਹਾਂ। ਪਾਰਕ ਵਿੱਚ ਜੋ ਆਵਾਜ਼ ਮੇਰੇ ਨਾਲ ਗੱਲ ਕਰਦੀ ਹੈ,ਇਹ ਉਹੀ ਆਵਾਜ਼ ਹੈ ਜੋ ਮੈਂ ਹਜ਼ਾਰਾਂ ਦੀ ਭੀੜ ਦੇ ਸਾਹਮਣੇ ਸੁਣ ਸਕਦਾ ਹਾਂ। ਜੇ ਅਸੀਂ ਗੁਪਤ ਸਥਾਨ ਵਿੱਚ ਉਸਦੀ ਆਵਾਜ਼ ਦੀ ਕਦਰ ਨਹੀਂ ਕਰਦੇ, ਤਾਂ ਸਾਨੂੰ ਮੀਟਿੰਗ ਵਿੱਚ ਵੀ ਉਸਦੀ ਆਵਾਜ਼ ਸੁਣਨ ਦੀ ਉਮੀਦ ਨਹੀਂ ਕਰਨੀ ਚਾਹੀਦੀ (ਮੱਤੀ 6:6)।

ਹਰ ਰੋਜ਼ ਸਾਨੂੰ ਪਵਿੱਤਰ ਆਤਮਾ ਨਾਲ ਗੱਲਬਾਤ ਕਰਨੀ ਚਾਹੀਦਾ ਹੈ। ਚਾਹੇ ਬਹੁਤ ਸਮਾਂ ਹੋਵੇ ਜਾਂ ਸਿਰਫ਼ 5-10 ਮਿੰਟ, ਸਾਨੂੰ ਸੰਗਤ ਕਰਨ ਦੀ ਆਦਤ ਪਾਉਣੀ ਪਵੇਗੀ। ਉਹ ਤੁਹਾਡੀ ਆਵਾਜ਼ ਸੁਣਨਾ ਪਸੰਦ ਕਰਦਾ ਹੈ ਅਤੇ ਤੁਹਾਡਾ ਇੰਤਜਾਰ ਕਰ ਰਿਹਾ ਹੈ।

ਤੀਜਾ ਤਰੀਕਾ, ਮੈਂ ਪਵਿੱਤਰ ਆਤਮਾ ਦੀ ਅਰਾਧਨਾ ਕਰਦਾ ਹਾਂ, ਜਿਵੇਂ ਮੈਂ ਪਿਤਾ ਅਤੇ ਯਿਸੂ ਦੀ ਅਰਾਧਨਾ ਕਰਦਾ ਹਾਂ। ਭਾਵੇਂ ਇਕੱਲੇ ਜਾਂ ਇਕੱਠ ਵਿਚ, ਪਵਿੱਤਰ ਆਤਮਾ ਦੀ ਅਰਾਧਨਾ ਕਰੋ।

ਚੌਥਾ ਤਰੀਕਾ, ਮੈਂ ਆਪਣੇ ਜੀਵਨ ਦੇ ਹਾਲਾਤਾਂ ਵਿੱਚ ਪਵਿੱਤਰ ਆਤਮਾ ਨੂੰ ਸੱਦਾ ਦਿੰਦਾ ਹਾਂ। ਜਦੋਂ ਮੈਂ ਸਵੇਰੇ ਉੱਠਦਾ ਹਾਂ, ਮੈਂ ਕਹਿੰਦਾ ਹਾਂ ''ਪਿਤਾ , ਯਿਸੂ ਅਤੇ ਪਵਿੱਤਰ ਆਤਮਾ, ਗੁੱਡ ਮਾਰਨਿੰਗ!'' ਮੈਂ ਦਿਨ ਵਿੱਚ ਤੁਰਦੇ ਫਿਰਦੇ ਉਸ ਨਾਲ ਗੱਲ ਕਰਦਾ ਹਾਂ। ਜੇਕਰ ਕੁਝ ਗੁਆਚ ਜਾਏ ਤਾਂ ਮੈਂ ਉਸ ਨੂੰ ਪੁੱਛਦਾ ਹਾਂ। ਜੇਕਰ ਮੈਨੂੰ ਕੋਈ

ਫੈਸਲਾ ਲੈਣ ਦੀ ਜ਼ਰੂਰਤ ਹੁੰਦੀ ਹੈ, ਜਾਂ ਮੈਨੂੰ ਕੋਈ ਚੀਜ਼ ਖਰੀਦਣ ਦੀ ਜ਼ਰੂਰਤ ਹੈ ਜਿਵੇਂ ਕਿ ਕਾਰ, ਮਕਾਨ, ਜ਼ਮੀਨ ਆਦਿ, ਫਿਰ ਮੈਂ ਉਸ ਨਾਲ ਗੱਲ ਕਰਦਾ ਹਾਂ ਅਤੇ ਉਸ ਨੂੰ ਪੁੱਛਦਾ ਹਾਂ ਅਤੇ ਉਹ ਮੈਨੂੰ ਮਾਰਗਦਰਸ਼ਨ ਕਰਦਾ ਹੈ। ਇੱਕ ਦਿਨ ਬਹੁਤ ਯਾਤਰਾ ਕਰਨ ਤੋਂ ਬਾਅਦ, ਪਵਿੱਤਰ ਆਤਮਾ ਮੁਸਕਰਾਇਆ ਅਤੇ ਮੈਨੂੰ ਕਿਹਾ, ''ਮੈਂ ਤੁਹਾਡਾ ਸਿਰਹਾਣਾ ਬਣਨਾ ਚਾਹੁੰਦਾ ਹਾਂ।'' ਇਹ ਬਹੁਤ ਪਿਆਰੀ ਗੱਲ ਹੈ।

**ਸਭ ਤੋਂ ਕੀਮਤੀ ਵਰਦਾਨ**

ਅਸੀਂ ਉਨ੍ਹਾਂ ਵਰਦਾਨਾ ਨੂੰ ਦੇਖਾਂਗੇ ਜੋ ਪਰਮੇਸ਼ੁਰ ਨੇ ਸਾਨੂੰ ਦਿੱਤੇ ਹਨ। ਅਸੀਂ ਬਾਈਬਲ ਤੋਂ ਸਮਝ ਸਕਦੇ ਹਾਂ ਕਿ ਪਿਤਾ ਨੇ ਸਾਨੂੰ ਪਹਿਲਾਂ ਹੀ ਸਾਰੀਆਂ ਬਰਕਤਾਂ ਦੇ ਦਿੱਤੀਆਂ ਹਨ, ਅਤੇ ਉਹ ਅਸੀਸਾਂ ਸਵਰਗ ਵਿੱਚ ਸਾਡੇ ਲਈ ਰਾਖਵੀਆਂ ਹਨ, ਤਾਂ ਜੋ ਅਸੀਂ ਉਨ੍ਹਾਂ ਨੂੰ ਵਿਸ਼ਵਾਸ ਦੁਆਰਾ ਪ੍ਰਾਪਤ ਕਰ ਸਕੀਏ (ਅਫ਼ਸੀਆਂ 1:3)। ਸਾਡੇ ਲਈ ਉਪਲਬਧ ਹਨ; ਹਰ ਬੰਧਨ ਤੋਂ ਚੰਗਾਈ, ਛੁਟਕਾਰਾ ਅਤੇ ਆਜ਼ਾਦੀ ਦੇ ਨਾਲ-ਨਾਲ ਸ਼ਾਂਤੀ, ਅਨੰਦ, ਮਾਫੀ ਅਤੇ ਸਦੀਵੀ ਜੀਵਨ ਹੈ। ਇਹ ਸਾਰੀਆਂ ਅਸੀਸਾਂ ਸਾਡੀਆਂ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਸਭ ਤੋਂ ਕੀਮਤੀ ਅਸੀਸ ਕਿਹੜੀ ਹੈ? ਆਓ ਕੁਝ ਵਚਨ ਪੜ੍ਹੀਏ।

*ਰਸੂਲਾਂ ਦੇ ਕਰਤੱਬ 2:38 ਪਤਰਸ ਨੇ ਉਨ੍ਹਾਂ ਨੂੰ ਆਖਿਆ, ''ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰ ਇੱਕ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ ਤਦ ਤੁਸੀਂ ਪਵਿੱਤਰ ਆਤਮਾ ਦੀ ਦਾਤ ਪ੍ਰਾਪਤ ਕਰੋਗੇ।''*

*ਰਸੂਲਾਂ ਦੇ ਕਰਤੱਬ 8:19-22 ''ਅਤੇ ਬੋਲਿਆ ਕਿ ਮੈਨੂੰ ਵੀ ਇਹ ਸਮਰੱਥਾ ਦਿਓ, ਤਾਂ ਜੋ ਜਿਸ ਦੇ ਉੱਤੇ ਮੈਂ ਹੱਥ ਰੱਖਾਂ ਉਹ ਵੀ ਪਵਿੱਤਰ ਆਤਮਾ ਨਾਲ ਭਰ ਜਾਵੇ ਪਰ ਪਤਰਸ ਨੇ ਉਸ ਨੂੰ ਕਿਹਾ, ''ਤੇਰਾ ਧਨ ਤੇਰੇ ਨਾਲ ਨਾਸ ਹੋ ਜਾਵੇ ਕਿਉਂਕਿ ਤੂੰ ਪੈਸੇ ਨਾਲ ਪਰਮੇਸ਼ੁਰ ਦੇ ਵਰਦਾਨ ਨੂੰ ਪ੍ਰਾਪਤ ਕਰਨ ਬਾਰੇ ਸੋਚਿਆ ਸੀ। ਤੇਰਾ ਇਸ ਗੱਲ ਵਿੱਚ ਨਾ ਕੋਈ ਹਿੱਸਾ ਨਾ ਕੋਈ ਸਾਂਝ ਹੈ ਕਿਉਂ ਜੋ ਤੇਰਾ ਮਨ ਪਰਮੇਸ਼ਰ ਦੇ ਅੱਗੇ ਸਿੱਧਾ ਨਹੀਂ। ਤੂੰ ਆਪਣੀ ਇਸ ਬੁਰਿਆਈ ਤੋਂ ਤੋਬਾ ਕਰ ਤਾਂ ਜੋ ਤੇਰੇ ਮਨ ਵਿੱਚ ਜੋਂ ਸੋਚ ਹੈ ਮਾਫ਼ ਕੀਤੀ ਜਾਵੇ।*

*ਰਸੂਲਾਂ ਦੇ ਕਰਤੱਬ 10:45 ਅਤੇ ਸਾਰੇ ਸੁੰਨਤ ਕੀਤੇ ਹੋਏ ਵਿਸ਼ਵਾਸੀ, ਜਿੰਨੇ ਪਤਰਸ ਦੇ ਨਾਲ ਆਏ ਸਨ ਸਭ ਹੈਰਾਨ ਹੋ ਗਏ ਜੋ ਪਰਾਈਆਂ ਕੋਮਾਂ ਦੇ ਲੋਕਾਂ ਉੱਤੇ ਵੀ ਪਵਿੱਤਰ ਆਤਮਾ ਨੂੰ ਵਹਾਇਆ ਗਿਆ ਹੈ।*

ਜੋ ਕੁਝ ਵੀ ਸਾਨੂੰ ਪਰਮੇਸ਼ਵਰ ਤੋਂ ਮਿਲਦਾ ਹੈ, ਉਹ ਸਭ ਉਸ ਦੀ ਕਿਰਪਾ ਸਦਕਾ ਪ੍ਰਾਪਤ ਹੁੰਦਾ ਹੈ। ਪਰ ਇਨ੍ਹਾਂ ਵਿੱਚੋਂ ਇੱਕ ਬਰਕਤ ਸਭ ਤੋਂ ਖਾਸ ਹੈ। ਸਮਝੋ ਕਿ ਪਰਮੇਸ਼ੁਰ ਨੇ ਸਾਨੂੰ ਮਾਫ਼ੀ ਅਤੇ ਸਦੀਵੀ ਜੀਵਨ ਦਿੱਤਾ ਹੈ। ਇਹ ਸਭ ਵਰਦਾਨ ਹਨ। ਪਰ ਸਭ ਤੋਂ ਖਾਸ ਵਰਦਾਨ ਉਹ ਹੈ ਜੋ ਵਰਦਾਨ ਦੇ ਰੂਪ ਵਿੱਚ ਖੁਦ ਨੂੰ ਦੇ ਦਿੱਤਾ ਹੈ! ਵਰਦਾਨ ਦੇਣ ਵਾਲਾ ਸਭ ਵਰਦਾਨਾ ਨਾਲੋਂ ਵੱਡਾ ਹੈ। ਪਰਮੇਸ਼ੁਰ ਨੇ ਸਾਨੂੰ ਇੱਕ ਵਰਦਾਨ ਦੇ ਰੂਪ ਵਿੱਚ ਆਪਣੇ ਆਪ ਨੂੰ ਦੇ ਦਿੱਤਾ ਹੈ।

ਕੀ ਤੁਸੀਂ ਦੇਖ ਸਕਦੇ ਹੋ ਕਿ ਪਵਿੱਤਰ ਆਤਮਾ ਪਰਮੇਸ਼ੁਰ ਦਾ ਸਭ ਤੋਂ ਵੱਡਾ ਵਰਦਾਨ ਹੈ? ਤੁਸੀਂ ਪਰਮੇਸ਼ੁਰ ਦੀ ਖੁਸ਼ੀ ਵਿੱਚ ਆਨੰਦ ਹੋ ਸਕਦਾ ਹੈ, ਪਰ ਇਹ ਬਿਹਤਰ ਹੈ ਕਿ ਅਸੀਂ ਅਨੰਦ ਦੇ ਪ੍ਰਭੂ, ਯਾਨੀ ਪਵਿੱਤਰ ਆਤਮਾ ਵਿੱਚ ਅਨੰਦ ਕਰੀਏ! ਸਾਨੂੰ ਸਦੀਵੀ ਜੀਵਨ ਦਾ ਵਰਦਾਨ ਪ੍ਰਾਪਤ ਹੋਇਆ ਹੈ, ਪਰ ਸਾਨੂੰ ਜੀਵਨ ਦਾ ਆਤਮਾ ਵੀ ਦਿੱਤਾ ਗਿਆ ਹੈ (ਰੋਮੀਆਂ 8:2)। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਵਿਸ਼ਵਾਸੀਆਂ ਨੇ ਸਦੀਵੀ ਜੀਵਨ ਤਾਂ ਪ੍ਰਾਪਤ ਹੋਇਆ ਹੀ ਹੈ, ਪਰ ਉਹ ਜੀਵਨ ਦੇ ਆਤਮਾ ਨਾਲ ਭਰਪੂਰ ਹੋ ਕੇ ਸਦੀਵੀ ਜੀਵਨ ਵਿੱਚ ਨਹੀਂ ਚੱਲ ਰਹੇ ਹਨ।

ਪਵਿੱਤਰ ਆਤਮਾ ਪਰਮੇਸ਼ੁਰ ਨਾਲ ਰਿਸ਼ਤੇ ਦਾ ਪਹਿਲਾ ਫਲ ਹੈ। ਜਦੋਂ ਅਸੀਂ ਇੱਥੇ ਇਸ ਧਰਤੀ ਉੱਤੇ ਹਾਂ, ਸਾਨੂੰ ਪੂਰੀ ਤਰ੍ਹਾਂ ਨਾਲ ਪਵਿੱਤਰ ਆਤਮਾ ਪ੍ਰਾਪਤ ਹੋਇਆ ਹੈ। ਅਸੀਂ ਹੁਣ ਆਤਮਾ ਦੁਆਰਾ ਮਸੀਹ ਦੇ ਨਾਲ ਏਕਤਾ ਵਿੱਚ ਹਨ, ਪਰ ਜਦੋਂ ਯਿਸੂ ਆਵੇਗਾ ਤਾਂ ਫਿਰ ਅਸੀਂ ਆਹਮੋ-ਸਾਹਮਣੇ ਹੋਵਾਂਗੇ ਅਤੇ ਉਸਦੇ ਨਾਲ ਇੱਕ ਹੋਵਾਂਗੇ। ਅਸੀਂ ਇੱਕ ਲਾੜੀ ਦੀ ਤਰ੍ਹਾਂ ਯਿਸੂ ਦੀ ਵਾਪਸੀ ਦੀ ਉਡੀਕ ਕਰ ਰਹੇ ਹਾਂ, ਇਸ ਲਈ  ਜੋ ਯਿਸੂ ਅਜੇ ਤੱਕ ਸਾਨੂੰ ਨਹੀਂ ਮਿਲਿਆ ਹੈ। (ਪਰਕਾਸ਼ ਦੀ ਪੋਥੀ 22:17), ਅਤੇ ਅਸੀਂ ਉਸ ਸ਼ਹਿਰ ਦੀ ਉਡੀਕ ਕਰਦੇ ਹਾਂ ਜਿੱਥੇ ਸਾਡਾ ਪਿਤਾ ਰਹਿੰਦਾ ਹੈ (ਇਬਰਾਨੀ 11:13-16)। ਪਰ ਸਾਨੂੰ ਪਵਿੱਤਰ ਆਤਮਾ ਮਿੱਲ ਚੁਕਿਆ ਹੈ! ਇਹ ਦਿੱਤਾ ਗਿਆ ਵਰਦਾਨ ਸਾਨੂੰ ਪੂਰਾ ਭਰੋਸਾ ਦਿੰਦਾ ਹੈ ਕਿ ਜੇਕਰ ਅਸੀਂ ਹੁਣ ਪਵਿੱਤਰ ਆਤਮਾ ਪ੍ਰਾਪਤ ਕੀਤਾ ਹੈ, ਫਿਰ ਜ਼ਰੂਰ ਅਸੀਂ ਯਿਸੂ ਅਤੇ ਪਿਤਾ ਦੇ ਨਾਲ ਵੀ ਰਹਾਂਗੇ (ਅਫ਼ਸੀਆਂ 1:13-14)। ਇਹ ਜਾਣਦਿਆਂ, ਸਾਡੇ ਮੌਜੂਦਾ ਰਿਸ਼ਤੇ ਜੋ ਪਵਿੱਤਰ ਆਤਮਾ ਨਾਲ ਹੈ ਇਹ ਦਰਸਾਉਂਦਾ ਹੈ ਕਿ ਅਸੀਂ ਸੱਚਮੁੱਚ ਪਰਮੇਸ਼ੁਰ ਵੱਲੋਂ ਹਾਂ। ਜੇ ਮੈਂ ਕਹਾਂ ਕਿ ਮੈਂ ਪਰਮੇਸ਼ਵਰ  ਨੂੰ ਪਿਆਰ ਕਰਦਾ ਹਾਂ ਪਰ ਪਵਿੱਤਰ ਆਤਮਾ ਦੀ ਕਦਰ ਨਾ ਕਰੋ, ਫਿਰ ਇਹ ਦਰਸਾਉਂਦਾ ਹੈ ਕਿ ਜਾਂ ਤਾਂ ਮੈਂ ਜੋ ਕਹਿੰਦਾ ਹਾਂ ਉਸ ਵਿੱਚ ਮੈ ਪਖੰਡੀ ਹੈ ਜਾਂ ਮੈਂ ਪਵਿੱਤਰ ਆਤਮਾ ਨੂੰ ਬਿਲਕੁਲ ਨਹੀਂ ਜਾਣਦਾ।

**ਪਵਿੱਤਰ ਆਤਮਾ ਇਕ ਸਮਰੱਥਾ ਨਹੀਂ ਬਲਕਿ ਇੱਕ ਸ਼ਖਸੀਅਤ ਹੈ**

ਕੁਝ ਲੋਕ ਸਿਖਾਉਂਦੇ ਹਨ ਕਿ ਪਵਿੱਤਰ ਆਤਮਾ ਸਿਰਫ਼ ਪਰਮੇਸ਼ਵਰ  ਦੀ ਸਮਰੱਥਾ ਹੈ, ਅਤੇ ਉਹ ਉਸਨੂੰ ਇੱਕ ਬਹੁਤ ਹੀ ਰਹੱਸਮਈ ਚੀਜ਼ ਮੰਨਦੇ ਹਨ ਜੋ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਦਾ ਹੈ। ਇਹ ਇੱਕ ਝੂਠ ਹੈ, ਅਤੇ ਇਸ ਅਧਿਆਇ ਦੇ ਅੰਤ ਵਿੱਚ ਅਸੀਂ ਕੁਝ ਆਇਤਾਂ ਦੇਖਾਂਗੇ ਜੋ ਦਰਸਾਉਂਦੀਆਂ ਹਨ ਕਿ ਪਵਿੱਤਰ ਆਤਮਾ ਕੇਵਲ ਸਮਰੱਥਾ ਨਹੀਂ ਹੈ, ਸਗੋਂ ਇੱਕ ਸ਼ਖਸੀਅਤ ਹੈ।

*1 ਕੁਰਿੰਥੀਆਂ 12:11 ਪਰ ਉਹ ਇੱਕੋ ਆਤਮਾ ਹੀ ਸਭ ਕੁਝ ਕਰਦਾ ਹੈ ਅਤੇ ਉਹ ਜਿਸ  ਤਰ੍ਹਾਂ ਚਾਹੁੰਦਾ ਹੈ ਹਰੇਕ ਨੂੰ ਇੱਕ-ਇੱਕ ਕਰਕੇ ਵੰਡ ਦਿੰਦਾ ਹੈ।*

*1 ਥੱਸਲੁਨੀਕੀਆਂ 5:19 ਆਤਮਾ ਨੂੰ ਨਾ ਬੁਝਾਓ।*

ਪਵਿੱਤਰ ਆਤਮਾ ਦੀ ਆਪਣੀ ਇੱਕ ਸੁਤੰਤਰ ਇੱਛਾ ਹੈ, ਅਤੇ ਉਹ ਵਰਦਾਨਾ ਦੇ ਸੰਬੰਧ ਵਿੱਚ  ਆਪਣੀ ਇੱਛਾ ਅਨੁਸਾਰ ਹੀ ਕੰਮ ਕਰਦਾ ਹੈ ਅਤੇ ਕਰਵਾਉਂਦਾ ਹੈ। ਦੂਜੇ ਮਾਮਲਿਆਂ ਵਿੱਚ ਪਵਿੱਤਰ ਆਤਮਾ ਲੋਕਾਂ ਨੂੰ, ਪਿਤਾ ਅਤੇ ਯਿਸੂ ਦੀ ਇੱਛਾ ਨੂੰ ਸਮਝਾਉਂਦਾ ਹੈ (ਯੂਹੰਨਾ 16:13)। ਪਵਿੱਤਰ ਆਤਮਾ ਜਨੂੰਨ ਨਾਲ ਭਰਪੂਰ ਹੈ, ਅਤੇ ਇਸਨੂੰ ਪਿਆਰ ਦੀ ਭਸਮ ਕਰਨ ਵਾਲੀ ਅੱਗ ਵਜੋਂ ਦਰਸਾਇਆ ਗਿਆ ਹੈ। ਇਸ ਦਾ ਵਿਰੋਧ ਕਰਕੇ ਅਸੀਂ ਉਸ ਅੱਗ ਨੂੰ ਬੁਝਾ ਸਕਦੇ ਹਾਂ, ਜਿਵੇਂ ਪਾਣੀ ਅੱਗ ਨੂੰ ਬੁਝਾ ਦਿੰਦਾ ਹੈ।

*ਰਸੂਲਾਂ ਦੇ ਕਰਤੱਬ 15:28 ਕਿਉਂਕਿ ਪਵਿੱਤਰ ਆਤਮਾ ਨੇ ਅਤੇ ਅਸੀਂ ਚੰਗਾ ਸਮਝਿਆ ਜੋਂ ਇਹਨਾਂ ਜ਼ਰੂਰੀ ਗੱਲਾਂ ਤੋਂ ਬਿਨ੍ਹਾਂ ਤੁਹਾਡੇ ਉੱਤੇ ਹੋਰ ਕੋਈ ਭਾਰ ਨਾਂ ਪਾਈਏ।*

ਜਿਵੇਂ ਕਿ ਰਸੂਲਾਂ ਨੇ ਨਵੇਂ ਗ਼ੈਰ-ਯਹੂਦੀ ਵਿਸ਼ਵਾਸੀਆਂ ਲਈ ਪ੍ਰਭੂ ਤੋਂ ਬੁੱਧੀ ਅਤੇ ਮਾਰਗਦਰਸ਼ਨ ਦੀ ਮੰਗ ਕੀਤੀ, ਪਵਿੱਤਰ ਆਤਮਾ ਨੇ ਉਨ੍ਹਾਂ ਤੇ ਆਪਣੀ ਇੱਛਾ ਪ੍ਰਗਟ ਕੀਤੀ। ਪਵਿੱਤਰ ਆਤਮਾ ਮੁਸਕਰਾਇਆ ਅਤੇ ਉਹਨਾਂ ਨੂੰ ਇਸ ਤਰ੍ਹਾਂ ਕਰਨ ਲਈ ਸਮਝਾਇਆ, ਅਤੇ ਉਹਨਾਂ ਨੇ ਮਿਲ ਕੇ ਨਵੇਂ ਵਿਸ਼ਵਾਸੀਆਂ ਨੂੰ ਹੁਕਮ ਦਿੱਤਾ। ਇਹ ਦਰਸਾਉਂਦਾ ਹੈ ਕਿ ਪਵਿੱਤਰ ਆਤਮਾ ਦਾ ਆਪਣਾ ਮਨ ਅਤੇ ਵਿਚਾਰ ਹੈ।

*ਅਫ਼ਸੀਆਂ 4:30 ਪਰਮੇਸੁਰ ਦੇ ਪਵਿੱਤਰ ਆਤਮਾ ਨੂੰ ਉਦਾਸ ਨਾ ਕਰੋ, ਜਿਸ ਦੁਆਰਾ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਲਈ ਮੋਹਰ ਲਗਾਈ ਗਈ ਸੀ।*

ਮੂਲ ਯੂਨਾਨੀ ਭਾਸ਼ਾ ਦੇ ਅਨੁਸਾਰ, ਦੁਖੀ ਜਾਂ ਸਭ ਤੋਂ ਵੱਧ ਦੁਖੀ ਅਨੁਵਾਦ ਨਹੀਂ ਹੈ, ਪਰ 'ਸਤਾਉਣਾਂ' ਹੈ। ਪਰਮੇਸੁਰ ਦੀ ਪਵਿੱਤਰ ਆਤਮਾ ਨੂੰ ਨਾ ਸਤਾਓ ਸਭ ਤੋਂ ਸਹੀ ਅਨੁਵਾਦ ਹੈ। ਕੀ ਤੁਸੀਂ ਜਾਣਦੇ ਹੋ ਕਿ ਅਸੀਂ ਪਵਿੱਤਰ ਆਤਮਾ ਨੂੰ ਸਤਾਉਂਦੇ ਹਾਂ? ਪਵਿੱਤਰ ਆਤਮਾ ਦਾ ਨਾ ਸਿਰਫ਼ ਆਪਣਾ ਮਨ, ਵਿਚਾਰ ਅਤੇ ਸੁਤੰਤਰ ਇੱਛਾ ਹੈ, ਸਗੋਂ ਉਸਦੀਆਂ ਭਾਵਨਾਵਾਂ ਵੀ ਹਨ। ਜਦੋਂ ਅਸੀਂ ਉਸਨੂੰ ਪਿਆਰ ਨਹੀਂ ਕਰਦੇ ਜਾਂ ਉਸਦਾ ਵਿਰੋਧ ਕਰਦੇ ਹਾਂ, ਤਾਂ ਅਸੀਂ ਉਸਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਾਂ। ਜਿਸ ਤਰ੍ਹਾਂ ਕਬੂਤਰ ਬਹੁਤ ਆਸਾਨੀ ਨਾਲ ਡਰ ਜਾਂਦਾ ਹੈ ਅਤੇ ਭੱਜ ਜਾਂਦਾ ਹੈ, ਉਸੇ ਤਰ੍ਹਾਂ ਪਵਿੱਤਰ ਆਤਮਾ ਵੀ ਬਹੁਤ ਭਾਵਨਾਤਮਕ ਤੌਰ 'ਤੇ ਸੰਵੇਦਨਸ਼ੀਲ ਹੈ।

*ਰੋਮੀਆਂ ਨੂੰ 15:30 ਹੁਣ ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਅਨੁਸਾਰ ਅਤੇ ਪਵਿੱਤਰ ਆਤਮਾ ਦੇ ਅਨੁਸਾਰ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿ ਤੁਸੀਂ ਪਰਮੇਸ਼ੁਰ ਦੇ ਅੱਗੇ ਮੇਰੇ ਲਈ ਪ੍ਰਾਰਥਨਾ ਕਰਨ ਵਿੱਚ ਮੇਰੇ ਨਾਲ ਯਤਨ ਕਰੋ।*

ਪਵਿੱਤਰ ਆਤਮਾ ਨਾ ਸਿਰਫ਼ ਪਿਤਾ ਅਤੇ ਯਿਸੂ ਦੇ ਪਿਆਰ ਨੂੰ ਪ੍ਰਗਟ ਕਰਦਾ ਹੈ (ਰੋਮੀਆਂ 5:5), ਪਰ ਉਹ ਆਪਣੇ ਪਿਆਰ ਨੂੰ ਵੀ ਪ੍ਰਗਟ ਕਰਦਾ ਹੈ। ਜੇਕਰ ਪਵਿੱਤਰ ਆਤਮਾ ਕੇਵਲ ਦੂਜਿਆਂ ਲਈ ਪਿਆਰ ਦਾ ਪ੍ਰਗਟਾਵਾ ਕਰਦਾ ਹੈ, ਤਾਂ ਉਹ ਇੱਕ ਅਧੂਰਾ ਵਿਅਕਤੀ ਹੋਵੇਗਾ ਕਿਉਂਕਿ ਉਸਦੀ ਆਪਣੀ ਕੋਈ ਸ਼ਖਸੀਅਤ ਨਹੀਂ ਹੋਵੇਗੀ। ਪਰ ਬਚਨ ਸਪਸ਼ਟ ਤੌਰ ਤੇ ਦੱਸਦਾ ਹੈ ਕਿ ਪਵਿੱਤਰ ਆਤਮਾ ਦਾ ਆਪਣਾ ਪਿਆਰ ਅਤੇ ਸਨੇਹ ਹੈ, ਅਤੇ ਉਹ ਕੋਈ ਸ਼ਕਤੀ ਨਹੀਂ ਹੈ ਪਰ ਇੱਕ ਵਿਸ਼ੇਸ਼ ਵਿਅਕਤੀ ਹੈ।

ਕੀ ਤੁਸੀਂ ਉਸਦੇ ਪਿਆਰ ਨੂੰ ਮਹਿਸੂਸ ਕੀਤਾ ਹੈ? ਇਹ ਅਧਿਆਇ ਤੁਹਾਡੇ ਲਈ ਉਸ ਦੀ ਸ਼ਖ਼ਸੀਅਤ ਨੂੰ ਜਾਣਨ ਅਤੇ ਉਸ ਨਾਲ ਡੂੰਘੇ ਰਿਸ਼ਤੇ ਨੂੰ ਸਥਾਪਿਤ ਕਰਨ ਲਈ ਇੱਕ ਵਿਸ਼ੇਸ਼ ਸੱਦਾ ਹੈ।

ਅਧਿਆਇ 3

# ਯਿਸੂ ਦਾ ਨਮੂਨਾ

### ਝੂਠੇ ਵਿਸ਼ਵਾਸ ਅਤੇ ਲੁਕੀ ਹੋਈ ਗਲਤ ਮਾਨਸਿਕਤਾ

ਸੇਵਕਾਈ ਦੇ ਆਪਣੇ ਪਹਿਲੇ ਸਾਲਾਂ ਵਿੱਚ ਮੈਨੂੰ ਬਹੁਤ ਆਨੰਦ ਆਇਆ। ਮੈਂ ਇੱਕ ਵੱਡੇ ਚਰਚ ਵਿੱਚ ਕਈ ਪਾਦਰੀਆਂ ਦੇ ਨਾਲ ਵੱਖ-ਵੱਖ ਤਰੀਕਿਆ ਨਾਲ ਸੇਵਾ ਕਰਦਾ ਸੀ, ਜਿਵੇਂ ਕਿ ਅਗਵਾਈ ਕਰਨਾ, ਸਿਖਾਉਣਾ, ਪ੍ਰਚਾਰ ਕਰਨਾ, ਚੇਲੇ ਬਣਾਉਣਾ, ਅਤੇ ਪਾਦਰੀ ਦੀ ਸਹਾਇਤਾ ਕਰਨਾ। ਮੈਂ ਉਹਨਾਂ ਤੋਂ ਬਹੁਤ ਕੁਝ ਸਿੱਖਿਆ ਅਤੇ ਉਨ੍ਹਾਂ ਸਾਲਾਂ ਨੂੰ ਬਹੁਤ ਕੀਮਤੀ ਸਮਝਿਆ। ਉਸ ਸਮੇਂ ਮੈਂ ਇੱਕ ਗੱਲ ਨੂੰ ਆਪਣੇ ਮਨ ਵਿੱਚ ਸਵੀਕਾਰ ਕੀਤਾ ਜਿਸ ਵਿੱਚ ਬਹੁਤ ਸਾਰੇ ਲੋਕ ਵਿਸ਼ਵਾਸ ਕਰਦੇ ਹਨ।ਯਿਸੂ ਨੂੰ ਜਾਣੇ ਬਗੈਰ ਮੇਰੀ ਉਸ ਬਾਰੇ ਇੱਕ ਗਲਤ ਸੋਚ ਸੀ।

ਸਾਰੇ ਲੋਕ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ਵਰ ਸਰਬਸ਼ਕਤੀਮਾਨ ਹੈ ਅਤੇ ਯਿਸੂ ਨੇ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ ਸਨ। ਪਰਮੇਸ਼ਵਰ ਸਭ ਕੁਝ ਕਰ ਸਕਦਾ ਹੈ। ਪਰ ਸਾਡੀ ਸਮੱਸਿਆ ਇਹ ਹੈ ਕਿ ਉਹ ਸਾਡੇ ਵਿੱਚ ਓਨਾ ਕੰਮ ਨਹੀਂ ਕਰ ਰਿਹਾ ਜਿੰਨਾ ਨਵੇਂ ਨੇਮ ਵਿੱਚ ਦਰਜ ਹੈ, ਖਾਸ ਕਰਕੇ ਰਸੂਲਾਂ ਦੇ ਕਰਤੱਬ ਵਿੱਚ। ਹਰ ਹਫ਼ਤੇ ਮੈਂ ਪਾਦਰੀਆਂ ਨਾਲ ਹਸਪਤਾਲ ਜਾਂਦਾ ਸੀ। ਜੇ ਸਾਡੀ ਚਰਚ ਦਾ ਕੋਈ ਮੈਂਬਰ ਬੀਮਾਰ ਹੋ ਜਾਂਦਾ ਸੀ, ਤਾਂ ਅਸੀਂ ਸਾਰੇ ਉਸ ਨੂੰ ਮਿਲਦੇ ਸੀ ਅਤੇ ਉਸ ਲਈ ਪ੍ਰਾਰਥਨਾ ਕਰਦੇ ਸੀ।

ਹਰ ਸਾਲ, ਉਨ੍ਹਾਂ ਬਿਮਾਰ ਲੋਕਾਂ ਨੂੰ ਮਿਲਣ ਵੇਲੇ, ਮੈਂ ਕੁਝ ਅਨੋਖਾ ਦੇਖਿਆ। ਅਸੀਂ ਬਹੁਤ ਸਾਰੇ ਲੋਕਾਂ ਲਈ ਪ੍ਰਾਰਥਨਾ ਕੀਤੀ, ਪਰ ਉਨ੍ਹਾਂ ਵਿੱਚੋਂ ਕੋਈ ਵੀ ਸਾਡੇ ਸਾਹਮਣੇ ਤੁਰੰਤ ਠੀਕ ਨਹੀਂ ਹੋਇਆ। ਉਹ ਸਾਰੇ ਜਿਹੜੇ ਮੌਤ ਦੇ ਬਿਸਤਰ ’ਤੇ ਪਏ ਸਨ, ਦਫ਼ਨ ਹੋ ਗਏ। ਮੈਂ ਇਸ ਅਨੁਭਵ ਤੋਂ ਬਹੁਤ ਉਲਝਣ ਵਿੱਚ ਸੀ ਅਤੇ ਇੱਕ ਦਿਨ ਮੈਂ ਆਪਣੇ ਪਾਦਰੀ ਨੂੰ ਪੁੱਛਿਆ ਕਿ ਉਹ ਠੀਕ ਕਿਉਂ ਨਹੀਂ ਹੋਏ। ਮੈਂ ਪੁੱਛਦਿਆਂ ਹੀ ਉਸ ਦੀਆਂ ਅੱਖਾਂ ਵਿਚ ਉਹੀ ਉਲਝਣ ਦੇਖੀ। ਉਸਨੇ ਕਿਹਾ, ’’ਅਸੀਂ ਨਹੀਂ ਸਮਝਦੇ, ਪਰ ਅਸੀਂ ਲੋਕਾਂ ਨੂੰ ਚੰਗਾ ਕਰਨ ਅਤੇ ਸਾਡੇ ਪਿਆਰ ਨੂੰ ਉਹਨਾਂ ਨੂੰ ਵਿਖਾਉਂਣ ਦੀ ਕੋਸ਼ਿਸ਼ ਤਾਂ ਕਰ ਰਹੇ ਹਾਂ।’’

ਲੋਕਾਂ ਨੂੰ ਪਿਆਰ ਕਰਨਾ ਸੇਵਕਾਈ ਦੀ ਨੀਂਹ ਹੈ, ਅਤੇ ਪਿਆਰ ਤੋਂ ਬਿਨਾਂ ਸਮਰੱਥਾ ਕੁਝ ਨਹੀਂ ਹੈ (1 ਕੁਰਿੰਥੀਆਂ 13:2)। ਪਰ ਪਿਆਰ ਸਮਰੱਥਾ ਤੋਂ ਬਿਨਾਂ ਆਪਣਾ ਪੂਰਾ ਕੰਮ ਨਹੀਂ ਕਰ ਸਕਦਾ। ਸਾਨੂੰ ਅਗਿਆਨਤਾ ਵਿੱਚ ਅੱਗੇ ਵੱਧਦੇ ਨਹੀਂ ਰਹਿਣਾ ਚਾਹੀਦਾ, ਪਰ ਇਹ ਜਾਣਨਾ ਚਾਹੀਦਾ ਹੈ ਕਿ ਪਰਮੇਸ਼ੁਰ ਦੀ ਇੱਛਾ ਕੀ ਹੈ (ਅਫ਼ਸੀਆਂ 5:17)। ਕੀ ਕੋਈ ਕਾਰਨ ਹੈ ਕਿ ਲੋਕ ਠੀਕ ਨਹੀਂ ਹੁੰਦੇ? ਚਮਤਕਾਰ ਨਾ ਹੋਣ ਦਾ ਕੀ ਕਾਰਨ ਹੈ? ਅਸੀਂ ਆਪਣੇ ਚਰਚਾਂ ਅਤੇ ਸੇਵਕਾਈਆਂ ਵਿੱਚ ਉਹੀ ਚਿੰਨਾ ਅਤੇ ਚਮਤਕਾਰਾ ਨੂੰ ਕਿਉਂ ਨਹੀਂ ਦੇਖਦੇ ਜੋ ਮੱਤੀ, ਮਰਕੁਸ, ਲੂਕਾ, ਯੂਹੰਨਾ ਅਤੇ ਰਸੂਲਾਂ ਦੇ ਕਰਤੱਬ ਵਿੱਚ ਦਰਜ ਹਨ? ਚਮਤਕਾਰ ਨਾ ਹੋਣ ਦੇ ਕੁਝ ਕਾਰਣ ਹਨ, ਜਿਨ੍ਹਾਂ ਬਾਰੇ ਮੈਂ ਜਾਣਦਾ ਹਾਂ। ਪਰ ਇਸ ਅਧਿਆਇ ਵਿੱਚ ਮੈਂ ਇੱਕ ਮੁੱਖ ਕਾਰਨ ਵੱਲ ਧਿਆਨ ਦੇਣਾ ਚਾਹੁੰਦਾ ਹਾਂ।

ਬਹੁਤ ਸਾਰੇ ਲੋਕ ਯਿਸੂ ਦੇ ਜੀਵਨ ਨੂੰ ਗਲਤ ਤਰੀਕੇ ਨਾਲ ਸਮਝਦੇ ਹਨ, ਅਤੇ ਮੈਂ ਵੀ ਉਹਨਾਂ ਵਿੱਚੋ ਇੱਕ ਸੀ। ਲੋਕ ਵੱਖ-ਵੱਖ ਗੱਲਾਂ ਕਹਿੰਦੇ ਹਨ, ਜਿਵੇਂ ਕਿ ’’ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਸੰਪੂਰਨ ਹੋ, ਫਿਰ ਪਾਣੀ ’ਤੇ ਚੱਲਣ ਦੀ ਕੋਸ਼ਿਸ਼ ਕਰੋ!’’ ਜਾਂ ’’ਮੈਨੂੰ ਨਾ ਦੇਖੋ! ਮੈਂ ਯਿਸੂ ਨਹੀਂ ਹਾਂ!’’ ਜਾਂ ’’ਜੇ ਯਿਸੂ ਇੱਥੇ ਪ੍ਰਗਟ ਹੁੰਦਾ ਹੈ ਫਿਰ ਉਹ ਬਿਮਾਰ ਠੀਕ ਹੋ ਗਿਆ ਹੁੰਦਾ।’’ ਝੂਠੇ ਪ੍ਰਚਾਰ ਕਰਕੇ ਜਾਂ ਗਲਤ ਵਿਸ਼ਵਾਸ ਦੇ ਕਾਰਣ ਬਹੁਤ ਸਾਰੇ ਲੋਕ ਇਸ ਝੂਠ ਤੇ ਵਿਸ਼ਵਾਸ ਕਰਦੇ ਹਨ, ਕਿ ਯਿਸੂ ਇਸ ਲਈ ਉਹ ਸਾਰੇ ਚਮਤਕਾਰ ਕਰ ਸਕਦਾ ਸੀ ਅਤੇ ਸਾਰੀਆਂ ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢ ਸਕਦਾ ਸੀ, ਕਿਉਂਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ। ਅਸੀਂ ਇਸ ਤਰ੍ਹਾਂ ਦੇ ਕੰਮ ਨਹੀਂ ਕਰ ਸਕਦੇ ਹਾਂ ਕਿਉਂਕਿ ਅਸੀਂ ਕੁਝ ਨਹੀਂ ਹਾਂ ਪਰ ਉਹ ਸਭ ਕੁਝ ਹੈ।

ਇਸ ਝੂਠ ਨੂੰ ਮੰਨਣ ਵਾਲੇ ਲੋਕ ਅਕਸਰ ਇਹ ਸਭ ਕੁਝ ਕਹਿੰਦੇ ਹਨ ''ਜੇਕਰ ਯਿਸੂ ਦੇ ਦਿਨਾਂ ਵਿੱਚ ਬਿਮਾਰ ਲੋਕ ਠੀਕ ਹੋ ਗਏ ਸਨ, ਤਾਂ ਇਹ ਸਭ ਇਸ ਲਈ ਸੀ ਕਿਉਂਕਿ ਪਰਮੇਸੁਰ ਦਾ ਪੁੱਤਰ ਉੱਥੇ ਮੋਜੂਦ ਸੀ। ਸੱਚਮੁਚ ਦੁਸ਼ਟ ਆਤਮਾਵਾਂ ਲੋਕਾ ਵਿੱਚੋ ਨਿਕਲ ਗਈਆਂ! ਕੋਣ ਪਰਮੇਸੁਰ ਦੇ ਪੁੱਤਰ ਦਾ ਵਿਰੋਧ ਕਰ ਸਕਦਾ ਹੈ? ਮੁਰਦਿਆਂ ਨੂੰ ਜੀਉਂਦਾ ਕੀਤਾ ਗਿਆ ਸੀ? ਕੋਈ ਨਹੀਂ, ਕੇਵਲ ਯਿਸੂ ਹੀ ਇਹ ਚਮਤਕਾਰੀ ਕੰਮ ਕਰ ਸਕਦਾ। ਯਿਸੂ ਸਭ ਕੁਝ ਕਰ ਸਕਦਾ ਹੈ, ਕਿਉਂਕਿ ਉਹ ਪਰਮੇਸੁਰ ਦਾ ਪੁੱਤਰ ਹੈ!''

ਅਸੀਂ ਯਿਸੂ ਦੇ ਜੀਵਨ ਅਤੇ ਸੇਵਕਾਈ ਨੂੰ ਇਨਾਂ ਜਿਆਦਾ ਖਾਸ ਸਮਝਦੇ ਹਾਂ ਕਿ ਅਸੀਂ ਸੋਚਦੇ ਹਾਂ ਕਿ ਅਸੀਂ ਤਾਂ ਇਹ ਕਰ ਹੀ ਨਹੀ ਸਕਦੇ। ਜੇ ਅਸੀਂ ਕੋਸ਼ਿਸ਼ ਵੀ ਕਰਾਂਗੇ ਤਾਂ ਵਿਸ਼ਵਾਸੀ ਲੋਕ ਸਾਡਾ ਮਜ਼ਾਕ ਉਡਾਉਂਦੇ ਹੋਏ ਕਹਿਣਗੇ, ਤੁਸੀਂ ਆਪਣੇ ਆਪ ਨੂੰ ਕੀ ਸਮਝਦੇ ਹੋ? ਯਿਸੂ ਵਾਂਗ! ''ਜੇਕਰ ਸਾਡੇ ਜੀਵਨ ਅਤੇ ਸੇਵਕਾਈ ਵਿੱਚ ਯਿਸੂ ਦੇ ਚਮਤਕਾਰ ਨਹੀਂ ਵਾਪਰਦੇ, ਤਾਂ ਸਾਡੇ ਕੋਲ ਇੱਕ ਆਤਮਿਕ ਬਹਾਨਾ ਹੈ, ''ਮੈਂ ਨਹੀਂ ਕਰ ਸਕਦਾ, ਕਿਉਂਕਿ ਮੈਂ ਯਿਸੂ ਨਹੀਂ ਹਾਂ, ਪਰਮੇਸੁਰ ਦਾ ਪੁੱਤਰ ਨਹੀ ਹਾਂ।''

**ਸੱਚਾਈ**

ਮੈਨੂੰ ਅਜਿਹੀ ਸਿੱਖਿਆ ਪ੍ਰਾਪਤ ਹੋਈ ਜਿਸਨੇ ਮੇਰੇ ਸੋਚਣ ਅਤੇ ਵਿਸ਼ਵਾਸ ਕਰਨ ਦੇ ਤਰੀਕੇ ਨੂੰ ਬਦਲ ਦਿੱਤਾ। ਇਹ ਨਵਾਂ ਵਿਸ਼ਵਾਸ ਮੇਰੀ ਆਤਮਾ ਵਿੱਚ ਇੱਕ ਥੰਮ ਵਾਂਗ ਹੈ। ਇਹ ਸਿੱਖਿਆ ਉਸ ਪਹਿਲੇ ਬਿਆਨ ਨਾਲੋਂ ਜਿਆਦਾ ਯਿਸੂ ਦੀ ਵਡਿਆਈ ਕਰਦੀ ਹੈ। ਇਹ ਸਿੱਖਿਆ ਕੀ ਹੈ? ਜੋ ਕੁਝ ਵੀ ਯਿਸੂ ਨੇ ਧਰਤੀ ਉੱਤੇ ਕੀਤਾ, ਉਸ ਨੇ ਪਰਮੇਸੁਰ ਦੇ ਪੁੱਤਰ ਹੋਣ ਦੇ ਵਿਸ਼ੇਸ਼ ਅਧਿਕਾਰ ਤੋਂ ਬਿਨਾਂ, ਇੱਕ ਮਨੁੱਖ ਵਜੋਂ ਕੀਤਾ। ਮੈਂ ਇਸ ਅਧਿਆਇ ਵਿੱਚ ਇਸਦਾ ਕੀ ਅਰਥ ਹੈ, ਇਸ ਬਾਰੇ ਪੂਰੀ ਤਰ੍ਹਾਂ ਵਿਆਖਿਆ ਕਰਾਂਗਾ। ਇਹ ਗੱਲਾਂ ਇੰਨੀਆ ਜਿਆਦਾ ਖਾਸ ਕਿਉਂ ਹਨ? ਪਹਿਲਾਂ ਇਹਨਾਂ ਦੋ ਕਥਨਾਂ ਦੀ ਤੁਲਨਾ ਕਰੀਏ।

**ਝੂਠ**: ਯਿਸੂ, ਪਰਮੇਸੁਰ ਦਾ ਪੁੱਤਰ ਹੋਣ ਕਰਕੇ, ਸਾਰੇ ਚਮਤਕਾਰ ਕਰ ਸਕਦਾ ਸੀ।

**ਸੱਚਾਈ**: ਯਿਸੂ ਸਾਰੇ ਚਮਤਕਾਰ ਇਸ ਲਈ ਨਹੀਂ ਕਰ ਸਕਿਆ ਕਿਉਂਕਿ ਉਹ ਪਰਮੇਸੁਰ ਦਾ ਪੁੱਤਰ ਸੀ, ਸਗੋਂ ਇਸ ਲਈ ਕਿਉਂਕਿ ਉਹ ਪਵਿੱਤਰ ਆਤਮਾ ਨਾਲ ਭਰਪੂਰ ਸੀ ਅਤੇ ਜੋ ਪਰਮੇਸੁਰ ਪਿਤਾ ਦੇ ਅਧੀਨ ਅਤੇ ਸਮਰਪਿਤ ਸੀ।

ਝੂਠ ਸਾਨੂੰ ਬਹਾਨੇ ਬਣਾਉਂਦੇ ਸਿਖਾਉਂਦਾ ਹੈ, ਕਿ ਸਾਡੇ ਰਾਹੀਂ ਚਮਤਕਾਰ ਕਿਉਂ ਨਹੀਂ ਹੁੰਦੇ। ਇਹ ਅਵਿਸ਼ਵਾਸ ਦਾ ਇੱਕ ਕਾਰਨ ਹੈ। ਪਰ ਸੱਚਾਈ ਸਾਨੂੰ ਉਤਸ਼ਾਹਿਤ ਕਰਦੀ ਹੈ ਅਤੇ ਸਾਡੇ ਲਈ ਵਿਸ਼ਵਾਸ ਦਾ ਕਰਨ ਦਾ ਕਾਰਨ ਵੀ ਬਣਦੀ ਹੈ ਕਿ ਉਹੀ ਚਮਤਕਾਰ ਸਾਡੇ ਦੁਆਰਾ ਹੋਣਾ ਵੀ ਸੰਭਵ ਹੋ ਜਾਵੇ। ਜੇ ਯਿਸੂ ਨੇ ਮਨੁੱਖ ਵਾਂਗ ਅਜਿਹੇ ਚਮਤਕਾਰ ਕੀਤੇ, ਤਾਂ ਮੇਰੇ ਕੋਲ ਵੀ ਇਹ ਕਰਨ ਦੀ ਹਿੰਮਤ ਹੋਵੇਗੀ।

ਆਉ ਇਸ ਉਪਦੇਸ਼ ਦੀ ਮੂਲ ਆਇਤ ਵੱਲ ਧਿਆਨ ਦੇਈਏ।

*ਫ਼ਿਲਿੱਪਿਆਂ 2:5-11 ਤੁਹਾਡਾ ਓਹੋ ਸੁਭਾਓ ਹੋਵੇ ਜੋ ਮਸੀਹ ਯਿਸੂ ਦਾ ਵੀ ਸੀ।ਕਿ ਉਸ ਨੇ ਪਰਮੇਸ਼ਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ(ਜੋ ਕੁਝ ਉਸ ਕੋਲ ਸੀ ਸਭ ਕੁਝ ਤਿਆਗ ਦਿੱਤਾ) ਕਰਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ। ਅਤੇ ਮਨੁੱਖਾਂ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆ ਕੀਤਾ ਅਤੇ ਮੌਤ ਤੱਕ ਸਗੋਂ ਸਲੀਬ ਦੀ ਮੌਤ ਤੱਕ ਆਗਿਆਕਾਰ ਬਣਿਆ।ਇਸ ਕਾਰਣ ਪਰਮੇਸ਼ਰ ਨੇ ਉਸ ਨੂੰ ਉੱਚਿਆ ਕੀਤਾ ਅਤੇ ਉਸ*

*ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਂਮਾਂ ਤੋਂ ਉੱਤਮ ਹੈ। ਜੋ ਸਵਰਗ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠਾਂ ਹਨ, ਯਿਸੂ ਦੇ ਨਾਮ ਵਿੱਚ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜ਼ੁਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਹੀ ਪ੍ਰਭੂ ਹੈ।*

ਆਓ ਅਸੀ ਛੇਵੇਂ ਅਤੇ ਸੱਤਵੇਂ ਵਚਨ 'ਤੇ ਧਿਆਨ ਕੇਂਦਰਿਤ ਕਰੀਏ। ਇਹ ਬਚਨ ਸਾਨੂੰ ਦੱਸਦੇ ਹਨ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਉਹ ਪਰਮੇਸ਼ੁਰ ਦੇ ਬਰਾਬਰ ਹੈ। ਪਰਮੇਸ਼ਰ ਦੇ ਮੈਬਰਾਂ ਵਿੱਚ ਸਾਰਾ ਗਿਆਨ, ਸ਼ਕਤੀ ਅਤੇ ਯੋਗਤਾ ਬਰਾਬਰ ਹੁੰਦੇ ਹਨ। ਯਿਸੂ ਦੇ ਤੌਰ ਤੇ ਉਹ ਓਨ੍ਹਾਂ ਹੀ ਪ੍ਰਮੇਸ਼ਵਰ ਹੈ ਜਿੰਨਾ ਪਿਤਾ ਅਤੇ ਪਵਿੱਤਰ ਆਤਮਾ ਹੈ। ਪਰ ਉਸਨੇ ਬਹੁਤ ਮਹਾਨ ਕੰਮ ਕੀਤਾ। ਉਸਨੇ ਆਪਣੇ ਆਪ ਨੂੰ ਖਾਲੀ ਕਰ ਲਿਆ। ਮੂਲ ਯੂਨਾਨੀ ਭਾਸ਼ਾ ਦੇ ਅਨੁਸਾਰ, ਯਿਸੂ ਨੇ ਆਪਣੇ ਆਪ ਨੂੰ ਜੀਰੋ ਅਤੇ ਖਾਲੀ ਕਰ ਦਿੱਤਾ। ਉਹ ਕਿਵੇ ਖਾਲੀ ਅਤੇ ਜੀਰੋ ਬਣ ਗਿਆ? ਉਸ ਦੇ ਕਿਹੜੇ ਕਿਹੜੇ ਗੁਣ ਜੀਰੋ ਹੋ ਗਏ? ਜਦੋ ਯਿਸੂ ਧਰਤੀ ਉੱਤੇ ਜਨਮ ਲੈਣ ਲਈ ਸਵਰਗ ਤੋਂ ਉਤਰਿਆ, ਉਹ ਆਪਣਾ ਸਾਰਾ ਗਿਆਨ, ਸ਼ਕਤੀ ਅਤੇ ਯੋਗਤਾ ਨੂੰ ਛੱਡ ਕੇ ਆਇਆ ਅਤੇ ਪੂਰੀ ਤਰ੍ਹਾਂ ਮਨੁੱਖ ਵਾਂਗ ਇਸ ਧਰਤੀ ਤੇ ਰਿਹਾ। ਉਸਨੇ ਆਪਣੇ ਆਪ ਨੂੰ ਮਨੁੱਖੀ ਸੀਮਾਵਾਂ ਤੱਕ ਸੀਮਤ ਕਰ ਲਿਆ। ਉਹ ਕੋਲ ਅਜੇ ਵੀ ਪ੍ਰਮੇਸ਼ਵਰ ਦੀ ਹੋਂਦ ਸੀ, ਪਰ ਉਸ ਕੋਲ ਪ੍ਰਮੇਸ਼ਵਰ ਹੋਣ ਦੀਆਂ ਕੋਈ ਵਿਸ਼ੇਸ਼ਤਾਵਾਂ ਨਹੀ ਸਨ, ਜਿਵੇਂ ਕਿ ਗਿਆਨ ਅਤੇ ਸਮਰੱਥਾ। ਜਿਸ ਦੀ ਵਰਤੋਂ ਉਸ ਨੇ ਨਹੀਂ ਕੀਤੀ।

**ਯਿਸੂ ਦੀ ਨਿਮਰਤਾ**

ਵਚਨ ਸਾਨੂੰ ਸਾਫ਼-ਸਾਫ਼ ਦੱਸਦਾ ਹੈ ਕਿ ਜਦੋਂ ਯਿਸੂ ਇਸ ਧਰਤੀ 'ਤੇ ਸੀ, ਉਹ ਸਭ ਕੁਝ ਨਹੀਂ ਜਾਣਦਾ ਸੀ। ਇਹ ਸ਼ਬਦ ਪੜ੍ਹੋ।

*ਮੱਤੀ 8:10 ਯਿਸੂ ਇਹ ਸੁਣ ਕੇ ਹੈਰਾਨ ਹੋਇਆ ਅਤੇ ਆਪਣੇ ਪਿੱਛੇ ਆਉਣ ਵਾਲਿਆਂ ਨੂੰ ਕਿਹਾ ਕਿ,"ਮੈਂ ਤੁਹਾਨੂੰ ਸੱਚ ਆਖਦਾ ਹਾਂ, ਕਿ ਮੈਂ ਇਸ ਤਰ੍ਹਾਂ ਦਾ ਵਿਸ਼ਵਾਸ ਇਸਰਾਏਲ ਵਿੱਚ ਵੀ ਨਹੀਂ ਵੇਖਿਆ।*

*ਮਰਕੁਸ 11:13 ਅਤੇ ਉਹ ਦੂਰੋਂ ਅੰਜੀਰ ਦਾ ਇੱਕ ਹਰਾ-ਭਰਾ ਰੁੱਖ਼ ਵੇਖ ਕੇ ਉਹ ਦੇ ਨੇੜੇ ਗਏ, ਕੀ ਜਾਣੀਏ ਜੋ ਉਸ ਤੋਂ ਕੁਝ ਲੱਭੇ ਪਰ ਜਦੋਂ ਉਹ ਉਸ ਦੇ ਨੇੜੇ ਆਇਆ ਤਾਂ ਪੱਤਿਆਂ ਤੋਂ ਬਿਨ੍ਹਾਂ ਹੋਰ ਕੁਝ ਨਾ ਪਾਇਆ ਕਿਉਂਕਿ ਹੰਜ਼ੀਰ ਦੀ ਰੁੱਤ ਨਹੀ ਸੀ।*

*ਮਰਕੁਸ 5:30-32 ਅਤੇ ਯਿਸੂ ਨੇ ਉਸ ਸਮੇਂ ਆਪਣੇ ਮਨ ਵਿੱਚ ਜਾਣ ਕੇ ਜੋ ਮੇਰੇ ਵਿੱਚੋਂ ਸਮਰੱਥਾ ਨਿੱਕਲੀ ਹੈ ਉਸ ਭੀੜ ਦੇ ਵੱਲ ਮੁੜ ਕੇ ਕਿਹਾ, ਮੇਨੂੰ ਕਿਸ ਨੇ ਛੂਹਿਆ? ਉਹ ਦੇ ਚੇਲਿਆਂ ਨੇ ਉਹ ਨੂੰ ਆਖਿਆ, ਤੁਸੀਂ ਵੇਖਦੇ ਹੀ ਹੋ ਜੋ ਲੋਕ ਤੁਹਾਡੇ ਉੱਤੇ ਡਿੱਗਦੇ ਜਾਂਦੇ ਹਨ, ਅਤੇ ਤੁਸੀਂ ਆਖਦੇ ਹੋ, ਮੈਨੂੰ ਕਿਸ ਨੇ ਛੂਹਿਆ? ਅਤੇ ਉਸ ਨੇ ਇੱਧਰ-ਉੱਧਰ ਨਿਗਾਹ ਕੀਤੀ ਕਿ ਇਸ ਕੰਮ ਦੇ ਕਰਨ ਵਾਲੇ ਨੂੰ ਵੇਖੇ।*

ਇਹ ਆਇਤਾਂ ਦਿਖਾਉਂਦੀਆਂ ਹਨ ਕਿ ਯਿਸੂ ਨੇ ਆਪਣਾ ਸਾਰਾ ਗਿਆਨ ਤਿਆਗ ਦਿੱਤਾ ਅਤੇ ਜਿਵੇਂ ਕਿ ਮਨੁੱਖ ਕੋਲ ਸੀਮਤ ਗਿਆਨ ਹੈ ਉਸ ਤਰ੍ਹਾਂ ਹੀ ਧਰਤੀ ਉੱਤੇ ਜੀਵਨ ਬਿਤਾਇਆ । ਜੇ ਯਿਸੂ ਸਭ ਕੁਝ ਜਾਣਦਾ ਸੀ, ਤਾਂ ਉਹ ਹੈਰਾਨ ਕਿਵੇਂ ਹੋ ਸਕਦਾ ਸੀ? ਜੇ ਯਿਸੂ ਜਾਣਦਾ ਸੀ ਕਿ ਰੁੱਖ 'ਤੇ ਕੋਈ ਫਲ ਨਹੀਂ ਹੈ ਤਾਂ ਉਹ ਰੁੱਖ ਦੇ ਵੱਲ ਕਿਉਂ ਗਿਆ? ਯਿਸੂ ਨੇ ਭੀੜ ਨੂੰ ਕਿਉਂ ਪੁੱਛਿਆ, "ਮੈਨੂੰ ਕਿਸ ਨੇ ਛੂਹਿਆ ਹੈ?" ਕੀ ਉਸਨੂੰ ਪਹਿਲਾਂ ਹੀ ਪਤਾ ਨਹੀਂ ਸੀ ਕਿ ਉਹ ਔਰਤ ਕੌਣ ਸੀ ਜਿਸਨੇ ਉਸਨੂੰ ਛੂਹਿਆ ਸੀ? ਯਿਸੂ ਨਹੀਂ ਜਾਣਦਾ ਸੀ ਕਿਉਂਕਿ ਉਸਨੇ ਆਪਣੇ ਆਪ ਨੂੰ ਖਾਲੀ ਕਰ ਦਿੱਤਾ ਸੀ। ਹਰ ਚੀਜ਼ ਜੋ ਯਿਸੂ ਅਲੌਕਿਕ ਤੌਰ ਤੇ ਜਾਣਦਾ ਸੀ, ਉਹ ਪਵਿੱਤਰ ਆਤਮਾ ਦੁਆਰਾ ਹੀ ਉਸ ਤੇ ਪ੍ਰਗਟ ਕੀਤਾ ਗਿਆ ਸੀ।

ਇਨ੍ਹਾਂ ਬਚਨਾਂ ਨੂੰ ਪੜ੍ਹਨ ਤੋਂ ਬਾਅਦ, ਕੁਝ ਲੋਕ ਅਜੇ ਵੀ ਕਹਿੰਦੇ ਹਨ ਕਿ, ''ਜੋ ਕੁਝ ਯਿਸੂ ਕਰਨਾ ਚਾਹੁੰਦਾ ਸੀ, ਉਹ ਕਰ ਸਕਦਾ ਸੀ ਕਿਉਂਕਿ ਉਹ ਪਰਮੇਸੁਰ ਦਾ ਪੁੱਤਰ ਹੈ।'' ਜੇ ਇਹ ਕਹਾਵਤ ਸੱਚ ਹੈ, ਤਾਂ ਯਿਸੂ ਨੇ ਆਪਣੇ ਪਿੰਡ ਵਿਚ ਸਭ ਤੋਂ ਵਧੀਆ ਮੌਕਾ ਕਿਉਂ ਗੁਆ ਦਿੱਤਾ।

*ਮਰਕੁਸ 6:5-6 ਅਤੇ ਉਹ ਉੱਥੇ ਕੋਈ ਚਮਤਕਾਰ ਨਹੀਂ ਵਿਖਾ ਸਕਿਆ ਪਰ ਥੋੜ੍ਹੇ ਜਿਹੇ ਰੋਗੀਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਚੰਗਾ ਕੀਤਾ। ਅਤੇ ਉਹ ਉਨ੍ਹਾਂ ਦੇ ਅਵਿਸ਼ਵਾਸ ਤੋਂ ਬਹੁਤ ਹੈਰਾਨ ਹੋਇਆ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਉਪਦੇਸ਼ ਦਿੰਦਾ ਫਿਰਿਆ।*

ਬਚਨ ਸਾਫ਼-ਸਾਫ਼ ਦੱਸਦਾ ਹੈ ਕਿ ਯਿਸੂ ਉੱਥੇ ਕੋਈ ਸ਼ਕਤੀਸ਼ਾਲੀ ਕੰਮ ਨਹੀਂ ਕਰ ਸਕਿਆ ਸੀ। ਇਹ ਲਿਖਿਆ ਹੈ, 'ਨਹੀਂ ਕਰ ਸਕਿਆ', ਇਹ ਨਹੀਂ ਲਿਖਿਆ ਕਿ 'ਉਹ ਕਰਨਾ ਨਹੀਂ ਚਾਹੁਦਾ ਸੀ'।ਜੇ ਯਿਸੂ ਸਾਰਿਆਂ ਨੂੰ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਉਹ ਪਰਮੇਸੁਰ ਦਾ ਪੁੱਤਰ ਹੈ, ਤਾਂ ਉਸਨੇ ਆਪਣੇ ਅਵਿਸ਼ਵਾਸੀ ਪਿੰਡਾਂ ਦੇ ਲੋਕਾਂ ਵਿੱਚ ਅਜਿਹਾ ਕਿਉਂ ਨਹੀਂ ਕਰ ਸਕਿਆ?

ਦੇਖੋ, ਯਿਸੂ ਦੀ ਜਿੰਦਗੀ ਸਾਡੇ ਲਈ ਇਕ ਮਿਸਾਲ ਹੈ। ਜੇਕਰ ਉਹ, ਪਰਮੇਸੁਰ ਦਾ ਪੁੱਤਰ ਹੋਣ ਦੇ ਨਾਤੇ, ਸਭ ਕੁਝ ਕਰਨ ਦੀ ਤਾਕਤ ਰੱਖਦਾ ਹੈ, ਤਾਂ ਅਸੀਂ ਕਦੇ ਵੀ ਇਹ ਕਰਨ ਦੇ ਯੋਗ ਨਹੀਂ ਹੁੰਦੇ।ਪਰ ਜੇਕਰ ਉਸਨੇ ਆਤਮਾ ਦੁਆਰਾ ਇੱਕ ਆਦਮੀ ਵਾਂਗ ਕੰਮ ਕੀਤਾ, ਤਾਂ ਮੇਰੇ ਲਈ ਉਸਦੇ ਵਾਂਗ ਚੱਲਣਾ ਸੰਭਵ ਹੈ।

ਆਓ ਆਪਾਂ ਯਿਸੂ ਦੇ ਪਹਿਲੇ ਚਮਤਕਾਰ ਵੱਲ ਧਿਆਨ ਦੇਈਏ। ਇਹ ਪਾਣੀ ਨੂੰ ਦਾਖਰਸ ਵਿੱਚ ਬਦਲਣ ਤੋਂ ਬਾਅਦ ਯਿਸੂ ਬਾਰੇ ਲਿਖਿਆ ਗਿਆ ਹੈ।

*ਯੂਹੰਨਾ 2:11 ਇਹ ਪਹਿਲਾ ਚਮਤਕਾਰ ਸੀ ਜੋ ਯਿਸੂ ਨੇ ਕੀਤਾ। ਅਤੇ ਇਹ ਗਲੀਲ ਦੇ ਨਗਰ ਕਾਨਾ ਵਿੱਚ ਕੀਤਾ ਗਿਆ ਸੀ। ਇਉਂ ਯਿਸੂ ਨੇ ਆਪਣੀ ਮਹਿਮਾ ਪ੍ਰਗਟਾਈ। ਉਸ ਦੇ ਚੇਲਿਆ ਨੇ ਉਸ ਉੱਤੇ ਵਿਸ਼ਵਾਸ ਕੀਤਾ*

**ਯਿਸੂ ਉੱਤੇ ਪਵਿੱਤਰ ਆਤਮਾ ਦਾ ਪ੍ਰਭਾਵ**

ਇਸ ਘਟਨਾ ਤੋਂ ਪਹਿਲਾਂ ਯਿਸੂ ਨੇ ਕੋਈ ਚਮਤਕਾਰ ਕਿਉਂ ਨਹੀਂ ਕੀਤਾ? ਕੋਈ ਕਾਰਨ ਜ਼ਰੂਰ ਹੋਵੇਗਾ ਕਿ ਇਹ ਉਸਦਾ ਪਹਿਲਾ ਚਮਤਕਾਰ ਸੀ। ਕੀ ਉਸ ਦੀ ਚਮਤਕਾਰੀ ਸੇਵਕਾਈ ਲਈ ਕੁਝ ਜ਼ਰੂਰੀ ਸੀ? ਆਓ ਕੁਝ ਹੋਰ ਆਇਤਾਂ ਪੜ੍ਹੀਏ।

*ਲੂਕਾ 3:21-22, 4:14, 18 ਜਦੋਂ ਸਾਰੇ ਲੋਕਾਂ ਬਪਤਿਸਮਾ ਲੈ ਹਟੇ ਅਤੇ ਯਿਸੂ ਵੀ ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਿਹਾ ਸੀ ਤਾਂ ਅਜਿਹਾ ਹੋਇਆ ਕਿ ਅਕਾਸ਼ ਖੁਲ੍ਹ ਗਿਆ ਅਤੇ ਪਵਿੱਤਰ ਆਤਮਾ ਕਬੂਤਰ ਵਾਂਗ ਦੇਹ ਦਾ ਰੂਪ ਧਾਰ ਕੇ ਉਸ ਉੱਤੇ ਉਤਰਿਆ, ਅਤੇ ਸਵਰਗ ਤੋਂ ਇੱਕ ਅਵਾਜ਼ ਆਈ ਕਿ ''ਇਹ ਮੇਰਾ ਪਿਆਰਾ ਪੁੱਤਰ ਹੈਂ ਅਤੇ ਮੈਂ ਇਸ ਤੋਂ ਖੁਸ਼ ਹਾਂ।'' .. ਤਦ ਯਿਸੂ ਆਤਮਾ ਦੀ ਸ਼ਕਤੀ ਨਾਲ ਭਰਪੂਰ ਹੋ ਕੇ ਗਲੀਲ ਨੂੰ ਪਰਤਿਆ, ਅਤੇ ਉਹ ਸਾਰੇ ਇਲਾਕੇ ਵਿੱਚ ਪ੍ਰਸਿੱਧ ਹੋ ਗਿਆ। ... ''ਪ੍ਰਭੂ ਯਹੋਵਾਹ ਦਾ ਆਤਮਾ ਮੇਰੇ ਉੱਤੇ ਹੈ, ਕਿਉਂਕਿ ਉਸਨੇ ਮੈਨੂੰ ਗਰੀਬਾਂ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਮਸਹ ਕੀਤਾ ਹੈ ਅਤੇ ਮੈਨੂੰ ਇਸ ਲਈ ਭੇਜਿਆ ਹੈ ਕਿ ਬੰਦੀਆਂ ਨੂੰ ਛੁਟਕਾਰੇ ਦਾ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ ਅਤੇ ਦੱਬੇ-ਕੁਚਲੇ ਹੋਇਆਂ ਨੂੰ ਛੁਡਾਵਾਂ।*

*ਰਸੂਲਾਂ ਦੇ ਕਰਤੱਬ 10:38 ਕਿਵੇਂ ਪਰਮੇਸੁਰ ਨੇ ਨਾਸਰਤ ਦੇ ਯਿਸੂ ਨੂੰ ਪਵਿੱਤਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ, ਜੋ ਉਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ੈਤਾਨ ਦੁਆਰਾ ਗਏ ਜਕੜੇ ਹੋਏ ਸਨ, ਚੰਗਾ ਕਰਦਾ ਫਿਰਿਆ ਕਿਉਂਕਿ ਪਰਮੇਸੁਰ ਉਸਦੇ ਨਾਲ ਸੀ।*

ਇਹ ਆਇਤਾਂ ਦਰਸਾਉਂਦੀਆਂ ਹਨ ਕਿ ਪਵਿੱਤਰ ਆਤਮਾ ਦੇ ਯਿਸੂ ਉੱਤੇ ਉਤਰਨ ਤੋਂ ਪਹਿਲਾਂ, ਯਿਸੂ ਨੇ ਕਿਸੇ ਵੀ ਬਿਮਾਰ ਲੋਕਾਂ ਨੂੰ ਚੰਗਾ ਨਹੀਂ ਕੀਤਾ, ਦੁਸ਼ਟ ਆਤਮਾ ਨੂੰ ਨਹੀਂ ਕੱਢਿਆ, ਕਿਸੇ ਮੁਰਦਿਆਂ ਨੂੰ ਜ਼ਿਉਦਾ ਨਹੀਂ ਕੀਤਾ ਅਤੇ ਨਾਂ ਹੀ ਕੋਈ ਚਮਤਕਾਰ ਕੀਤਾ। ਪਵਿੱਤਰ ਆਤਮਾ ਦੇ ਯਿਸੂ ਉੱਤੇ ਉਤਰਨ ਤੋਂ ਬਾਅਦ ਹੀ ਯਿਸੂ ਨੇ ਚਮਤਕਾਰ ਕਰਨੇ ਸ਼ੁਰੂ ਕੀਤੇ।

ਪਵਿੱਤਰ ਆਤਮਾ ਨਾਲ ਭਰਪੂਰ ਹੋਣ ਤੋਂ ਬਾਅਦ, ਜਿੱਥੇ ਵੀ ਯਿਸੂ ਗਿਆ ਦੂਸ਼ਟ ਆਤਮਾਵਾਂ ਉਸ ਉਪਰ ਪਾਗਲਾ ਵਾਂਗ ਪ੍ਰਗਟ ਹੋਣ ਲੱਗੀਆਂ (ਮਰਕੁਸ 1:21-28, 34)। ਕੀ ਤੁਸੀਂ ਕਦੇ ਧਿਆਨ ਨਾਲ ਦੇਖਿਆ ਕਿ ਪਵਿੱਤਰ ਆਤਮਾ ਦੇ ਉਤਰਨ ਤੋਂ ਪਹਿਲਾਂ,ਜਿੱਥੇ ਯਿਸੂ ਮੋਜੂਦ ਸੀ, ਦੂਸ਼ਟ ਆਤਮਾਂਵਾਂ ਪ੍ਰਗਟ ਨਹੀਂ ਹੋਈਆਂ ਸਨ। ਇਸ ਘਟਨਾ ਤੋਂ ਪਹਿਲਾਂ, ਕੋਈ ਵੀ ਦੁਸ਼ਟ ਆਤਮ ਯਿਸੂ ਦੇ ਸਾਮਹਣੇ ਪ੍ਰਗਟ ਨਹੀਂ ਹੋਈ ਸੀ, ਨਾ ਚੀਕਦੀਆ ਸਨ ਅਤੇ ਨਾ ਹੀ ਯਿਸੂ ਤੋਂ ਡਰਦੀਆਂ ਸਨ। ਅਜਿਹਾ ਕਿਉਂ ਹੋਇਆ? ਕਿਉਂਕਿ ਯਿਸੂ ਨੇ ਆਪਣੇ ਆਪ ਨੂੰ ਇਸ ਹੱਦ ਤੱਕ ਖਾਲੀ ਕਰ ਲਿਆ ਅਤੇ ਇੱਕ ਮਨੁੱਖ ਵਰਗਾ ਬਣ ਗਿਆ ਤਾਂ ਜੋ ਦੂਸ਼ਟ ਆਤਮਾਵਾਂ ਉਸਨੂੰ ਪਛਾਣ ਹੀ ਨਾ ਸਕਣੇ। ਸ਼ੈਤਾਨ ਨੇ ਯਿਸੂ ਨੂੰ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਤੋਂ ਬਾਅਦ ਪਰਤਾਇਆ। ਇੱਥੋਂ ਤੱਕ ਕਿ ਸ਼ੈਤਾਨ ਵੀ ਪਵਿੱਤਰ ਆਤਮਾ ਦੇ ਉਤਰਨ ਤੋਂ ਪਹਿਲਾਂ ਯਿਸੂ ਨੂੰ ਪਛਾਣ ਨਹੀਂ ਸਕਿਆ।

ਪਰ ਜਦੋਂ ਪਵਿੱਤਰ ਆਤਮਾ ਯਿਸੂ ਉੱਤੇ ਉਤਰਿਆ, ਤਾਂ ਯਿਸੂ ਪਵਿੱਤਰ ਆਤਮਾ ਨਾਲ ਇੱਕ ਹੋ ਗਿਆ। ਮੂਲ ਯੂਨਾਨੀ ਵਿੱਚ ਮਸੀਹ ਦਾ ਅਰਥ ਹੈ 'ਮਸਹ ਕੀਤਾ ਹੋਇਆ'। ਮਸਹ ਕਰਨ ਲਈ ਮੂਲ ਯੂਨਾਨੀ ਸ਼ਬਦ ਦਾ ਅਰਥ ਹੈ 'ਅਭਿਸ਼ਿਕਤ'। ਪਰਮੇਸ਼ੁਰ ਪਿਤਾ ਨੇ ਯਿਸੂ ਨੂੰ ਪਵਿੱਤਰ ਆਤਮਾ ਨਾਲ ਮਸਹ ਕੀਤਾ, ਭਾਵ ਪਿਤਾ ਨੇ ਯਿਸੂ ਨੂੰ ਪਵਿੱਤਰ ਆਤਮਾ ਦੀ ਮੌਜੂਦਗੀ ਅਤੇ ਸਮਰੱਥਾ ਨਾਲ ਭਰ ਦਿੱਤਾ। ਜਦੋਂ ਦੁਸ਼ਟ ਆਤਮਾਵਾਂ ਪਾਗਲ ਹੋਕੇ ਪ੍ਰਗਟ ਹੋਣ ਲੱਗੀਆਂ, ਇਹ ਇਸ ਲਈ ਹੋਇਆ ਕਿਉਂਕਿ ਪਵਿੱਤਰ ਆਤਮਾ ਦੀ ਸ਼ਕਤੀਸ਼ਾਲੀ ਮੌਜੂਦਗੀ ਯਿਸੂ ਉੱਤੇ ਸੀ। ਯਿਸੂ, ਇੱਕ ਆਦਮੀ ਦੇ ਰੂਪ ਵਿੱਚ ਜੋ ਪਰਮੇਸ਼ੁਰ ਪਿਤਾ ਦੇ ਅਧੀਨ ਸੀ, ਨੇ ਪਵਿੱਤਰ ਆਤਮਾ ਦੁਆਰਾ ਸਾਰੇ ਹੈਰਾਨੀਜਨਕ ਚਮਤਕਾਰ ਕੀਤੇ।

ਆਓ ਹੁਣ ਆਪਾਂ ਦੇਖੀਏ ਕਿ ਯਿਸੂ ਦੇ ਚਮਤਕਾਰ ਕਰਨ ਦੇ ਲਈ ਅਗਵਾਈ ਕਿਵੇਂ ਹੋਈ।

*ਯੂਹੰਨਾ 5:19-20 ਪਰ ਯਿਸੂ ਨੇ ਉੱਤਰ ਦਿੱਤਾ, ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ ਕਿ ਪੁੱਤਰ ਆਪਣੀ ਮਰਜੀ ਨਾਲ ਆਪ ਕੁਝ ਨਹੀਂ ਕਰ ਸਕਦਾ, ਪੁਤਰ ਉਹੀ ਕਰਦਾ ਹੈ ਜੋ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ। ਜੋ ਕੁਝ ਪਿਤਾ ਕਰਦਾ ਹੈ ਉਹੀ ਪੁੱਤਰ ਵੀ ਕਰਦਾ ਹੈ ਕਿਉਂਕਿ ਪਿਤਾ ਪੁੱਤਰ ਨੂੰ ਪਿਆਰ ਕਰਦਾ ਹੈ ਅਤੇ ਪਿਤਾ ਪੁੱਤਰ ਨੂੰ ਉਹ ਸਭ ਕੰਮ ਵਿਖਾਉਂਦਾ ਹੈ ਜੋ ਉਹ ਕਰਦਾ ਹੈ। ਪਰ ਪਿਤਾ ਆਪਣੇ ਪੁੱਤਰ ਨੂੰ ਵੱਡੇ ਕੰਮ ਵੀ ਵਿਖਾਵੇਗਾ।*

*ਯੂਹੰਨਾ 6:38 ਕਿਉਂ ਜੋ ਮੈਂ ਸਵਰਗ ਤੋਂ ਆਪਣੀ ਮਰਜ਼ੀ ਅਨੁਸਾਰ ਕਰਨ ਲਈ ਨਹੀਂ ਸਗੋਂ ਪਰਮੇਸ਼ਰ ਦੀ ਮਰਜ਼ੀ ਅਨੁਸਾਰ ਕਰਨ ਆਇਆ ਹਾਂ।*

ਇਹ ਆਇਤਾਂ ਦਰਸਾਉਂਦੀਆਂ ਹਨ ਕਿ ਯਿਸੂ ਨੇ ਪਿਤਾ ਦੀ ਅਗਵਾਈ ਅਤੇ ਹੁਕਮ ਅਧੀਨ ਸਾਰੇ ਚਮਤਕਾਰ ਕੀਤੇ। ਯਿਸੂ ਨੇ ਆਪਣੇ ਆਪ ਨੂੰ ਇਸ ਹੱਦ ਤੱਕ ਖਾਲੀ ਕਰ ਲਿਆ ਕਿ ਉਹ ਆਪਣੇ ਆਪ ਕੋਈ ਚਮਤਕਾਰ ਨਹੀਂ ਕਰ ਸਕਿਆ। ਉਹ ਆਪਣੇ ਪਿਤਾ 'ਤੇ ਪੂਰੀ ਤਰ੍ਹਾਂ ਨਿਰਭਰ ਰਿਹਾ। ਪਿਤਾ ਨੇ ਯਿਸੂ ਨੂੰ ਆਪਣੀ ਇੱਛਾ ਕਿਵੇਂ ਪ੍ਰਗਟ ਕੀਤੀ ਅਤੇ ਕਿਵੇਂ ਉਸਦੀ ਅਗਵਾਈ ਕੀਤੀ? ਪਵਿੱਤਰ ਆਤਮਾ ਦਾ ਕੰਮ ਇਹੀ ਹੈ। ਪਿਤਾ ਨੇ ਪਵਿੱਤਰ ਆਤਮਾ ਦੁਆਰਾ ਆਪਣੀ ਇੱਛਾ ਪ੍ਰਗਟ ਕੀਤੀ, ਅਤੇ ਪਵਿੱਤਰ ਆਤਮਾ ਸਾਨੂੰ ਵੀ ਉਹ ਇੱਛਾ ਸਮਝਾਉਂਦਾ ਹੈ। ਪਵਿੱਤਰ ਆਤਮਾ ਪਿਤਾ ਦੀ ਇੱਛਾ ਨੂੰ ਪ੍ਰਗਟ ਕਰਦਾ ਹੈ (ਲੂਕਾ 4:1, ਮੱਤੀ 10:19-20)1

ਕਈ ਵਾਰ ਅਸੀਂ ਸੋਚਦੇ ਹਾਂ ਕਿ ਯਿਸੂ ਦੀ ਜਿੰਦਗੀ, ਸਾਡੇ ਤਜ਼ਰਬਿਆਂ ਨਾਲੋਂ ਜਿਹੜੇ ਸਾਨੂੰ ਪ੍ਰਮੇਸ਼ਵਰ ਨਾਲ ਹੋਏ ਹਨ, ਬਹੁਤ ਵੱਖਰੀ ਸੀ। ਕੁਝ ਲੋਕ ਮੰਨਦੇ ਹਨ ਕਿ ਯਿਸੂ ਪਹਿਲਾਂ ਤੋਂ ਹੀ ਆਪਣੇ ਪਿਤਾ ਦੀ ਇੱਛਾ ਨੂੰ ਜਾਣਦਾ ਸੀ, ਪਰ ਇਹ ਸੱਚ ਨਹੀਂ ਹੈ। ਯਿਸੂ ਪਵਿੱਤਰ ਆਤਮਾ ਦੁਆਰਾ ਪਿਤਾ ਦੀ ਇੱਛਾ ਨੂੰ ਜਾਣ ਸਕਿਆ, ਜਿਵੇਂ ਕਿ ਅਸੀਂ ਵੀ ਅੱਜ ਕੱਲ ਜਾਣ ਜਾਦੇਂ ਹਾਂ । ਇਹ ਪਰਕਾਸ਼ ਯਿਸੂ ਨੂੰ ਦਰਸ਼ਣਾਂ, ਸੁਪਨਿਆਂ ਅਤੇ ਸਵਰਗਦੂਤਾਂ ਰਾਹੀਂ ਪ੍ਰਾਪਤ ਹੋਏ । ਇਹ ਪ੍ਰਕਾਸ਼ਨ ਦੇ ਵਰਦਾਨ ਹਨ ਜੋ ਪਵਿੱਤਰ ਆਤਮਾ ਚਰਚ ਨੂੰ ਦਿੰਦਾ ਹੈ (1 ਕੁਰਿੰਥੀਆਂ 12:7-10), ਜਿਸ ਬਾਰੇ ਅਸੀਂ ਅਧਿਆਇ 6 ਵਿੱਚ ਸਿੱਖਾਂਗੇ। ਪਵਿੱਤਰ ਆਤਮਾ, ਪਰਮੇਸ਼ੁਰ ਅਤੇ ਸਾਡੇ ਵਿਚਕਾਰ ਸੰਚਾਰ ਦਾ ਤਰੀਕਾ ਹੈ, ਜ਼ੋ ਪਰਮੇਸ਼ੁਰ ਦੀ ਪ੍ਰਗਟ ਕੀਤੀ ਹੋਈ ਇੱਛਾ ਨੂੰ ਪੂਰੀ ਕਰਨ ਦੀ ਸ਼ਕਤੀ ਵੀ ਹੈ।

**ਪਵਿੱਤਰ ਆਤਮਾ ਨਾਲ ਯਿਸੂ ਦਾ ਰਿਸ਼ਤਾ**

ਯਿਸੂ ਦਾ ਪਵਿੱਤਰ ਆਤਮਾ ਨਾਲ ਬਹੁਤ ਹੀ ਡੂੰਘਾ ਰਿਸ਼ਤਾ ਰਿਹਾ ਹੈ। ਯਿਸੂ ਦਾ ਧਿਆਨ ਅਤੇ ਪਿਆਰ ਹਮੇਸ਼ਾ ਪਵਿੱਤਰ ਆਤਮਾ ’ਤੇ ਸੀ, ਭਾਵੇਂ ਉਹ ਇਕੱਲਾ ਸੀ ਜਾਂ ਭੀੜ ਦੇ ਵਿਚਕਾਰ। ਅਸੀਂ ਇੱਕ ਔਰਤ ਬਾਰੇ ਇੱਕ ਕਹਾਣੀ ਪੜ੍ਹਾਂਗੇ ਜੋ ਠੀਕ ਹੋ ਗਈ ਸੀ। ਪਰ ਤੁਸੀਂ ਕਹਾਣੀ ਪੜ੍ਹਦੇ ਸਮੇਂ ਚੰਗਾਈ ’ਤੇ ਧਿਆਨ ਨਾ ਦਿਓ, ਪਰ ਯਿਸੂ ਦੇ ਪਵਿੱਤਰ ਆਤਮਾ ਨਾਲ ਰਿਸ਼ਤੇ ’ਤੇ ਧਿਆਨ ਦਿਓ।

ਲੂਕਾ 8:40-48 ਜਦੋਂ ਯਿਸੂ ਵਾਪਸ ਮੁੜ ਆਇਆ, ਤਾਂ ਲੋਕ ਨੇ ਉਸਨੂੰ ਖੁਸ਼ੀ ਨਾਲ ਕਬੂਲ ਕੀਤਾ ਕਿਉਂਕਿ ਉਹ ਸਭ ਉਸਦੀ ਉਡੀਕ ਕਰ ਰਹੇ ਸਨ। ਉਸੇ ਸਮੇਂ ਜੈਰੁਸ ਨਾਮ ਦਾ ਇੱਕ ਮਨੁੱਖ ਆਇਆ, ਜੋ ਪ੍ਰਾਰਥਨਾ ਘਰ ਦਾ ਪ੍ਰਧਾਨ ਸੀ ਅਤੇ ਉਸ ਨੇ ਯਿਸੂ ਦੇ ਚਰਨਾਂ ਵਿੱਚ ਡਿੱਗ ਕੇ ਉਸ ਦੀ ਮਿੰਨਤ ਕੀਤੀ ਜੋ ਮੇਰੇ ਘਰ ਚੱਲੋ , ਕਿਉਂਕਿ ਉਸਦੀ ਬਾਰਾਂ ਸਾਲਾਂ ਦੀ ਇਕਲੋਤੀ ਧੀ ਮਰਨ ਵਾਲੀ ਸੀ ਅਤੇ ਜਦੋਂ ਉਹ ਜਾ ਰਿਹਾ ਸੀ ਭੀੜ ਉਸ ਨੂੰ ਦਬਾਈ ਜਾਂਦੀ ਸੀ। ਤਦ ਇੱਕ ਔਰਤ, ਜਿਸਨੂੰ ਬਾਰਾਂ ਸਾਲਾਂ ਤੋਂ ਲਹੂ ਵਹਿਣ ਦੀ ਬਿਮਾਰੀ ਸੀ ਅਤੇ ਉਹ ਆਪਣੀ ਸਾਰੀ ਕਮਾਈ ਹਕੀਮਾਂ ਨੂੰ ਦੇ ਚੁੱਕੀ ਸੀ ਪਰ ਕੋਈ ਵੀ ਹਕੀਮ ਉਸ ਨੂੰ ਠੀਕ ਨਾ ਕਰ ਸਕਿਆ। ਉਸ ਨੇ ਪਿੱਛੋਂ ਆ ਕੇ ਯਿਸੂ ਦੇ ਕੱਪੜੇ ਦਾ ਪੱਲਾ ਛੂਹਿਆ ਅਤੇ ਉਸੇ ਸਮੇਂ ਉਸ ਦਾ ਲਹੂ ਵਹਿਣਾ ਬੰਦ ਹੋ ਗਿਆ। ਤਦ ਯਿਸੂ ਨੇ ਕਿਹਾ, ”ਮੈਨੂੰ ਕਿਸ ਨੇ ਛੂਹਿਆ ਹੈ?” ਜਦ ਸਾਰਿਆ ਨੇ ਨਾ ਕੀਤੀ ਤਾਂ ਪਤਰਸ ਅਤੇ ਉਸ ਦੇ ਨਾਲ ਦਿਆਂ ਨੇ ਆਖਿਆ, ”ਸੁਆਮੀ ਜੀ, ਭੀੜ ਤੁਹਾਡੇ ਉੱਤੇ ਡਿੱਗਦੀ ਹੈ।” ਪਰ ਯਿਸੂ ਨੇ ਕਿਹਾ, ’’ਕਿਸੇ ਨੇ ਮੈਨੂੰ ਜ਼ਰੂਰ ਛੂਹਿਆ ਹੈ, ਕਿਉਂਕਿ ਮੈਂ ਮਹਿਸੂਸ ਕੀਤਾ ਹੈ ਕਿ ਮੇਰੇ ਵਿੱਚੋਂ ਸਾਮਰੱਥਾ ਨਿੱਕਲੀ ਹੈ।’’ ਜਦੋਂ ਔਰਤ ਨੇ ਦੇਖਿਆ ਜੋ ਮੈਂ ਲੁੱਕ ਨਹੀਂ ਸਕਦੀ ਤਾਂ ਕੰਬਦੀ ਕੰਬਦੀ ਯਿਸੂ ਕੋਲ ਆਈ ਅਤੇ ਉਸ ਦੇ ਚਰਨਾਂ ਵਿੱਚ ਡਿੱਗ ਕੇ ਸਾਰੇ ਲੋਕਾ ਦੇ ਸਾਹਮਣੇ ਆਪਣਾ ਹਾਲ ਦੱਸਿਆ ਜੋ ਕਿਸ ਕਾਰਨ ਉਸ ਨੂੰ ਛੂਹਿਆ ਅਤੇ ਕਿਸ ਤਰ੍ਹਾਂ ਇਕਦਮ ਚੰਗੀ ਹੋ ਗਈ। ਯਿਸੂ ਨੇ ਉਸ ਨੂੰ ਆਖਿਆ, ”ਬੇਟੀ, ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ, ਸ਼ਾਂਤੀ ਨਾਲ ਚਲੀ ਜਾ।’’

ਆਪਣੇ ਆਪ ਨੂੰ ਯਿਸੂ ਦੇ ਸਥਾਨ ਤੇ ਰਖੋ। ਜਦੋਂ ਤੁਸੀਂ ਵਾਪਸ ਆਉਂਦੇ ਹੋ ਤਾਂ ਭੀੜ ਤੁਹਾਡਾ ਸੁਆਗਤ ਕਰ ਰਹੀ ਹੈ। ਭੀੜ ਵਿੱਚ ਕਿੰਨੇ ਲੋਕ ਸਨ? ਸਾਨੂੰ ਕੋਈ ਪਤਾ ਨਹੀਂ ਹੈ। ਸੈਂਕੜੇ ਜਾਂ ਹਜ਼ਾਰਾਂ ਲੋਕ ਹੋ ਸਕਦੇ ਹਨ। ਕਲਪਨਾ ਕਰੋ ਕਿ ਸੈਂਕੜੇ ਲੋਕ ਤੁਹਾਡਾ ਨਾਮ ਬੁਲਾ ਰਹੇ ਹਨ। ਹੋਰ ਲੋਕ ਤੁਹਾਨੂੰ ਦੇਖਣ ਲਈ ਇੱਕ ਦੂਜੇ ’ਤੇ ਡਿੱਗ ਰਹੇ ਹਨ। ਕੁਝ ਲੋਕ ਤੁਹਾਨੂੰ ਭੋਜਨ ਜਾਂ ਪ੍ਰਾਰਥਨਾ ਲਈ ਆਪਣੇ ਘਰ ਬੁਲਾ ਰਹੇ ਹਨ। ਹੋਰ ਲੋਕ ਜੋ ਤੁਹਾਡੇ ਨੇੜੇ ਹਨ, ਤੁਹਾਨੂੰ ਛੂਹ ਰਹੇ ਹਨ ਅਤੇ ਤੁਹਾਡੇ ਕੱਪੜੇ ਫੜ੍ਹ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਬਿਮਾਰ ਲੋਕ ਤੂਹਾਨੂੰ ਛੂਹਦੇ ਹੀ ਠੀਕ ਹੋ ਗਏ ਸਨ ਅਤੇ ਭੂਤ-ਗ੍ਰਸਤ ਲੋਕ ਜਿਵੇਂ ਹੀ ਉਨ੍ਹਾਂ ਨੇ ਤੁਹਾਨੂੰ ਛੂਹਿਆ ਸੀ, ਮੁਕਤ ਹੋ ਗਏ ਸਨ। ਇਹ ਸਥਿਤੀ ਪਾਗਲਪਨ ਨਾਲ ਭਰੀ ਹੋਈ ਸੀ।

ਹਾਲਾਂਕਿ ਮੈਂ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਸਕਦਾ ਕਿ ਯਿਸੂ ਨਾਲ ਇਸ ਨਾਲੋ ਕਿੰਨਾ ਕੁਝ ਵੱਧ ਹੋਇਆ, ਫਿਰ ਵੀ ਮੇਰੇ ਕੁਝ ਅਨੁਭਵ ਹੋਏ ਹਨ।ਮੈਂ ਮਹਾਰਾਸ਼ਟਰ ਦੇ ਇੱਕ ਪਿੰਡ ਵਿੱਚ ਚੰਗਾਈ ਦੇ ਬਾਰੇ ਪ੍ਰਚਾਰ ਕਰ ਰਿਹਾ

ਸੀ, ਅਤੇ ਪਵਿੱਤਰ ਆਤਮਾ ਨੇ ਵੱਡੀ ਸਮਾਰਥ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕੁਝ ਬੋਲ਼ੇ ਲੋਕ ਤੁਰੰਤ ਠੀਕ ਹੋ ਗਏ ਅਤੇ ਸੁਣਨ ਲੱਗ ਪਏ, ਅਤੇ ਹੋਰ ਬਿਮਾਰ ਲੋਕ ਠੀਕ ਹੋ ਗਏ। ਮੀਟਿੰਗ ਦੇ ਅੰਤ ਵਿੱਚ, ਮੈਂ ਛੋਟੇ ਜਿਹੇ ਮੰਚ ਤੋਂ ਹੇਠਾਂ ਉਤਰਿਆ ਅਤੇ ਇੱਕ-ਇੱਕ ਕਰਕੇ ਲੋਕਾਂ ਲਈ ਪ੍ਰਾਰਥਨਾ ਕਰਨ ਲੱਗਾ। ਅਚਾਨਕ ਭੀੜ ਮੇਰੇ ਨੇੜੇ ਆ ਗਈ ਅਤੇ ਮੈਨੂੰ ਦਬਾਉਣ ਲੱਗੀ। ਉਹ ਮੇਰੇ ਕੋਲੋ ਪ੍ਰਾਰਥਨਾ ਕਰਾਉਣ ਲਈ ਹਰ ਪਾਸਿਓਂ ਇੱਕ ਦੂਜੇ ਨੂੰ ਧੱਕੇ ਮਾਰਨ ਲੱਗੀ। ਮੈਂ ਘਬਰਾ ਗਿਆ ਅਤੇ ਲੋਕ ਮੈਨੂੰ ਫੜ ਰਹੇ ਸਨ। ਬਚਣ ਦਾ ਕੋਈ ਰਸਤਾ ਨਹੀਂ ਸੀ! ਉਨ੍ਹਾਂ ਨੇ ਮੈਨੂੰ ਘੇਰ ਲਿਆ! ਫਿਰ ਮੇਰੇ ਸਾਥੀਆਂ ਨੇ ਮੈਨੂੰ ਚੁੱਕ ਕੇ ਸਟੇਜ 'ਤੇ ਖਿੱਚ ਲਿਆ। ਫਿਰ ਮੈਂ ਸਟੇਜ ਤੋਂ ਲੋਕਾਂ ਲਈ ਪ੍ਰਾਰਥਨਾ ਕਰਨ ਲੱਗਾ। ਉਹ ਭੀੜ ਸਿਰਫ਼ ਤਿੰਨ ਸੌ ਲੋਕਾਂ ਦੀ ਸੀ, ਪਰ ਯਿਸੂ ਦੇ ਪਿੱਛੇ ਹਜ਼ਾਰਾਂ ਦੀ ਭੀੜ ਸੀ।

ਦੁਬਾਰਾ ਕਲਪਨਾ ਕਰੋ ਕਿ ਤੁਸੀਂ ਜੈਰੁਸ ਦੇ ਪਿੱਛੇ ਜਾ ਰਹੇ ਹੋ। ਹਰ ਕੋਈ ਤੁਹਾਨੂੰ ਬੁਲਾ ਰਿਹਾ ਹੈ, ਛੂਹ ਰਿਹਾ ਹੈ ਅਤੇ ਤੁਹਾਨੂੰ ਫੜ ਰਿਹਾ ਹੈ। ਤੁਹਾਡੇ ਚੇਲੇ ਤੁਹਾਡੇ ਨਾਲ ਹਨ ਅਤੇ ਉਹ ਭੀੜ ਵਿੱਚੋਂ ਇੱਕ ਰਸਤਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਭੀੜ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਣਗਿਣਤ ਲੋਕ ਤੁਹਾਨੂੰ ਛੂਹ ਰਹੇ ਹਨ।

ਤੁਹਾਡਾ ਧਿਆਨ ਕਿੱਥੇ ਹੈ? ਤੁਸੀਂ ਕਿਸ ਬਾਰੇ ਸੋਚ ਰਹੇ ਹੋ? ਜੇ ਤੁਸੀਂ ਇੱਕ ਆਮ ਵਿਅਕਤੀ ਅਤੇ ਮੇਰੇ ਵਰਗੇ ਹੋ, ਤਾਂ ਤੁਸੀਂ ਦੋ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰਦੇ ਹੋ, ਤੁਸੀਂ ਜੈਰਸ ਦੀ ਧੀ ਦੇ ਮਰਨ ਤੋਂ ਪਹਿਲਾਂ ਉਸ ਦੇ ਘਰ ਕਿਵੇਂ ਜਾ ਸਕਦੇ ਹੋ, ਅਤੇ ਤੁਸੀਂ ਭੀੜ ਤੋਂ ਕਿਵੇਂ ਵੱਖ ਹੋ ਸਕਦੇ ਹੋ।

ਕੀ ਯਿਸੂ ਨੇ ਇਨ੍ਹਾਂ ਦੋ ਗੱਲਾਂ ਵੱਲ ਧਿਆਨ ਰਿਹਾ? ਉਸਦਾ ਧਿਆਨ, ਵਿਚਾਰ ਅਤੇ ਪਿਆਰ ਨਾ ਤਾ ਉਸ ਭੀੜ ਤੇ ਸੀ ਅਤੇ ਨਾ ਹੀ ਜੈਰਸ ਦੀ ਸਥਿਤੀ 'ਤੇ ਸੀ, ਪਰ ਪਵਿੱਤਰ ਆਤਮਾ ਤੇ ਸੀ। ਅਚਾਨਕ ਯਿਸੂ ਦੇ ਸਰੀਰ ਵਿੱਚੋਂ ਸਮਰੱਥਾ ਨਿਕਲੀ। ਯਿਸੂ ਨੂੰ ਅਨੁਭਵ ਹੋਇਆ ਕਿ ਪਵਿੱਤਰ ਆਤਮਾ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅਚਾਨਕ ਯਿਸੂ ਨੂੰ ਪਤਾ ਲੱਗਾ ਕਿ ਪਵਿੱਤਰ ਆਤਮਾ ਨੇ ਕਿਸ ਨੂੰ ਛੂਹਿਆ ਹੈ। ਮੈਂ ਕਲਪਨਾ ਕਰਦਾ ਹਾਂ ਕਿ ਯਿਸੂ ਨੇ ਕਿਹਾ, ''ਪਿਆਰੇ ਕੀਮਤੀ ਪਵਿੱਤਰ ਆਤਮਾ, ਮੈਂ ਤੁਹਾਡੀ ਸ਼ਕਤੀਸ਼ਾਲੀ ਮੌਜੂਦਗੀ ਨੂੰ ਮਹਿਸੂਸ ਕੀਤਾ। ਤੁਸੀਂ ਕਿਸ ਨੂੰ ਛੂਹਿਆ? ਮੇਰੇ ਪਿਆਰੇ, ਤੁਸੀਂ ਕੀ ਕੀਤਾ?'' ਤਦ ਪਵਿੱਤਰ ਆਤਮਾ ਮੁਸਕਰਾਇਆ ਅਤੇ ਜਵਾਬ ਦਿੱਤਾ, ''ਭੀੜ ਨੂੰ ਪੁੱਛੋ ਕਿ ਤੁਹਾਨੂੰ ਕਿਸ ਨੇ ਛੂਹਿਆ ਹੈ।''

ਕੀ ਤੁਸੀਂ ਉਨ੍ਹਾਂ ਦੀ ਨੇੜਤਾ ਦੇਖ ਸਕਦੇ ਹੋ? ਯਿਸੂ ਦਾ ਪਵਿੱਤਰ ਆਤਮਾ ਨਾਲ ਇੰਨਾ ਡੂੰਘਾ ਰਿਸ਼ਤਾ ਸੀ ਕਿ ਉਹ ਪਵਿੱਤਰ ਆਤਮਾ ਦੀ ਮਾਮੂਲੀ ਜਿਹੀ ਪ੍ਰਤੀਕਰਿਆ ਪ੍ਰਤੀ ਵੀ ਬੜਾ ਸੰਵੇਦਨਸ਼ੀਲ ਸੀ। ਤੁਸੀਂ ਉਸੇ ਚੀਜ਼ ਪ੍ਰਤੀ ਵਧੇਰੇ ਸੁਚੇਤ ਰਹਿੰਦੇ ਹੋ ਜਿਸ ਵੱਲ ਤੁਹਾਡਾ ਸਭ ਤੋਂ ਵੱਧ ਧਿਆਨ ਅਤੇ ਪਿਆਰ ਹੁੰਦਾ ਹੈ। ਪਵਿੱਤਰ ਆਤਮਾ ਨਾਲ ਸਾਡਾ ਰਿਸ਼ਤਾ ਜਿੰਨਾ ਡੂੰਘਾ ਹੁੰਦਾ ਜਾਂਦਾ ਹੈ, ਅਸੀਂ ਉਸ ਵੱਲ ਓਨਾ ਹੀ ਜਿਆਦਾ ਧਿਆਨ ਦਿੰਦੇ ਹਾਂ।

ਜਦੋਂ ਯਿਸੂ ਨੇ ਆਪਣੇ ਚੇਲਿਆਂ ਨੂੰ ਪੁੱਛਿਆ, ''ਮੈਨੂੰ ਕਿਸ ਨੇ ਛੂਹਿਆ?'' ਫਿਰ ਉਹਨਾ ਨੇ ਸੋਚਿਆ ਕਿ ਇਹ ਇੱਕ ਬੇਤੁਕਾ ਸਵਾਲ ਹੈ। ਮੈਂ ਕਲਪਨਾ ਕਰ ਸਕਦਾ ਹਾਂ ਕਿ, ਉਹ ਚੇਲੇ ਇਹ ਸਵਾਲ ਸੁਣ ਕੇ ਸੋਚ ਰਹੇ ਹੋਣਗੇ, ''ਕੀ? ਗੁਰੂ ਨੇ ਕਿਹੜਾ ਬੇਤੁਕਾ ਸਵਾਲ ਪੁੱਛਿਆ? ਕਿਸਨੇ ਉਸਨੂੰ ਛੂਹਿਆ? ਸੈਂਕੜੇ ਲੋਕਾਂ ਨੇ ਉਸਨੂੰ ਛੂਹਿਆ ਹੈ ਅਤੇ ਲੋਕ ਅਜੇ ਵੀ ਉਸਨੂੰ ਛੂਹ ਰਹੇ ਹਨ। ਉਸਨੇ ਕੀ ਪੁੱਛਿਆ?!'' ਚੇਲਿਆਂ ਦਾ ਸਾਰਾ ਧਿਆਨ ਯਿਸੂ ਅਤੇ ਭੀੜ ਉੱਤੇ ਸੀ, ਨਾ ਕਿ ਪਰਮੇਸ਼ੁਰ ਦੀ ਆਤਮਾ ਉੱਤੇ। ਪਿਆਰਿਓ, ਅਜਿਹੀ ਉਦਾਹਰਣ ਦੇ ਕੇ, ਯਿਸੂ ਸਾਨੂੰ ਪਵਿੱਤਰ ਆਤਮਾ ਨੂੰ ਇਸ ਡੂੰਘਾਈ ਤੱਕ ਜਾਣਨ ਲਈ ਇੱਕ ਵਿਸ਼ੇਸ਼ ਸੱਦਾ ਦੇ ਰਿਹਾ ਹੈ!

ਯਿਸੂ ਦੇ ਜੀਵਨ ਦੇ ਹਰ ਪਹਿਲੂ ਵਿੱਚ ਪਵਿੱਤਰ ਆਤਮਾ ਬਹੁਤ ਮਹੱਤਵਪੂਰਨ ਸੀ। ਪਵਿੱਤਰ ਆਤਮਾ ਨੇ ਯਿਸੂ ਨੂੰ ਦੱਸਿਆ ਕਿ ਉਸਨੇ ਕਿੱਥੇ ਜਾਕੇ ਕਿਸ ਦੀ ਸੇਵਾ ਕਰਨੀ ਹੈ (ਮਰਕੁਸ 1:35-39), ਕਿਸ ਨੂੰ ਨਿਯੁਕਤ ਕਰਨਾ ਹੈ ਅਤੇ ਚੇਲਾ ਬਣਾਉਣਾ ਹੈ (ਮਰਕੁਸ 3:13-15), ਅਤੇ ਕਿਸ ਪ੍ਰਕਾਰ ਚਮਤਕਾਰ ਅਤੇ ਚੰਗਾਈ ਕਰਨੀ ਹੈ

(ਮਰਕੁਸ 7:32-34, ਯੂਹੰਨਾ 9:1-9) ਅਤੇ ਕੀ ਕਹਿਣਾ ਅਤੇ ਕੀ ਸਿਖਾਉਣਾ ਹੈ (ਲੂਕਾ 20:21-25, ਯੂਹੰਨਾ 14:10)। ਇਸ ਲਈ ਯਿਸੂ ਜੋ ਕੁਝ ਵੀ ਕਰਦਾ ਸੀ, ਉਸ ਨੂੰ ਪੂਰੀ ਤਰ੍ਹਾਂ ਸਫਲਤਾ ਮਿਲਦੀ ਸੀ।

*1 ਯੂਹੰਨਾ 3:8 ਜਿਹੜਾ ਪਾਪ ਕਰਦਾ ਹੈ ਉਹ ਸ਼ੈਤਾਨ ਤੋਂ ਹੈ, ਕਿਉਂਕਿ ਸ਼ੈਤਾਨ ਮੁੱਢ ਤੋਂ ਹੀ ਪਾਪ ਕਰਦਾ ਆ ਰਿਹਾ ਹੈ। ਪਰਮੇਸ਼ੁਰ ਦਾ ਪੁੱਤਰ ਇਸ ਲਈ ਪ੍ਰਗਟ ਹੋਇਆ ਤਾਂ ਕਿ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰੇ।*

ਯਿਸੂ ਕਈ ਕਾਰਨਾਂ ਕਰਕੇ ਆਇਆ ਸੀ, ਅਤੇ ਉਨ੍ਹਾਂ ਵਿੱਚੋਂ ਇੱਕ ਕਾਰਣ ਸ਼ੈਤਾਨ ਦੇ ਕੰਮਾਂ ਦਾ ਨਾਸ਼ ਕਰਨਾ ਸੀ। ਬੀਮਾਰੀ, ਰੋਗ, ਮੌਤ, ਪਾਪ, ਅਤੇ ਸ਼ੈਤਾਨੀ ਜ਼ੁਲਮ ਇਹ ਉਹੀ ਕੰਮ ਹਨ ਜਿਨ੍ਹਾਂ ਦਾ ਯਿਸੂ ਨਾਸ਼ ਕਰਨ ਲਈ ਆਇਆ ਸੀ। ਪਰ ਉਸਨੇ ਆਪ ਇਹਨਾਂ ਕੰਮਾਂ ਨੂੰ ਨਸ਼ਟ ਨਹੀਂ ਕੀਤਾ। ਪਵਿੱਤਰ ਆਤਮਾ ਦੀ ਸ਼ਕਤੀਸ਼ਾਲੀ ਮੌਜੂਦਗੀ ਦੁਆਰਾ, ਯਿਸੂ ਨੇ ਸ਼ੈਤਾਨ ਦੇ ਕੰਮਾਂ ਦੇ ਕੰਮਾਂ ਦਾ ਨਾਸ਼ ਕੀਤਾ।

*1 ਯੂਹੰਨਾ 2:6 ਉਹ ਜਿਹੜਾ ਆਖਦਾ ਹੈ ਕਿ ਮੈਂ ਉਸ ਵਿੱਚ ਬਣਿਆ ਰਹਿੰਦਾ ਹਾਂ, ਤਾਂ ਚਾਹੀਦਾ ਹੈ ਕਿ ਜਿਵੇਂ ਯਿਸੂ ਚੱਲਦਾ ਸੀ ਉਹ ਵੀ ਓਸੇ ਤਰ੍ਹਾ ਚੱਲੇ।*

ਯੂਹੰਨਾ ਰਸੂਲ ਸਾਨੂੰ ਯਿਸੂ ਵਾਂਗ ਇਸ ਧਰਤੀ ਉੱਤੇ ਚੱਲਣ ਲਈ ਪ੍ਰੇਰਿਤ ਕਰ ਰਿਹਾ ਹੈ। ਇਸਦਾ ਮਤਲਬ ਸਿਰਫ਼ ਇੱਕ ਪਵਿੱਤਰ ਜੀਵਨ ਜਿਊਣਾ ਹੀ ਨਹੀਂ ਹੈ, ਅਤੇ ਨਾ ਹੀ ਸਿਰਫ਼ ਪਰਮੇਸ਼ੁਰ ਅਤੇ ਦੂਜਿਆਂ ਨੂੰ ਪਿਆਰ ਕਰਨਾ ਹੈ। ਇਸਦਾ ਮਤਲਬ ਇਹ ਹੈ ਕਿ ਅਸੀਂ ਪਵਿੱਤਰ ਆਤਮਾ ਪ੍ਰਾਪਤ ਕਰਕੇ ਉਸਦੀ ਸ਼ਕਤੀਸ਼ਾਲੀ ਮੌਜੂਦਗੀ ਵਿੱਚ ਚੱਲੀਏ।

ਕਿਉਂਕਿ ਚਰਚ ਇੰਨੇ ਜਿਆਦਾ ਸਮਝੌਤੇ ਅਤੇ ਅਵਿਸ਼ਵਾਸ ਵਿੱਚ ਕੰਮ ਕਰਦਾ ਹੈ, ਇਸ ਲਈ ਇਹ ਟੀਚਾ ਅਸੰਭਵ ਅਤੇ ਬੇਯਕੀਨੀ ਜਾਪਦਾ ਹੈ। ਜਾਂ ਤਾਂ ਅਸੀਂ ਆਪਣੀ ਆਤਮਿਕ ਉਦਾਸੀਨਤਾ ਤੋਂ ਤੋਬਾ ਕਰਕੇ ਪਰਮੇਸ਼ਰ ਨੂੰ ਪੂਰੇ ਦਿਲ ਨਾਲ ਭਾਲੀਏ ਤਾਂ ਜੋ ਯਿਸੂ ਦਾ ਜੀਵਨ ਸਾਡੇ ਵਿੱਚ ਵਾਸਤਵਿਕ ਹੋ ਸਕੇ, ਜਾਂ ਅਸੀਂ ਆਪਣੀ ਸ਼ਕਤੀਹੀਣ ਜਿੰਦਗੀ ਲਈ ਬਹਾਨੇ ਲੱਭੀਏ। ਬਹੁਤੇ ਆਗੂਆ ਨੇ ਬਹਾਨੇ ਦਾ ਵਿਕਲਪ ਚੁਣਿਆ। ਕੁਝ ਜੋ ਇਸ ਸਿੱਖਿਆ ਵਿੱਚ ਵਿਸ਼ਵਾਸ ਕਰਦੇ ਹਨ ਉਹ ਅਜੇ ਵੀ ਆਪਣੀ ਸ਼ਕਤੀਹੀਣ ਜਿੰਦਗੀ ਲਈ ਬਹਾਨਾ ਲੱਭਦੇ ਹਨ ਕਿ ''ਯਿਸੂ ਨੂੰ ਪਵਿੱਤਰ ਆਤਮਾ ਬਿਨਾਂ ਕਿਸੇ ਮਾਪ ਦੇ ਮਿਲਿਆ ਹੈ''(ਯੂਹੰਨਾ 3:34)। ਇਹ ਕਹਿ ਕੇ ਉਹ ਮੰਨਦੇ ਹਨ ਕਿ ਸਾਨੂੰ ਪਵਿੱਤਰ ਆਤਮਾ ਦੀ ਘੱਟ ਮਾਤਰਾ ਮਿਲੀ ਹੈ। ਅਜਿਹੀ ਸੋਚ ਅਤੇ ਬਹਾਨੇ ਬੇਬੁਨਿਆਦ ਹਨ, ਕਿਉਂਕਿ ਯਿਸੂ ਨੇ ਖੁਦ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਜੇ ਅਸੀਂ ਉਸ ਵਿੱਚ ਵਿਸ਼ਵਾਸ ਕਰਦੇ ਹਾਂ ਤਾਂ ਅਸੀਂ ਵੀ ਉਹੀ ਕੰਮ ਕਰਾਂਗੇ ਜੋ ਉਸਨੇ ਕੀਤੇ ਹਨ ਅਤੇ ਹੋਰ ਵੀ ਵੱਡੇ ਕੰਮ ਕਰਨ ਦੇ ਯੋਗ ਹੋਵਾਂਗੇ (ਯੂਹੰਨਾ 14:12)।

ਜੇਕਰ ਪਵਿੱਤਰ ਆਤਮਾ ਦੇ ਉਸ ਮਾਪ ਨੂੰ ਪਾਉਣਾ ਅਸੰਭਵ ਹੈ, ਤਾਂ ਯੂਹੰਨਾ 14:12 ਦਾ ਵਾਅਦਾ ਕਦੇ ਵੀ ਪੂਰਾ ਨਹੀਂ ਹੋਵੇਗਾ। ਜੇਕਰ ਪਿਤਾ ਸਾਨੂੰ ਪਵਿੱਤਰ ਆਤਮਾ ਦਾ ਮਾਪ ਘੱਟ ਦਿੰਦਾ ਹੈ, ਤਾਂ ਅਸੀਂ ਉਹੀ ਕੰਮ ਅਤੇ ਹੋਰ ਵੀ ਵੱਡੇ ਕੰਮ ਵੀ ਕਿਵੇਂ ਕਰ ਸਕਾਂਗੇ? ਪਿਆਰੇ, ਧਿਆਨ ਨਾਲ ਸਮਝੋ, ਅਸੀਂ ਆਪਣੀ ਆਤਮਿਕ ਭੁੱਖ ਅਤੇ ਪਿਆਸ ਦੁਆਰਾ ਆਪਣੇ ਲਈ ਪਵਿੱਤਰ ਆਤਮਾ ਦੀ ਮਾਤਰਾ ਨੂੰ ਮਾਪਦੇ ਹਾਂ। ਪਰਮੇਸ਼ੁਰ ਸਾਡੇ ਉੱਤੇ ਕੋਈ ਸੀਮਾ ਨਹੀਂ ਰੱਖਦਾ। ਅਸੀਂ ਆਪਣੀ ਭੁੱਖ ਤੋਂ ਵੀ ਜਿਆਦਾ ਮਾਤਰਾ ਪ੍ਰਾਪਤ ਕਰ ਸਕਦੇ ਹਾਂ, ਕਿਉਂਕਿ ਪਰਮੇਸ਼ੁਰ ਨੇ ਸਾਨੂੰ ਇਹ ਵਾਅਦਾ ਕੀਤਾ ਹੈ (ਮੱਤੀ 5:6)।

ਇਤਿਹਾਸ ਵਿੱਚ ਪਰਮੇਸ਼ੁਰ ਦੇ ਬਹੁਤ ਸਾਰੇ ਮਸਹ ਕੀਤੇ ਹੋਏ ਆਦਮੀ ਸਨ ਜੋ ਪਰਮੇਸ਼ੁਰ ਦੀ ਆਤਮਾ ਦੀ ਅਦਭੁਤ ਮਾਤਰਾ ਵਿੱਚ ਚੱਲਦੇ ਸਨ, ਜਿਵੇਂ ਕਿ ਜੌਨ ਜੀ. ਲੇਕ, ਸਮਿਥ ਵਿਗਸਵਰਥ, ਆਦਿ। ਮੈਂ ਕੈਥਰੀਨ ਕੁਲਮੈਨ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਉਹ ਬਹੁਤ ਸਾਧਾਰਨ ਔਰਤ ਸੀ। ਉਸ ਕੋਲ ਕੋਈ ਵਿਸ਼ੇਸ਼ ਹੁਨਰ ਨਹੀਂ ਸੀ, ਜਿਵੇਂ ਕਿ ਇੱਕ ਅਰਾਧਨਾ ਕਰਨ ਵਾਲਾ ਆਗੂ, ਜਾਂ ਇੱਕ ਪ੍ਰਭਾਵਸ਼ਾਲੀ ਪ੍ਰਚਾਰਕ। ਉਸ ਵਿੱਚ ਪਵਿੱਤਰ ਆਤਮਾ ਨੂੰ

ਪਿਆਰ ਕਰਨ ਤੋਂ ਇਲਾਵਾ ਕੋਈ ਵੀ ਚੰਗੇ ਗੁਣ ਨਹੀਂ ਸਨ। ਪਵਿੱਤਰ ਆਤਮਾ ਉਸ ਦੀਆਂ ਨਜਰਾਂ ਵਿੱਚ ਸਭ ਕੁਝ ਸੀ। ਕੈਥਰੀਨ ਨੇ ਇੰਨੀਆਂ ਵੱਡੀਆਂ ਮੀਟਿੰਗਾਂ ਕੀਤੀਆਂ ਕਿ ਸਟੇਡੀਅਮ ਲੋਕਾਂ ਨਾਲ ਭਰ ਗਿਆ ਅਤੇ ਅਣਗਿਣਤ ਚਮਤਕਾਰ ਹੋਏ। ਕੁਝ ਸ਼ਹਿਰਾਂ ਵਿੱਚ ਜਿੱਥੇ ਉਸਨੇ ਕਈ ਦਿਨ ਮੀਟਿੰਗਾਂ ਕੀਤੀਆਂ, ਉਨ੍ਹਾਂ ਸ਼ਹਿਰਾਂ ਦੇ ਬਹੁਤ ਸਾਰੇ ਹਸਪਤਾਲ ਇਲਾਜ ਸ਼ਕਤੀ ਕਾਰਨ ਖਾਲੀ ਹੋ ਗਏ।

ਮੀਟਿੰਗ ਤੋਂ ਪਹਿਲਾਂ ਅਤੇ ਬਾਅਦ ਵਿਚ, ਬਹੁਤ ਭੀੜ ਹੋਣ ਕਾਰਨ ਉਹ ਪਿਛਲੇ ਦਰਵਾਜ਼ੇ ਰਾਹੀਂ ਆਉਂਦੀ ਅਤੇ ਜਾਂਦੀ ਸੀ। ਇੱਕ ਵਾਰ ਇੱਕ ਵੱਡੇ ਹੋਟਲ ਵਿੱਚ ਜਿੱਥੇ ਉਸ ਦੀ ਮੀਟਿੰਗ ਹੋਈ ਸੀ, ਉਹ ਉਸ ਹੋਟਲ ਦੀ ਰਸੋਈ ਵਿੱਚੋਂ ਲੰਘ ਰਹੀ ਸੀ। ਪਰ ਜਦੋਂ ਉਹ ਗੁਪਤ ਰੂਪ ਵਿੱਚ ਰਸੋਈ ਦੇ ਕਰਮਚਾਰੀਆਂ ਵਿੱਚੋਂ ਲੰਘ ਰਹੀ ਸੀ, ਤਾਂ ਅਚਾਨਕ ਉਹ ਸਾਰੇ ਗੋਡਿਆਂ ਭਾਰ ਡਿੱਗ ਪਏ ਅਤੇ ਫੁੱਟ-ਫੁੱਟ ਕੇ ਰੋਂਦੇ ਹੋਏ ਪਸ਼ਚਾਤਾਪ ਕਰਨ ਲੱਗ ਪਏ। ਇਕ ਹੋਰ ਵਾਰ ਉਹ ਹਵਾਈ ਅੱਡੇ ’ਤੇ ਜਾ ਰਹੀ ਸੀ ਅਤੇ ਉਹ ਇਕ ਔਰਤ ਦੇ ਕੋਲੋਂ ਲੰਘੀ ਜੋ ਵ੍ਹੀਲਚੇਅਰ ’ਤੇ ਬੈਠੀ ਸੀ। ਕੈਥਰੀਨ ਦੇ ਆਲੇ ਦੁਆਲੇ ਪਵਿੱਤਰ ਆਤਮਾ ਦੀ ਇੰਨੀ ਮੌਜੂਦਗੀ ਸੀ, ਕਿ ਅਪਾਹਜ ਔਰਤ ਤੁਰੰਤ ਠੀਕ ਹੋ ਗਈ ਅਤੇ ਖੜ੍ਹੀ ਹੋ ਗਈ! ਇਹ ਹੈਰਾਨੀਜਨਕ ਚੀਜ਼ ਕਿਉਂ ਵਾਪਰੀ? ਕਿਉਂਕਿ ਕੈਥਰੀਨ ਪਵਿੱਤਰ ਆਤਮਾ ਦੀ ਮੌਜੂਦਗੀ ਨੂੰ ਪਿਆਰ ਕਰਦੀ ਸੀ ਅਤੇ ਉਸ ਦਾ ਸਤਿਕਾਰ ਕਰਦੀ ਸੀ।

ਯਿਸੂ ਦਾ ਜੀਵਨ ਅਤੇ ਇਨ੍ਹਾਂ ਮਸਹ ਕੀਤੇ ਹੋਏ ਲੋਕਾਂ ਦੀਆਂ ਗਵਾਹੀਆਂ ਸਾਡੇ ਲਈ ਸੱਦਾ ਹਨ। ਪਰਮੇਸ਼ੁਰ ਤੁਹਾਨੂੰ ਉਹਨਾਂ ਵਾਂਗ ਆਤਮਾ ਵਿੱਚ ਚੱਲਣ ਲਈ ਬੁਲਾ ਰਿਹਾ ਹੈ। ਆਓ ਅਸੀਂ ਉਸਦੀ ਅਵਾਜ਼ ਸੁਣੀਏ, ਵਿਸ਼ਵਾਸ ਵਿੱਚ ਉੱਠੀਏ ਅਤੇ ਕੀਮਤੀ ਪਵਿੱਤਰ ਆਤਮਾ ਦੀ ਭਾਲ ਕਰੀਏ!

ਅਧਿਆਇ 4

# ਪਵਿੱਤਰ ਆਤਮਾ ਨਾਲ ਭਾਈਵਾਲੀ

## ਅੰਨ੍ਹੀ ਔਰਤ ਵੇਖਣ ਲੱਗ ਪਈ

ਕਈ ਸਾਲ ਪਹਿਲਾਂ ਮੈਂ ਵੀਰਵਾਰ ਦੀ ਸ਼ਾਮ ਨੂੰ ਪ੍ਰਭੂ ਅੱਗੇ ਪ੍ਰਾਰਥਨਾ ਕਰ ਰਿਹਾ ਸੀ।ਮੈਨੂੰ ਸੱਦਾ ਮਿਲਿਆ ਕਿ ਅਗਲੇ ਦਿਨ ਵਾਰਾਣਸੀ ਦੇ ਇਕ ਪਿੰਡ ਵਿਚ ਇਕ ਚੰਗਾਈ ਸਭਾ ਵਿਚ ਸੇਵਾ ਕਰਾਂ। ਮੈਂ ਬਹੁਤ ਖੁਸ਼ ਸੀ ਅਤੇ ਮੈਂ ਪ੍ਰਾਰਥਨਾ ਵਿੱਚ ਪ੍ਰਭੂ ਨੂੰ ਪੁੱਛ ਰਿਹਾ ਸੀ ਕਿ ਮੈਨੂੰ ਕੱਲ ਨੂੰ ਕੀ ਕਹਿਣਾ ਚਾਹੀਦਾ ਹੈ। ਜਦੋਂ ਮੈਂ ਸ਼ਾਂਤੀ ਨਾਲ ਪ੍ਰਭੂ ਦੀ ਉਡੀਕ ਕਰ ਰਿਹਾ ਸੀ, ਮੈਂ ਤੁਰੰਤ ਕੁਝ ਨਹੀਂ ਸੁਣਿਆ। ਕੁਝ ਸਮਾਂ ਬੀਤਣ ਤੋਂ ਬਾਅਦ ਮੈਂ ਪ੍ਰਭੂ ਨੂੰ ਦੁਬਾਰਾ ਪੁੱਛਿਆ, ''ਪ੍ਰਭੂ ਜੀ, ਮੈਂ ਤੁਹਾਡੀ ਮਰਜ਼ੀ ਅਨੁਸਾਰ ਬੋਲਣਾ ਚਾਹੁੰਦਾ ਹਾਂ। ਮੇਰੇ ਨਾਲ ਗੱਲ ਕਰੋ।'' ਫਿਰ ਅਚਾਨਕ ਮੈਨੂੰ ਦਰਸ਼ਨ ਦਿਸਣ ਲੱਗਾ।

ਦਰਸ਼ਨ ਵਿੱਚ ਮੈਂ ਚਰਚ ਦੇ ਹਾਲ ਵਿੱਚ ਨੱਬੇ ਲੋਕਾਂ ਦੇ ਸਾਹਮਣੇ ਖੜ੍ਹਾ ਸੀ। ਮੈਂ ਆਪਣੇ ਆਪ ਨੂੰ, ਬੈਠੇ ਹੋਏ ਇੱਕ ਦਰਸ਼ਕ ਦੀਆਂ ਅੱਖਾਂ ਰਾਹੀਂ ਪ੍ਰਚਾਰ ਕਰਦਾ ਦੇਖ ਰਿਹਾ ਸੀ। ਕੁਝ ਸਕਿੰਟਾਂ ਵਿੱਚ ਹੀ ਮੇਰੀ ਨਜ਼ਰ ਧੁੰਦਲੀ ਜਿਹੀ ਹੋ ਗਈ ਅਤੇ ਫਿਰ ਮੈਂ ਠੀਕ ਤਰ੍ਹਾਂ ਨਹੀਂ ਦੇਖ ਸਕਿਆ। ਮੈਂ ਕੁਝ ਵੀ ਸਾਫ਼-ਸਾਫ਼ ਨਹੀਂ ਦੇਖ ਸਕਿਆ ਅਤੇ ਮੈਂ ਹਨੇਰੇ ਦਾ ਵੱਡਾ ਗੋਲਾ ਦੇਖਿਆ। ਮੈਂ ਪੁੱਛਿਆ, ''ਪ੍ਰਭੂ, ਤੁਸੀਂ ਮੈਨੂੰ ਕੀ ਦਿਖਾ ਰਹੇ ਹੋ? ਮੈਂਨੂੰ ਸਮਝ ਨਹੀਂ ਆਇਆ।''

ਤੁਰੰਤ ਹੀ ਮੈਂ ਪਵਿੱਤਰ ਆਤਮਾ ਦੀ ਅਵਾਜ਼ ਸੁਣੀ, ''ਉੱਥੇ, ਸਭਾ ਵਿੱਚ, ਇੱਕ ਔਰਤ ਹੋਵੇਗੀ ਜੋ ਆਪਣੀ ਖੱਬੀ ਅੱਖ ਤੋਂ ਅੰਨ੍ਹੀ ਹੈ, ਜਿਵੇਂ ਕਿ ਹੁਣ ਤੂੰ ਦਰਸ਼ਨ ਵਿੱਚ ਵੇਖ ਰਿਹਾ ਹੈ। ਬਚਨ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਉਸ ਲਈ ਪ੍ਰਾਰਥਨਾ ਕਰਨਾ।''

ਇਹ ਦਰਸ਼ਣ ਸਿਰਫ ਕੁਝ ਸਕਿੰਟਾਂ ਤੱਕ ਰਿਹਾ, ਅਤੇ ਉਸ ਆਵਾਜ਼ ਨੇ ਮੇਰੇ ਨਾਲ ਬਹੁਤ ਤੇਜ਼ੀ ਨਾਲ ਗੱਲ ਕੀਤੀ। ਮੈਂ ਅੱਖਾਂ ਖੋਲ੍ਹੀਆਂ ਅਤੇ ਲਿਖਿਆ... 'ਉਹ ਔਰਤ ਜਿਹੜੀ ਖੱਬੀ ਅੱਖ ਤੋਂ ਅੰਨ੍ਹੀ ਹੈ'।

ਫਿਰ ਮੈਂ ਦੁਬਾਰਾ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਪ੍ਰਭੂ ਨੂੰ ਪੁੱਛਿਆ ਕਿ ਮੈਨੂੰ ਕੀ ਪ੍ਰਚਾਰ ਕਰਨਾ ਚਾਹੀਦਾ ਹੈ? ਤੁਰੰਤ ਹੀ ਮੈਂ ਇੱਕ ਹੋਰ ਦਰਸ਼ਨ ਦੇਖਿਆ। ਦਰਸ਼ਨ ਵਿੱਚ ਇੱਕ ਔਰਤ ਦਿਖਾਈ ਦਿੱਤੀ ਜਿਸ ਨੇ ਲਾਲ ਸਾੜੀ ਪਾਈ ਹੋਈ ਸੀ। ਉਹ ਵਾਰ-ਵਾਰ ਆਪਣਾ ਮੂੰਹ ਬੰਦ ਕਰ ਰਹੀ ਸੀ ਅਤੇ ਖੋਲ੍ਹ ਰਹੀ ਸੀ। ਮੈਨੂੰ ਸਮਝ ਨਹੀਂ ਆਈ, ਇਸ ਲਈ ਮੈਂ ਪੁੱਛਿਆ, ''ਪ੍ਰਭੂ, ਇਹ ਕੀ ਹੈ?ਮੈਨੂੰ ਇਹ ਦਰਸ਼ਨ ਵੀ ਸਮਝ ਨਹੀਂ ਆਇਆ।'' ਜਿਵੇਂ ਹੀ ਮੈਂ ਪੁੱਛਿਆ, ਮੈਨੂੰ ਕੋਈ ਆਵਾਜ਼ ਨਹੀਂ ਆਈ, ਪਰ ਮੈਨੂੰ ਉਸ ਔਰਤ ਦੇ ਜਬਾੜੇ ਦੇ ਜੋੜਾਂ ਵਿੱਚ ਇੱਕ ਲਾਲ ਚਮਕਦੀ ਹੋਈ ਰੌਸ਼ਨੀ ਦਿਖਾਈ ਦੇਣ ਲੱਗੀ। ਜਦੋਂ ਵੀ ਉਹ ਆਪਣਾ ਮੂੰਹ ਬੰਦ ਕਰਦੀ ਜਾਂ ਖੋਲ੍ਹਦੀ, ਲਾਲ ਰੋਸ਼ਨੀ ਚਮਕਦੀ ਸੀ। ਅਚਾਨਕ ਮੈਨੂੰ ਅਹਿਸਾਸ ਹੋਇਆ ਕਿ ਔਰਤ ਦੇ ਜਬਾੜੇ ਦੇ ਜੋੜਾਂ ਵਿੱਚ ਦਰਦ ਹੈ। ਮੈਂ ਅੱਖਾਂ ਖੋਲ੍ਹ ਕੇ ਇਹ ਲਿਖਿਆ। ਮੈਂ ਪ੍ਰਭੂ ਨੂੰ ਪੁੱਛਦਾ ਰਿਹਾ ਕਿ ਮੈਨੂੰ ਕੀ ਕਹਿਣਾ ਚਾਹੀਦਾ ਹੈ, ਪਰ ਮੈਨੂੰ ਕੋਈ ਸੇਧ ਨਹੀਂ ਮਿਲੀ।

ਸ਼ੁੱਕਰਵਾਰ ਦੀ ਸਵੇਰ ਨੂੰ ਪਿੰਡ ਜਾਣ ਸਮੇਂ ਮੈਂ ਬਹੁਤ ਉਤਸ਼ਾਹਿਤ ਸੀ। ਪਹੁੰਚਣ 'ਤੇ ਹਾਲ ਵਿੱਚ ਨੱਬੇ ਦੇ ਕਰੀਬ ਲੋਕ ਬੈਠੇ ਸਨ। ਅਰਾਧਨਾ ਤੋਂ ਬਾਅਦ, ਮੈਂ ਮਾਈਕਰੋਫੋਨ ਲਿਆ ਅਤੇ ਤੁਰੰਤ ਖੜ੍ਹਾ ਹੋ ਗਿਆ ਅਤੇ ਦਲੇਰੀ ਨਾਲ ਕਿਹਾ, ''ਇਸ ਸਭਾ ਵਿੱਚ ਇੱਕ ਔਰਤ ਹੈ ਜੋ ਆਪਣੀ ਖੱਬੀ ਅੱਖ ਵਿੱਚ ਅੰਨ੍ਹੀ ਹੈ। ਪ੍ਰਮੇਸ਼ਵਰ ਤੁਹਾਨੂੰ ਹੁਣੇ ਠੀਕ ਕਰੇਗਾ! ਖੜ੍ਹੇ ਹੋ ਜਾਓ!''

ਮੈਂ ਹਾਲ ਦੇ ਚਾਰੋਂ ਪਾਸੇ ਦੇਖਿਆ ਅਤੇ ਹੈਰਾਨ ਹੋਇਆ ਕਿ ਕੋਈ ਵੀ ਔਰਤ ਖੜ੍ਹੀ ਨਹੀ ਹੋਈ ਸੀ। ਮੈਂ ਝੱਟ ਘਬਰਾਉਣ ਲੱਗਾ। ਹਰ ਕੋਈ ਬਹੁਤ ਸ਼ਾਂਤ ਸੀ ਅਤੇ ਮੇਰੇ ਵੱਲ ਵੇਖ ਰਿਹਾ ਸੀ। ਮੈਂ ਉਨ੍ਹਾਂ ਦੇ ਵਿਚਾਰਾਂ ਦੀ ਕਲਪਨਾ ਕਰਨ ਲੱਗਾ, ਜਿਵੇਂ ਕਿ ''ਇਹ ਪਾਗਲ ਵਿਅਕਤੀ ਕਿੱਥੋਂ ਆਇਆ?''

ਕੁਝ ਸਕਿੰਟਾਂ ਬਾਅਦ ਮੈਂ ਬਿਨਾਂ ਹਿੰਮਤ ਕੀਤੇ ਕਿਹਾ,ਉਹ, ਮੇਰਾ ਮੰਨਣਾ ਹੈ ਕਿ ਇੱਥੇ ਇੱਕ ਔਰਤ ਹੈ ਜੋ ਆਪਣੀ ਖੱਬੀ ਅੱਖ ਵਿੱਚ ਅੰਨ੍ਹੀ ਹੈ। ਜੇ ਇਹ ਤੁਹਾਡੀ ਸਮੱਸਿਆ ਹੈ, ਤਾਂ ਖੜੇ ਹੋ ਜਾਓ।''ਮੈਂ ਲੋਕਾਂ ਨੂੰ ਸਮਝਾਇਆ ਕਿ ਉਹ ਕਿਵੇਂ ਅੰਨ੍ਹੀ ਸੀ, ਜਿਵੇਂ ਮੈਂ ਦਰਸ਼ਣ ਵਿੱਚ ਦੇਖਿਆ ਸੀ। ਮੈਂ ਕੁਝ ਹੋਰ ਸਕਿੰਟਾਂ ਲਈ ਉੱਥੇ ਖੜ੍ਹਾ ਰਿਹਾ। ਹਰ ਸਕਿੰਟ ਮੈਨੂੰ ਘੰਟਿਆਂ ਵਾਂਗ ਜਾਪਦਾ ਸੀ ਅਤੇ ਉੱਥੇ ਕੋਈ ਵੀ ਔਰਤ ਖੜ੍ਹੀ ਨਹੀਂ ਹੋਈ ਸੀ।

ਇਸ ਵਾਰ ਮੈਂ ਚਿੰਤਾ ਅਤੇ ਘਬਰਾਹਟ ਕਾਰਨ ਬਹੁਤ ਪਸੀਨਾ ਆਉਂਣ ਲੱਗ ਗਿਆ। ਇਹ ਮਈ ਦਾ ਮਹੀਨਾ ਸੀ, ਅਤੇ ਮੈਨੂੰ ਪਹਿਲਾਂ ਹੀ ਪਸੀਨਾ ਆ ਰਿਹਾ ਸੀ। ਪਰ ਹੁਣ ਮੈਂ ਭਿੱਜ ਗਿਆ। ਮੈਂ ਬਹੁਤ ਅਸੁਰੱਖਿਅਤ ਮਹਿਸੂਸ ਕਰਨ ਲੱਗਾ ਅਤੇ ਮੈਂ ਸੋਚਿਆ, ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ?'' ਹਰ ਕੋਈ ਚੁੱਪਚਾਪ ਬੈਠੇ ਅਤੇ ਮੇਰੇ ਵੱਲ ਵੇਖ ਰਿਹਾ ਸੀ, ਮੈਂ ਹੋਰ ਵੀ ਬੁਰਾ ਮਹਿਸੂਸ ਕਰ ਰਿਹਾ ਸੀ।

ਮੈਂ ਮੁਸ਼ਕਲ ਨਾਲ ਇੱਕ ਵਾਰ ਫਿਰ ਪੁੱਛਿਆ, ''ਮੇਰੀ ਗੱਲ ਧਿਆਨ ਨਾਲ ਸੁਣੋ। ਜੇਕਰ ਇਸ ਸਭਾ ਵਿੱਚ ਕੋਈ ਔਰਤ ਹੈ ਜਿਸ ਦੀ ਖੱਬੀ ਅੱਖ ਅੰਨ੍ਹੀ ਹੈ, ਤਾਂ ਕਿਰਪਾ ਕਰਕੇ ਖੜ੍ਹੇ ਹੋ ਜਾਓ।''

ਪਿੱਛੇ ਬੈਠੀ ਇੱਕ ਔਰਤ ਨੇ ਉੱਠ ਕੇ ਕਿਹਾ, "ਮੈਂ ਹਾਂ, ਮੇਰੀ ਖੱਬੀ ਅੱਖ ਅੰਨ੍ਹੀ ਹੈ।" ਮੈਂ ਸੋਚਿਆ, "ਤੁਸੀਂ ਪਹਿਲਾਂ ਕਿਉਂ ਨਹੀਂ ਖੜ੍ਹੇ ਹੋਏ!" ਫਿਰ ਮੈਨੂੰ ਇੱਕ ਵੱਡੀ ਗੱਲ ਦਾ ਅਹਿਸਾਸ ਹੋਇਆ, ਮੈਂ ਦਰਸ਼ਨ ਵਿੱਚ ਆਪਣੇ ਆਪ ਨੂੰ ਉਸੇ ਥਾਂ ਤੋਂ ਦੇਖ ਰਿਹਾ ਸੀ ਜਿੱਥੇ ਉਹ ਬੈਠੀ ਸੀ।

ਉਹ ਮੇਰੇ ਸਾਹਮਣੇ ਆਈ ਅਤੇ ਮੈਂ ਉਸ ਦੀਆਂ ਅੱਖਾਂ 'ਤੇ ਹੱਥ ਰੱਖ ਕੇ ਪ੍ਰਾਰਥਨਾ ਕਰਨ ਲੱਗਾ। ਮੇਰੇ ਮੂੰਹ ਵਿੱਚੋਂ ਸਿਰਫ਼ ਇੱਕ ਹੀ ਗੱਲ ਨਿਕਲੀ ਸੀ ''ਯਿਸੂ ਦੇ ਨਾਮ ਵਿੱਚ...'' ਅਤੇ ਉਸ ਦੀਆਂ ਅੱਖਾਂ ਠੀਕ ਹੋ ਗਈਆਂ ਅਤੇ ਖੁੱਲ੍ਹ ਗਈਆਂ! ਉਹ ਖੁਸ਼ੀ ਨਾਲ ਬੋਲਣ ਲੱਗੀ, ''ਮੈਂ ਦੇਖ ਸਕਦਾ ਹਾਂ! ਮੈਂ ਦੇਖ ਸਕਦਾ ਹਾਂ!''

ਮੈਂ ਫਿਰ ਹਿੰਮਤ ਨਾਲ ਭਰ ਗਿਆ। ਮੈਂ ਮਹਿਸੂਸ ਕੀਤਾ ਕਿ ਜੋਂ ਲੋਕ ਮੈਨੂੰ ਪਾਗਲ ਸਮਝ ਰਹੇ ਸਨ ਹੁਣ ਮੈਂ ਉਨ੍ਹਾਂ ਲਈ ਸਹੀ ਸਾਬਤ ਹੋਇਆ ਹਾਂ। ਫਿਰ ਮੈਂ ਉਤਸ਼ਾਹ ਨਾਲ ਕਿਹਾ, ''ਇੱਥੇ ਘੱਟੋ ਘੱਟ ਇੱਕ ਹੋਰ ਔਰਤ ਹੈ ਜਿਸ ਦੇ ਜਬਾੜੇ ਦੇ ਜੋੜਾਂ ਵਿੱਚ ਦਰਦ ਹੈ, ਖਾਸ ਕਰਕੇ ਜਦੋਂ ਉਹ ਆਪਣਾ ਮੂੰਹ ਖੋਲ੍ਹਦੀ ਅਤੇ ਬੰਦ ਕਰਦੀ ਹੈ।'' ਮੈਨੂੰ ਹੈਰਾਨੀ ਹੋਈ, ਤਿੰਨ ਔਰਤਾਂ ਅੱਗੇ ਆਈਆਂ। ਜਿਵੇਂ ਹੀ ਮੈਂ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ, ਉਹ ਸਾਰੀਆਂ ਔਰਤਾਂ ਤੁਰੰਤ ਠੀਕ ਹੋ ਗਈਆਂ! ਇਹ ਚੰਗਾਈ ਸਭਾ ਲਈ ਇੱਕ ਚੰਗੀ ਸ਼ੁਰੂਆਤ ਸੀ!

**ਪਰਮੇਸ਼ੁਰ ਦੀ ਇੱਛਾ ਅਤੇ ਸਵਰਗ ਦੇ ਰਾਜ**

*ਮੱਤੀ 6:10 ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ ਧਰਤੀ ਉੱਤੇ ਵੀ ਪੂਰੀ ਹੋਵੇ।*

ਇਸ ਪਾਠ ਵਿੱਚ ਮੈਂ ਇਹ ਸਿਖਾਉਣਾ ਚਾਹੁੰਦਾ ਹਾਂ ਕਿ ਅਸੀਂ ਪਵਿੱਤਰ ਆਤਮਾ ਦੇ ਨਾਲ ਸਾਂਝੇਦਾਰੀ ਵਿੱਚ ਕਿਵੇਂ ਸੇਵਾ ਕਰ ਸਕਦੇ ਹਾਂ ਕਿ ਧਰਤੀ ਸਵਰਗ ਵਾਂਗ ਜਾਪਣ ਲੱਗੇ ।ਪਵਿੱਤਰ ਆਤਮਾ ਨੇ ਹੀ ਮੈਨੂੰ ਦਰਸ਼ਨ ਦਿੱਤਾ ਅਤੇ ਉਸੇ ਨੇ ਹੀ ਪਰਮੇਸ਼ੁਰ ਦੀ ਚੰਗਾਈ ਦੀ ਸ਼ਕਤੀ ਨੂੰ ਪ੍ਰਗਟ ਕੀਤਾ। ਪਰ ਮੇਰੇ ਬੋਲੇ ਜਾਂ ਮੇਰੇ ਕੀਤੇ ਬਿਨਾਂ ਉਸਨੇ ਕੁਝ ਨਹੀਂ ਕੀਤਾ। ਉਸਦੀ ਅਗਵਾਈ ਅਤੇ ਸਮਰੱਥਾ ਤੋਂ ਬਿਨਾਂ ਕੋਈ ਚੰਗਾਈ ਅਤੇ ਚਮਤਕਾਰ ਨਹੀਂ ਹੋ ਸਕਦੇ, ਭਾਵੇਂ ਮੈਂ ਦਿਨਾਂ ਲਈ ਵਰਤ ਰੱਖਾਂ ਅਤੇ ਘੰਟਿਆਂ ਲਈ ਪ੍ਰਾਰਥਨਾ ਕਰਾਂ।

ਪਰਮੇਸੁਰ ਦੀ ਇੱਛਾ ਹੈ ਕਿ ਉਸ ਦਾ ਰਾਜ ਧਰਤੀ ਉੱਤੇ ਸਥਾਪਿਤ ਹੋਵੇ। ਸਵਰਗ ਵਿੱਚ ਕੋਈ ਰੋਗ ਨਹੀਂ ਹੈ। ਸਵਰਗ ਵਿੱਚ ਕੋਈ ਦੁਸ਼ਟ ਆਤਮਾਂਵਾਂ ਨਹੀਂ ਹਨ। ਉਥੇ ਕੋਈ ਡਰ, ਚਿੰਤਾ, ਨਿਰਾਸ਼ਾ, ਉਦਾਸੀਨਤਾ, ਸਰਾਪ ਅਤੇ ਗਰੀਬੀ ਨਹੀਂ ਹੈ। ਉਸ ਦੇ ਰਾਜ ਵਿੱਚ ਅਜਿਹਾ ਕੁਝ ਨਹੀਂ ਹੈ। ਪਵਿੱਤਰ ਆਤਮਾ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਕਰਨ ਲਈ ਸਾਨੂੰ ਉਸਦੇ ਰਾਜ ਨੂੰ ਜਾਣਨ ਦੀ ਲੋੜ ਹੈ।

*ਮੱਤੀ 4:23-24 ਯਿਸੂ ਸਾਰੇ ਗਲੀਲ ਵਿੱਚ ਫਿਰਦਾ ਹੋਇਆ ਉਨ੍ਹਾਂ ਦੇ ਪ੍ਰਾਰਥਨਾ ਘਰਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖੁਸ਼ਖਬਰੀ ਦਾ ਪਰਚਾਰ ਕਰਦਾ ਅਤੇ ਲੋਕਾਂ ਵਿੱਚੋਂ ਸਾਰੇ ਰੋਗ ਅਤੇ ਮਾਂਦਗੀ ਨੂੰ ਹਟਾਉਂਦਾ ਸੀ। ਅਤੇ ਸਾਰੇ ਸੀਰੀਯਾ ਦੇਸ਼ ਵਿੱਚ ਉਹ ਦੀ ਚਰਚਾ ਹੋਣ ਲੱਗ ਪਈ ਅਤੇ ਉਨ੍ਹਾਂ ਸਭਨਾਂ ਰੋਗੀਆਂ ਨੂੰ ਜਿਹੜੇ ਕਈ ਪ੍ਰਕਾਰ ਦੇ ਰੋਗਾਂ ਅਤੇ ਦੁਖਾਂ ਵਿੱਚ ਫਸੇ ਹੋਏ ਸਨ ਅਤੇ ਜਿਨ੍ਹਾਂ ਨੂੰ ਭੂਤ ਚਿੰਬੜੇ ਹੋਏ ਸਨ ਅਤੇ ਮਿਰਗੀ ਵਾਲਿਆਂ ਅਤੇ ਅਧਰੰਗੀਆਂ ਨੂੰ ਉਹ ਦੇ ਕੋਲ ਲਿਆਏ ਅਤੇ ਉਸ ਨੇ ਉਨ੍ਹਾਂ ਨੂੰ ਨਰੋਇਆ ਕੀਤਾ।*

ਅਸੀਂ ਪਿਛਲੇ ਅਧਿਆਇ ਵਿੱਚ ਸਿੱਖਿਆ ਸੀ ਕਿ ਯਿਸੂ ਨੇ ਇੱਕ ਆਮ ਆਦਮੀ ਵਾਂਗ ਪਿਤਾ ਪਰਮੇਸੁਰ ਦੇ ਅਧੀਨ ਰਹਿੰਦਿਆਂ ਪਵਿੱਤਰ ਆਤਮਾ ਦੀ ਸਮਰੱਥਾ ਦੁਆਰਾ ਸਾਰੇ ਚਮਤਕਾਰ ਕੀਤੇ। ਯਿਸੂ ਨੇ ਸਵਰਗ ਦੇ ਰਾਜ ਦੀ ਖੁਸ਼ਖਬਰੀ ਦਾ ਪ੍ਰਚਾਰ ਕੀਤਾ। ਮੱਤੀ ਦੀ ਕਿਤਾਬ ਵਿਚ ਇਸ ਨੂੰ 'ਸਵਰਗ ਦਾ ਰਾਜ' ਲਿਖਿਆ ਗਿਆ ਹੈ, ਪਰ ਮਰਕਸ ਦੀ ਕਿਤਾਬ ਵਿਚ ਇਸ ਨੂੰ 'ਪਰਮੇਸੁਰ ਦਾ ਰਾਜ' ਲਿਖਿਆ ਗਿਆ ਹੈ। ਦੋਵੇਂ ਇੱਕੋ ਹੀ ਗੱਲਾਂ ਹਨ। ਯਿਸੂ ਨੇ ਕਿਸ ਦਾ ਪ੍ਰਚਾਰ ਕੀਤਾ? ਪਰਮੇਸੁਰ ਦੇ ਰਾਜ ਦਾ ਪ੍ਰਚਾਰ ਕੀਤਾ। ਪਵਿੱਤਰ ਆਤਮਾ ਉਸ ਦੇ ਸੰਦੇਸ਼ ਨੂੰ ਸਮਰੱਥਾ ਨਾਲ ਮਜ਼ਬੂਤ ਕਰਦਾ ਰਿਹਾ, ਅਤੇ ਬਿਮਾਰ ਲੋਕ ਚੰਗੇ ਹੋ ਗਏ ਅਤੇ ਦੁਸ਼ਟ ਆਤਮਾ ਗ੍ਰਸਤ ਲੋਕ ਆਜ਼ਾਦ ਹੋਏ।

ਆਓ ਆਪਾਂ ਇਕ ਹੋਰ ਆਇਤ ਪੜ੍ਹੀਏ ਜੋ ਸਾਨੂੰ ਸਵਰਗ ਦੇ ਰਾਜ ਬਾਰੇ ਸਿਖਾਉਂਦੀ ਹੈ।

*ਮੱਤੀ 12:22-28 ਤਦ ਲੋਕ ਇੱਕ ਅੰਨ੍ਹੇ ਅਤੇ ਗੁੰਗੇ ਮਨੁੱਖ ਨੂੰ ਜਿਸ ਨੂੰ ਭੂਤ ਚਿੰਬੜੇ ਹੋਇਆ ਸੀ,ਉਸ ਦੇ ਕੋਲ ਲਿਆਏ ਅਤੇ ਉਸ ਨੇ ਉਹ ਨੂੰ ਅਜਿਹਾ ਚੰਗਾ ਕੀਤਾ,ਕਿ ਉਹ ਬੋਲਣਾ ਅਤੇ ਵੇਖਣ ਲੱਗਾ।ਅਤੇ ਸਾਰੇ ਲੋਕ ਹੈਰਾਨ ਹੋ ਕੇ ਬੋਲੇ, ਕੀ, ਇਹ ਦਾਊਦ ਦਾ ਪੁੱਤਰ ਨਹੀਂ ਹੈ?ਪਰ ਫ਼ਰੀਸੀਆਂ ਨੇ ਇਹ ਸੁਣ ਕੇ ਕਿਹਾ,"ਕਿ ਇਹ ਤਾਂ ਭੂਤਾਂ ਦੇ ਸਰਦਾਰ ਬਆਲਜ਼ਬੂਲ ਦੀ ਮਦਦ ਨਾਲ ਭੂਤਾਂ ਨੂੰ ਕੱਢਦਾ ਹੈ।" ਪਰ ਉਸ ਨੇ ਉਨ੍ਹਾਂ ਦੀ ਸੋਚ ਵਿਚਾਰ ਜਾਣ ਕੇ, ਉਨ੍ਹਾਂ ਨੂੰ ਕਿਹਾ,"ਕਿ ਜਿਸ ਕਿਸੇ ਰਾਜ ਵਿੱਚ ਫੁੱਟ ਪੈਦੀਂ ਹੈ ਉਹ ਵਿਰਾਨ ਹੋ ਜਾਦਾਂ ਹੈ ਅਤੇ ਜਿਸ ਕਿਸੇ ਨਗਰ ਜਾਂ ਘਰ ਵਿੱਚ ਫੁੱਟ ਪੈਂਦੀ ਹੈ ਉਹ ਬਣਿਆ ਨਾ ਰਹੇਗਾ। ਅਤੇ ਜੇ ਸ਼ੈਤਾਨ ਹੀ ਸ਼ੈਤਾਨ ਨੂੰ ਕੱਢਦਾ ਹੈ, ਤਾਂ ਉਹਦੇ ਆਪਣੇ ਆਪ ਵਿੱਚ ਹੀ ਫੁੱਟ ਪੈ ਗਈ ਹੈ ਤਾਂ ਫਿਰ ਉਸਦਾ ਰਾਜ ਕਿਵੇਂ ਕਾਇਮ ਰਹੇਗਾ?... ਅਤੇ ਜੇਕਰ ਮੈਂ ਸ਼ੈਤਾਨ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ,ਤੁਹਾਡੇ ਪੁੱਤਰ ਕਿਸ ਦੀ ਸਹਾਇਤਾ ਨਾਲ ਕੱਢਦੇ ਹਨ? ਇਸ ਲਈ ਤੁਹਾਡਾ ਨਿਆਂ ਕਰਨ ਵਾਲੇ ਉਹ ਹੀ ਹੋਣਗੇ।ਪਰ ਜੇ ਮੈਂ ਪਰਮੇਸੁਰ ਦੇ ਆਤਮਾ ਦੁਆਰਾ ਭੂਤਾਂ ਨੂੰ ਕੱਢਦਾ ਹਾਂ, ਤਾਂ ਪਰਮੇਸੁਰ ਦਾ ਰਾਜ ਤੁਹਾਡੇ ਉੱਤੇ ਆ ਚੁੱਕਿਆ ਹੈ।"*

ਇਹ ਇੱਕ ਬਹੁਤ ਹੀ ਦਿਲਚਸਪ ਕਹਾਣੀ ਹੈ। ਸਭ ਤੋਂ ਪਹਿਲਾਂ ਅਸੀਂ ਦੇਖ ਸਕਦੇ ਹਾਂ ਕਿ ਉਹ ਆਦਮੀ ਭੂਤਾਂ ਦੀ ਸ਼ਕਤੀਸ਼ਾਲੀ ਮੌਜੂਦਗੀ ਕਾਰਨ ਅੰਨ੍ਹਾ ਅਤੇ ਗੂੰਗਾ ਸੀ। ਦੁਸ਼ਟ ਆਤਮਾ ਨੂੰ ਬਾਹਰ ਕੱਢਣ ਨਾਲ, ਉਹ ਆਦਮੀ ਚੰਗਾ ਹੋ ਗਿਆ ਅਤੇ ਦੇਖਣ ਅਤੇ ਬੋਲਣ ਲੱਗਾ। ਯਿਸੂ ਨੇ ਫ਼ਰੀਸੀਆਂ ਦੇ ਬੇਤੁਕੇ ਇਲਜ਼ਾਮਾਂ ਦਾ ਜਵਾਬ ਦੇ ਕੇ ਸਿਖਾਇਆ ਕਿ ਆਤਮਿਕ ਮਾਹੌਲ ਵਿਚ ਕੀ ਹੋ ਰਿਹਾ ਸੀ। ਯਿਸੂ ਨੇ ਖੁਦ ਕਿਹਾ ਸੀ, ਕਿ ਉਸਨੇ ਪਵਿੱਤਰ ਆਤਮਾ ਦੁਆਰਾ ਦੁਸ਼ਟ ਆਤਮਾ ਨੂੰ ਕੱਢਿਆ ਸੀ। ਇਹ ਪਵਿੱਤਰ ਆਤਮਾ ਹੀ ਸੀ, ਜਿਸਨੇ ਦੂਸ਼ਟ ਆਤਮਾ ਨੂੰ ਦੂਰ ਕਰ ਦਿੱਤਾ ਸੀ, ਪਰ ਯਿਸੂ ਨੇ ਉਨ੍ਹਾਂ ਨੂੰ ਕੱਢਣ ਦਾ ਹੁਕਮ ਦਿੱਤਾ ਸੀ। ਪਵਿੱਤਰ ਆਤਮਾ ਨੇ ਦੁਸ਼ਟ ਆਤਮਾਵਾਂ

ਨੂੰ ਬਾਹਰ ਕੱਢਿਆ ਕੇ ਬਿਮਾਰ ਆਦਮੀ 'ਤੇ ਪਰਮੇਸ਼ੁਰ ਦੇ ਰਾਜ ਨੂੰ ਪ੍ਰਗਟ ਕੀਤਾ ਅਤੇ ਉਹ ਚੰਗਾ ਹੋ ਗਿਆ। ਇਸ ਕਹਾਣੀ ਤੋਂ ਅਸੀਂ ਚਾਰ ਮਹੱਤਵਪੂਰਨ ਨੁਕਤੇ ਸਿੱਖ ਸਕਦੇ ਹਾਂ।

1. ਕੇਵਲ ਦੋ ਤਰ੍ਹਾਂ ਦੀਆਂ ਆਤਮਾਵਾਂ ਹਨ: ਦੁਸ਼ਟ ਆਤਮਾ ਦੀ ਸ਼ਕਤੀ ਜੋ ਸ਼ੈਤਾਨ ਦੇ ਰਾਜ ਨੂੰ ਪ੍ਰਗਟ ਕਰਦੀ ਹੈ, ਅਤੇ ਪਵਿੱਤਰ ਆਤਮਾ ਦੀ ਸਮਰੱਥਾ ਜੋ ਪਰਮੇਸ਼ੁਰ ਦੇ ਰਾਜ ਨੂੰ ਪ੍ਰਗਟ ਕਰਦੀ ਹੈ।

2. ਰਾਜਾਂ ਦੀਆਂ ਸਿਰਫ਼ ਦੋ ਕਿਸਮਾਂ ਹਨ, ਹਨੇਰੇ ਦਾ ਰਾਜ ਅਤੇ ਪਰਮੇਸ਼ਵਰ ਦਾ ਰਾਜ। ਇਹ ਦੋਵੇਂ ਰਾਜ ਉਹਨਾਂ ਆਤਮਾਵਾਂ ਉੱਤੇ ਹੀ ਨਿਰਭਰ ਹਨ।

3. ਹਰ ਰਾਜ ਦਾ ਆਪਣਾ ਫਲ ਹੁੰਦਾ ਹੈ। ਇਸ ਕਹਾਣੀ ਵਿਚ ਹਨੇਰੇ ਦਾ ਰਾਜ ਅੰਨ੍ਹੇਪਣ ਅਤੇ ਗੂੰਗੇਪਨ ਨੂੰ ਪ੍ਰਗਟ ਕਰ ਰਿਹਾ ਸੀ। ਪਰ ਪਰਮੇਸ਼ੁਰ ਦਾ ਰਾਜ ਚੰਗਾਈ ਅਤੇ ਮੁਕਤੀ ਦਾ ਪ੍ਰਗਟਾਵਾ ਕਰ ਰਿਹਾ ਸੀ।

4. ਆਤਮਾ ਨੂੰ ਆਧਿਕਾਰ ਦਿੱਤਾ ਗਿਆ ਹੈ ਕਿ ਉਹ ਸ਼ਕਤੀ ਨਾਲ ਕੰਮ ਕਰੇ।ਉਸ ਆਦਮੀ ਨੇ ਆਪਣਾ ਅਧਿਕਾਰ ਦੁਸ਼ਟ ਆਤਮਾ ਨੂੰ ਦੇ ਦਿੱਤਾ ਇਸ ਲਈ ਉਹ ਅੰਨ੍ਹਾ ਅਤੇ ਗੂੰਗਾ ਹੋ ਗਿਆ (ਕਹਾਉਤਾਂ 26:2, ਵਿਰਲਾਪ 5:7)। ਪਰ ਯਿਸੂ ਨੇ ਦੁਸ਼ਟ ਆਤਮਾ ਨੂੰ ਬਾਹਰ ਕੱਢਣ ਦਾ ਹੁਕਮ ਦੇ ਕੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ।

ਜਦੋਂ ਯਿਸੂ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ, ਤਾਂ ਪਵਿੱਤਰ ਆਤਮਾ ਨੇ ਉਸ ਅਧਿਕਾਰ ਦੇ ਅਨੁਸਾਰ ਪ੍ਰਤੀਕਿਰਿਆ ਕਿੱਤੀ ਅਤੇ ਉਸ ਦੁਸ਼ਟ ਆਤਮਾ ਨੂੰ ਕੱਢ ਕੇ ਪਰਮੇਸ਼ੁਰ ਦੇ ਰਾਜ ਨੂੰ ਪ੍ਰਗਟ ਕਰਕੇ ਕਿੱਤਾ।

ਧਿਆਨ ਦਿਓ ਅਤੇ ਸਮਝੋ। ਪਵਿੱਤਰ ਆਤਮਾ ਨੇ ਦੁਸ਼ਟ ਆਤਮਾਂ ਨੂੰ ਉਦੋਂ ਤੱਕ ਨਹੀਂ ਕੱਢਿਆ ਜਦੋਂ ਤੱਕ ਯਿਸੂ ਨੇ ਹੁਕਮ ਨਹੀਂ ਦਿੱਤਾ। ਯਿਸੂ ਪਵਿੱਤਰ ਆਤਮਾ ਉੱਤੇ ਨਿਰਭਰ ਸੀ। ਨਾ ਹੀ ਪਵਿੱਤਰ ਆਤਮਾ ਨੇ ਉਸ ਸਮੇਂ ਤੱਕ ਦੁਸ਼ਟ ਆਤਮਾਂ ਨੂੰ ਬਾਹਰ ਕੱਢਿਆ ਜਦੋਂ ਤੱਕ ਯਿਸੂ ਨੇ ਹੁਕਮ ਨਹੀਂ ਦਿੱਤਾ। ਇਸ ਲਈ ਪਵਿੱਤਰ ਆਤਮਾ ਵੀ ਯਿਸੂ ਉੱਤੇ ਨਿਰਭਰ ਸੀ।

**ਮੌਤ ਦੀ ਆਤਮਾ ਤੋਂ ਛੁਟਕਾਰਾ**

ਮੈਂ ਇਸ ਗੱਲ ਨੂੰ ਸਾਬਿਤ ਕਰਨ ਲਈ ਇੱਕ ਗਵਾਹੀ ਦੇਣਾ ਚਾਹੁੰਦਾ ਹਾਂ।

ਮੈਂ ਦਿੱਲੀ ਵਿਚ ਇਕ ਛੋਟੇ ਜਿਹੇ ਚਰਚ ਵਿਚ ਪ੍ਰਚਾਰ ਕਰ ਰਿਹਾ ਸੀ।ਪ੍ਰਚਾਰ ਤੋਂ ਬਾਅਦ, ਮੈਂ ਲੋਕਾਂ ਨੂੰ ਚੰਗਾਈ ਦੀ ਪ੍ਰਾਰਥਨਾ ਕਰਵਾਉਂਣ ਦਾ ਮੌਕਾ ਦਿੱਤਾ। ਇੱਕ 21 ਸਾਲ ਦੀ ਔਰਤ ਸੀ ਜੋਂ ਮੇਰੇ ਕੋਲ ਆਈ। ਉਸਦਾ ਚਿਹਰਾ ਉਦਾਸ ਲੱਗ ਰਿਹਾ ਸੀ ਅਤੇ ਉਹ ਬਹੁਤ ਨਿਰਾਸ਼ ਸੀ। ਕੀ ਤੁਸੀਂ ਜਾਣਦੇ ਹੋ ਕਿ ਅਜਿਹੀਆਂ ਭਾਵਨਾਵਾਂ ਹਨੇਰੇ ਦੇ ਰਾਜ ਦਾ ਫਲ ਹਨ? ਭਾਵਨਾਵਾਂ ਰਾਜ ਦਾ ਭਾਵਨਾਤਮਕ ਪ੍ਰਗਟਾਵਾ ਵੀ ਹੋ ਸਕਦੀਆਂ ਹਨ। ਉਦਾਹਰਨ ਲਈ, ਹਨੇਰੇ ਦਾ ਰਾਜ ਉਦਾਸੀਨਤਾ, ਨਿਰਾਸ਼ਾ ਅਤੇ ਡਰ ਨੂੰ ਪ੍ਰਗਟ ਕਰਦਾ ਹੈ, ਪਰ ਸਵਰਗ ਦਾ ਰਾਜ ਖੁਸ਼ੀ, ਸ਼ਾਂਤੀ ਅਤੇ ਉਮੀਦ ਪ੍ਰਗਟ ਕਰਦਾ ਹੈ।

ਮੈਂ ਉਸਨੂੰ ਪੁੱਛਿਆ, "ਕੀ ਸਮੱਸਿਆ ਹੈ? ਮੈਂ ਤੁਹਾਡੇ ਲਈ ਕਿਵੇਂ ਪ੍ਰਾਰਥਨਾ ਕਰ ਸਕਦਾ ਹਾਂ?" ਉਸਨੇ ਜਵਾਬ ਦਿੱਤਾ, "ਮੇਰੇ ਪੇਟ ਵਿੱਚ ਅੱਠ ਮਹੀਨਿਆਂ ਤੋਂ ਲਗਾਤਾਰ ਦਰਦ ਹੋ ਰਿਹਾ ਹੈ। ਮੈਂ ਕਈ ਡਾਕਟਰਾਂ ਕੋਲ ਗਈ, ਪਰ ਮੈਨੂੰ ਕੋਈ ਰਾਹਤ ਨਹੀਂ ਮਿਲੀ।"

ਮੈਂ ਉਸ ਨੂੰ ਆਪਣੇ ਪੇਟ 'ਤੇ ਹੱਥ ਰੱਖਣ ਲਈ ਕਿਹਾ, ਫਿਰ ਮੈਂ ਆਪਣਾ ਹੱਥ ਉਸਦੇ ਹੱਥ ਤੇ ਰੱਖ ਕੇ ਪ੍ਰਾਰਥਨਾ ਕੀਤੀ, ''ਯਿਸੂ, ਦੇ ਨਾਮ 'ਤੇ,ਪਵਿੱਤਰ ਆਤਮਾ ਮੈਂ ਤੁਹਾਨੂੰ ਬੁਲਾ ਰਿਹਾ ਹਾਂ, ਆਓ। ਮੈਂ ਇਸ ਦਰਦ ਨੂੰ ਕਹਿੰਦਾ ਹਾਂ, ਚਲਾ ਜਾ!'' ਜਿਵੇਂ ਹੀ ਮੈਂ ਆਗਿਆ ਦਿੱਤੀ, ਮੈਂ ਉਸ ਦੇ ਚਿਹਰੇ 'ਤੇ ਫਰਕ ਦੇਖ ਸਕਦਾ ਸੀ। ਮੈਂ ਉਸਨੂੰ ਪੁੱਛਿਆ ਕਿ ਉਹ ਹੁਣ ਕਿਵੇਂ ਹੈ। ਉਸਨੇ ਹੱਸ ਕੇ ਕਿਹਾ, ''ਦਰਦ ਖਤਮ ਹੋ ਗਿਆ ਹੈ ਅਤੇ ਮੇਰੇ ਪੇਟ ਵਿੱਚ ਦਰਦ ਨਹੀਂ ਹੈ!'' ਮੈਂ ਖੁਸ਼ੀ ਨਾਲ ਕਿਹਾ, ''ਤੁਸੀਂ ਜਾ ਸਕਦੇ ਹੋ।''

10 ਮਿੰਟ ਬਾਅਦ, ਜਦੋਂ ਮੈਂ ਦੂਜਿਆਂ ਲਈ ਪ੍ਰਾਰਥਨਾ ਕਰ ਹੀ ਰਿਹਾ ਸੀ, ਉਹ ਦੁਬਾਰਾ ਆਈ ਅਤੇ ਉਦਾਸ ਨਜ਼ਰ ਆ ਰਹੀ ਸੀ। ਮੈਂ ਪੁੱਛਿਆ, "ਕੀ ਹੋਇਆ?'' "ਦਰਦ ਫਿਰ ਵਾਪਸ ਆ ਗਿਆ",ਉਸਨੇ ਕਿਹਾ। ਮੈਂ ਸੋਚਿਆ ਕਿ ਇਹ ਅਜੀਬ ਹੈ ਕਿ ਦਰਦ ਪਹਿਲਾ ਚਲਾ ਗਿਆ ਪਰ ਦੁਬਾਰਾ ਵਾਪਸ ਆ ਗਿਆ। ਮੇਰੇ ਪਿਛਲੇ ਤਜ਼ਰਬਿਆਂ ਦੇ ਆਧਾਰ 'ਤੇ, ਮੈਂ ਸੋਚਣ ਲੱਗਾ ਕਿ ਇਹ ਤਸੀਹੇ ਦੇਣ ਵਾਲੀ ਇੱਕ ਦੁਸ਼ਟ ਆਤਮਾ ਸੀ। ਦੁਬਾਰਾ ਪ੍ਰਾਰਥਨਾ ਕਰਨ ਤੋਂ ਪਹਿਲਾਂ, ਮੈਂ ਪੁੱਛਿਆ, "ਅੱਠ ਮਹੀਨੇ ਪਹਿਲਾਂ, ਜਦੋਂ ਦਰਦ ਸ਼ੁਰੂ ਹੋਇਆ ਸੀ, ਤਾਂ ਕੀ ਤੁਹਾਡੀ ਜ਼ਿੰਦਗੀ ਵਿਚ ਕੁਝ ਖਾਸ ਹੋਇਆ ਸੀ? ਭਾਂਵੇ ਚੰਗਾ ਜਾਂ ਮਾੜਾ?''

ਉਸ ਨੇ ਧਿਆਨ ਨਾਲ ਦੇਖਿਆ ਅਤੇ ਕਿਹਾ, "ਹਾਂਜ਼ੀ। ਮੈਂ ਸੱਤ ਮਹੀਨਿਆਂ ਦੀ ਗਰਭਵਤੀ ਸੀ ਅਤੇ ਮੇਰੇ ਜੁੜਵਾਂ ਬੱਚੇ ਸਨ। ਪਰ ਉਨ੍ਹਾਂ ਦੋਵਾਂ ਦੀ ਅਚਾਨਕ ਮੌਤ ਹੋ ਗਈ। ਡਾਕਟਰ ਨੇ ਕੁਝ ਦਵਾਈ ਚੜ੍ਹਾਈ ਕਿ ਮਰੇ ਹੋਏ ਜੁੜਵਾਂ ਬੱਚੇ ਬਾਹਰ ਆ ਜਾਣ। ਇਸ ਤੋਂ ਬਾਅਦ ਮੇਰੇ ਪੇਟ ਵਿੱਚ ਦਰਦ ਹੋਣਾ ਸ਼ੁਰੂ ਹੋ ਗਿਆ।''

ਇੱਕ ਪਲ ਲਈ ਮੈਂ ਸੋਚਿਆ ਕਿ ਸ਼ਾਇਦ ਦਰਦ ਉਸ ਦਵਾਈ ਕਾਰਨ ਹੋ ਰਿਹਾ ਹੈ। ਪਰ ਦਰਦ ਕਿਵੇਂ ਦੂਰ ਹੋ ਗਿਆ ਅਤੇ ਫਿਰ ਵਾਪਸ ਕਿਵੇਂ ਆਇਆ? ਭਾਵੇਂ ਮੈਂ ਅਜਿਹਾ ਸੋਚਿਆ ਸੀ, ਫਿਰ ਵੀ ਮੈਨੂੰ ਵਿਸ਼ਵਾਸ ਸੀ ਕਿ ਇਹ ਦਰਦ ਕਿਸੇ ਦੁਸ਼ਟ ਆਤਮਾ ਵੱਲੋਂ ਸੀ। ਮੈਂ ਉਸ ਵੱਲ ਦੇਖਿਆ ਅਤੇ ਕਿਹਾ, ''ਦੁਖ ਦੇਣ ਵਾਲੀ ਆਤਮਾ! ਮੈਂ ਤੁਹਾਨੂੰ ਯਿਸੂ ਦੇ ਨਾਮ 'ਤੇ ਬੰਨ੍ਹਦਾ ਹਾਂ ਅਤੇ ਤੈਨੂੰ ਇਸ ਵਿੱਚੋਂ ਬਾਹਰ ਆਉਣ ਦਾ ਹੁਕਮ ਦਿੰਦਾ ਹਾਂ!''

ਨਿਕਲਣ ਦੀ ਆਗਿਆ ਦੇਣ ਤੋਂ ਬਾਅਦ, ਮੈਂ ਉਸ ਨੂੰ ਪੁੱਛਿਆ ਕਿ ਉਹ ਕਿਵੇਂ ਹੈ।ਪਰ ਉਸ ਨੂੰ ਕੋਈ ਫਰਕ ਨਹੀਂ ਪਿਆ ਅਤੇ ਦਰਦ ਜਾਰੀ ਰਿਹਾ। ਇਸ ਸਮੇਂ ਮੈਂ ਇੱਕ ਸਮਝਦਾਰੀ ਵਾਲਾ ਫੈਸਲਾ ਲਿਆ। ਮੈਂ ਇੱਕ ਪਾਸੇ ਹੋ ਕੇ ਪਵਿੱਤਰ ਆਤਮਾ ਵੱਲ ਧਿਆਨ ਲਾਇਆ ਅਤੇ ਪੁੱਛਿਆ, ''ਪਵਿੱਤਰ ਆਤਮਾ, ਮੈਨੂੰ ਬਿਲਕੁਲ ਨਹੀਂ ਪਤਾ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਮੇਰੀ ਅਗਵਾਈ ਕਰੋ।''

ਇਸ ਤੋਂ ਤੁਰੰਤ ਬਾਅਦ ਮੈਂ ਇੱਕ ਦਰਸ਼ਨ ਦੇਖਿਆ ਜੋ ਸਿਰਫ ਦੋ-ਤਿੰਨ ਸਕਿੰਟਾਂ ਲਈ ਦਿਖਾਈ ਦਿੰਦਾ ਸੀ। ਆਪਣੇ ਮਨ ਵਿੱਚ ਮੈਂ ਇੱਕ ਬਲੈਕਬੋਰਡ ਦੇਖਿਆ ਜੋ ਅਧਿਆਪਕ ਕਲਾਸਰੂਮ ਵਿੱਚ ਵਰਤਦੇ ਹਨ।ਇੱਕ ਚਿੱਟੇ ਚੋਕ ਨੇ ਆਪਣੇ ਆਪ ਉੱਡਕੇ ਉਸ ਬਲੈਕ ਬੋਰਡ ਉੱਤੇ ''ਮੌਤ ਦੀ ਆਤਮਾ''ਲਿਖਣਾ ਸ਼ੁਰੂ ਕਰ ਦਿੱਤਾ। ਜਿਵੇਂ ਹੀ ਮੈਂ ਦਰਸ਼ਨ ਦੇਖਿਆ, ਮੈਂ ਉਸ ਔਰਤ ਵੱਲ ਮੁੜਿਆ ਅਤੇ ਉਤਸ਼ਾਹ ਨਾਲ ਕਿਹਾ, ''ਮੌਤ ਦੀ ਆਤਮਾ! ਮੈਂ ਤੁਹਾਨੂੰ ਬੰਨ੍ਹਦਾ ਹਾਂ ਅਤੇ ਤੁਹਾਨੂੰ ਹੁਣੇ ਇਸ ਵਿੱਚੋਂ ਬਾਹਰ ਆਉਣ ਦਾ ਹੁਕਮ ਦਿੰਦਾ ਹਾਂ!''

ਉਹ ਝੱਟ ਝੁਕ ਗਈ ਅਤੇ ਜ਼ੋਰ-ਜ਼ੋਰ ਨਾਲ ਖੰਘਣ ਲੱਗੀ। ਉਹ ਲਗਭਗ ਨੌਂ ਵਾਰ ਖੰਘੀ ਫਿਰ ਸਿੱਧੀ ਹੋ ਗਈ। ਤੁਰੰਤ ਉਸਦਾ ਚਿਹਰਾ ਬਦਲ ਗਿਆ ਅਤੇ ਉਸਨੇ ਕਿਹਾ, "ਸਾਰਾ ਦਰਦ ਦੂਰ ਹੋ ਗਿਆ ਅਤੇ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਵਿੱਚੋਂ ਕੁਝ ਨਿਕਲਿਆ ਹੈ।'' ਉਹ ਫਿਰ ਖੁਸ਼ ਹੋ ਗਈ। ਮੈਂ ਹੋਰ ਘੰਟਾ ਉੱਥੇ ਰਿਹਾ ਅਤੇ ਜਾਂਦੇ ਸਮੇਂ ਉਸ ਨੂੰ ਪੁੱਛਿਆ ਕਿ ਉਹ ਕਿਵੇਂ ਹੈ। ਉਹ ਬਿਲਕੁਲ ਠੀਕ ਸੀ।

ਮੇਰੇ ਕੋਲ ਇਸ ਚੰਗਾਈ ਬਾਰੇ ਕੁਝ ਵਿਚਾਰ ਹਨ।ਮੈਂ ਸਪਸ਼ਟ ਤੋਰ ਤੇ ਨਹੀ ਕਹਿ ਸਕਦਾ ਪਰ ਮੋਤ ਦੀ ਆਤਮਾ, ਕਿਸੇ ਤਰੀਕੇ ਨਾਲ ਉਸਦੇ ਅੰਦਰ ਦਾਖਲ ਹੋ ਗਈ ਸੀ ਅਤੇ ਉਸਦੇ ਜੁੜਵਾਂ ਬੱਚਿਆ ਨੂੰ ਮਾਰ ਦਿੱਤਾ ਸੀ। ਯਾਦ ਰੱਖੋ ਕਿ ਸ਼ੈਤਾਨ ਸਿਰਫ਼ ਚੋਰੀ ਕਰਨ, ਮਾਰਨ ਅਤੇ ਨਸ਼ਟ ਕਰਨ ਲਈ ਆਉਂਦਾ ਹੈ (ਯੂਹੰਨਾ 10:10)। ਉਨ੍ਹਾਂ ਜੁੜਵਾਂ ਬੱਚਿਆਂ ਨੂੰ ਮਾਰਨ ਤੋਂ ਬਾਅਦ, ਦੁਸ਼ਟ ਆਤਮਾ ਨੇ ਔਰਤ ’ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਮੈਂ ਆਪਣੇ ਹੱਥ ਰੱਖੇ ਅਤੇ ਚੰਗਾਈ  ਦੀ ਸਮਰੱਥਾ ਨੂੰ ਵਹਿਣ ਦਿੱਤਾ, ਤਾਂ ਦੁਸ਼ਟ ਆਤਮਾ, ਪਵਿੱਤਰ ਆਤਮਾ ਦੀ ਸਮਰੱਥਾ ਦੇ ਕਾਰਨ ਡਰ ਗਈ ਅਤੇ ਔਰਤ ਦੇ ਅੰਦਰ ਲੁਕ ਗਈ। ਜਦੋਂ ਉਹ ਔਰਤ ਮੇਰੇ ਕੋਲੋਂ ਦੂਰ ਚਲੀ ਗਈ ਤਾਂ ਅੰਦਰ ਛੁਪੀ ਹੋਈ ਦੁਸ਼ਟ ਆਤਮਾ ਨੇ ਉਸ ਨੂੰ ਫਿਰ ਤੋਂ ਦੁਖੀ ਕਰਨਾ ਸ਼ੁਰੂ ਕਰ ਦਿੱਤਾ। ਕੁਝ ਲੋਕ ਚੰਗਾਈ ਸਭਾ ਵਿਚ ਆਉਂਦੇ ਹਨ ਅਤੇ ਠੀਕ ਹੋ ਜਾਂਦੇ ਹਨ। ਪਰ ਬਾਅਦ ਵਿੱਚ ਉਹ ਦੁਬਾਰਾ ਬਿਮਾਰ ਪੈ ਜਾਂਦੇ ਹਨ, ਕਿਉਂਕਿ ਦੁਸ਼ਟ ਆਤਮਾ ਜੋ ਬਿਮਾਰੀ ਦਾ ਸਰੋਤ ਹੈ ਬਾਹਰ ਨਹੀਂ ਕੱਢਿਆ ਗਿਆ ਹੈ। ਮੌਤ ਦੀ ਆਤਮਾ ਹਨੇਰੇ ਦੇ ਰਾਜ ਨੂੰ ਪ੍ਰਗਟ ਕਰ ਰਹੀ ਸੀ ਅਤੇ ਇਸ ਦੇ ਬਹੁਤ ਸਾਰੇ ਸਬੂਤ ਸਨ, ਜਿਵੇਂ ਕਿ ਕੁੱਖ ਵਿੱਚ ਮਰਨ ਵਾਲੇ ਜੁੜਵਾਂ ਬੱਚੇ, , ਪੇਟ ਦਾ ਦਰਦ ਅਤੇ ਨਿਰਾਸ਼ਾ ਅਤੇ ਉਦਾਸੀਨਤਾ। ਜਦੋਂ ਸਵਰਗ ਦਾ ਰਾਜ, ਹੁਕਮ ਦੁਆਰਾ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਦੁਆਰਾ ਪ੍ਰਗਟ ਕੀਤਾ ਗਿਆ ਸੀ, ਤਾਂ ਚੰਗਾਈ, ਮੁਕਤੀ ਅਤੇ ਅਨੰਦ ਮਿਲਿਆ।

ਮੁਕਤੀ ਅਤੇ ਚੰਗਾਈ ਦੇ ਇਸ ਕੰਮ ਵਿੱਚ ਮੇਰਾ ਯੋਗਦਾਨ ਬਹੁਤ ਛੋਟਾ ਸੀ। ਧਿਆਨ ਦਿਓ ਅਤੇ ਸਮਝੋ ਕਿ ਜਦੋਂ ਤੱਕ ਮੈਂ ਪਵਿੱਤਰ ਆਤਮਾ ਦੀ ਅਵਾਜ਼ ਸੁਣ ਕੇ ਆਗਿਆ ਨਹੀਂ ਦਿੱਤੀ ,ਓਦੋ ਤੱਕ ਪਵਿੱਤਰ ਆਤਮਾ ਨੇ ਕੋਈ ਕੰਮ ਨਹੀਂ ਕੀਤਾ। ਪਵਿੱਤਰ ਆਤਮਾ ਨੇ ਮੈਨੂੰ ਪ੍ਰਕਾਸ਼ਨ ਦਿੱਤਾ। ਮੈਂ ਸਿਰਫ਼ ਸਰਲ ਤਰੀਕੇ ਨਾਲ ਉਸ ਨੂੰ ਸੁਣਿਆ ਅਤੇ ਦਰਸ਼ਣ ਦੇ ਅਨੁਸਾਰ ਆਦੇਸ਼ ਦਿੱਤੇ, ਫਿਰ ਪਵਿੱਤਰ ਆਤਮਾ ਨੇ ਉਸ ਦੁਸ਼ਟ ਆਤਮਾ ਨੂੰ ਬਾਹਰ ਕੱਢਿਆ ਅਤੇ ਪਰਮੇਸ਼ੁਰ ਦੇ ਰਾਜ ਨੂੰ ਪ੍ਰਗਟ ਕੀਤਾ। ਇਸ ਤਰ੍ਹਾਂ ਅਸੀਂ ਪਵਿੱਤਰ ਆਤਮਾ ਨਾਲ ਸੰਗਤ ਕਰ ਸਕਦੇ ਹਾਂ।

**ਮਨੁੱਖੀ ਜ਼ਿੰਮੇਵਾਰੀ**

*ਰੋਮੀਆਂ 14:17 ਕਿਉਂਕਿ ਪਰਮੇਸ਼ੁਰ ਦਾ ਰਾਜ ਖਾਣਾ-ਪੀਣਾ ਨਹੀਂ, ਸਗੋਂ ਪਵਿੱਤਰ ਆਤਮਾ ਵਿੱਚ ਧਾਰਮਿਕਤਾ, ਸ਼ਾਂਤੀ ਅਤੇ ਅਨੰਦ ਹੈ।*

ਪਰਮੇਸ਼ੁਰ ਦਾ ਰਾਜ ਪੂਰੀ ਤਰ੍ਹਾਂ ਪਵਿੱਤਰ ਆਤਮਾ ਉੱਤੇ ਨਿਰਭਰ ਕਰਦਾ ਹੈ, ਅਤੇ ਕੇਵਲ ਉਸੇ ਦੁਆਰਾ ਹੀ ਪ੍ਰਗਟ ਕੀਤਾ ਜਾਦਾ ਹੈ। ਪਵਿੱਤਰ ਆਤਮਾ ਪਰਮੇਸ਼ੁਰ ਦੇ ਰਾਜ ਦੀ ਸ਼ਕਤੀ ਹੈ। ਸਮਰੱਥਾ ਅਤੇ ਅਧਿਕਾਰ ਵਿੱਚ ਬਹੁਤ ਅੰਤਰ ਹੈ। ਇਸ ਧਰਤੀ ਉੱਤੇ ਪਰਮੇਸ਼ੁਰ ਨੇ ਸਾਨੂੰ ਅਧਿਕਾਰ ਦਿੱਤਾ ਕਿ ਅਸੀਂ ਉਸਦੀ ਇੱਛਾ ਨੂੰ ਪੂਰਾ ਕਰੀਏ। ਪਰਮੇਸ਼ੁਰ ਸਾਡੀ ਸ਼ਮੂਲੀਅਤ ਤੋਂ ਬਿਨਾਂ ਧਰਤੀ ਉੱਤੇ ਆਪਣੀ ਇੱਛਾ ਪੂਰੀ ਨਹੀਂ ਕਰਦਾ। ਇਹ ਸਾਡੀ ਜ਼ਿੰਮੇਵਾਰੀ ਹੈ। ਹੇਠਾਂ ਦਿੱਤੀਆਂ ਆਇਤਾਂ ਪੜ੍ਹੋ।

*ਜ਼ਬੂਰ 115:16 ਸਵਰਗ ਯਹੋਵਾਹ ਦਾ ਹੈ। ਪਰ ਉਸ ਨੇ ਧਰਤੀ ਮਨੁੱਖਾਂ ਨੂੰ ਦਿੱਤੀ ਹੈ।*

*ਮੱਤੀ 16:19 ਮੈਂ  ਸਵਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ, ਅਤੇ ਜੋ ਕੁਝ ਤੁਸੀਂ ਧਰਤੀ ਉੱਤੇ ਬੰਨ੍ਹੋਗਾ ਉਹ ਸਵਰਗ ਵਿੱਚ ਬੰਨਿਆਂ ਜਾਵੇਗਾ, ਅਤੇ ਜੋ ਕੁਝ ਵੀ ਤੁਸੀਂ ਧਰਤੀ ’ਤੇ ਖੋਲ੍ਹੋਗੇ ਉਹ ਸਵਰਗ ਵਿੱਚ ਖੋਲ੍ਹਿਆ ਜਾਵੇਗਾ।*

*ਮੱਤੀ 6:10 ਤੇਰਾ ਰਾਜ ਆਵੇ। ਤੁਹਾਡੀ ਮਰਜ਼ੀ ਜਿਵੇਂ ਸਵਰਗ ਵਿੱਚ ਪੂਰੀ ਹੁਦੀਂ ਹੈ ਧਰਤੀ ਉੱਤੇ ਪੂਰੀ ਹੋਵੇ।*

ਧਰਤੀ ਮਨੁੱਖ ਨੂੰ ਰਾਜ ਕਰਨ ਲਈ ਦਿੱਤੀ ਗਈ ਸੀ। ਪਰਮੇਸ਼ੁਰ ਨੇ ਸਾਨੂੰ ਸਵਰਗ ਦੇ ਰਾਜ ਦੀਆਂ ਕੁੰਜੀਆਂ (ਅਧਿਕਾਰ ਦਾ ਚਿੰਨ੍ਹ) ਦਿੱਤੀਆਂ ਹਨ। ਇਹ ਅਧਿਕਾਰ ਸਾਡਾ ਹੈ। ਅਸੀਂ ਸਵਰਗ ਅਤੇ ਧਰਤੀ ਦੇ ਵਿਚਕਾਰ ਵਿਚੋਲੇ ਹਾਂ। ਅਸੀਂ ਉਹ ਮਾਧਿਅਮ ਹਾਂ ਜਿਸ ਨੂੰ ਪ੍ਰਮੇਸ਼ਵਰ ਨੇ ਚੁਣਿਆ ਹੈ। ਇਸ ਲਈ ਪਰਮੇਸ਼ੁਰ ਨੇ ਸਾਨੂੰ ਹੁਕਮ ਦਿੱਤਾ ਕਿ ਅਸੀਂ ਧਰਤੀ ਉੱਤੇ ਉਸਦੇ ਰਾਜ ਲਈ ਅਧਿਕਾਰ ਨਾਲ ਪ੍ਰਾਰਥਨਾ ਕਰੀਏ ਤਾਂ ਕਿ ਧਰਤੀ ਉੱਤੇ ਉਸ ਦਾ ਰਾਜ ਸਥਾਪਿਤ ਕੀਤਾ ਜਾਵੇ। ਇਸ ਲਈ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਸ ਦੇ ਰਾਜ ਨੂੰ ਧਰਤੀ ’ਤੇ ਪ੍ਰਗਟ ਕਰੀਏ ਅਤੇ ਉਸ ਦੀ ਇੱਛਾ ਨੂੰ ਪੂਰਾ ਕਰੀਏ।

ਪਰ ਸਮਰੱਥਾ ਤੋਂ ਬਿਨਾਂ ਅਧਿਕਾਰ ਸੀਮਤ ਹੈ। ਉਦਾਹਰਨ ਲਈ, ਮੰਨ ਲਓ ਕਿ ਇੱਕ ਪੁਲਿਸ ਮੁਲਾਜ਼ਮ ਹੈ ਜੋ ਦੂਰੋਂ ਦੇਖਦਾ ਹੈ ਕਿ ਇੱਕ ਚੋਰ ਇੱਕ ਔਰਤ ਦਾ ਪਰਸ ਖੋਹ ਰਿਹਾ ਹੈ। ਸਿਪਾਹੀ ਚੀਕਦਾ ਹੈ, ”ਰੁਕੋ! ਮੈਂ ਤੁਹਾਨੂੰ ਆਪਣੇ ਅਧਿਕਾਰ ਨਾਲ ਗਿਰਫਤਾਰ ਕਰਦਾ ਹਾਂ!” ਪਰ ਚੋਰ ਦੂਰੋਂ ਦੇਖਦਾ ਹੈ ਕਿ ਸਿਪਾਹੀ ਕੋਲ ਬੰਦੂਕ, ਸੋਟੀ ਜਾਂ ਕੋਈ ਹੋਰ ਹਥਿਆਰ ਨਹੀਂ ਹੈ। ਕਿਉਂਕਿ ਪੁਲਿਸ ਵਾਲੇ ਕੋਲ ਕੋਈ ਤਾਕਤ ਨਹੀਂ ਹੈ, ਚੋਰ ਨਿਡਰ ਹੋ ਕੇ ਭੱਜ ਸਕਦਾ ਹੈ, ਜਾਂ ਪੁਲਿਸ ਵਾਲੇ ਨਾਲ ਲੜ ਵੀ ਸਕਦਾ ਹੈ। ਪੁਲਿਸ ਨੂੰ ਦੇਸ਼ ਵਿੱਚ ਗਿਰਫਤਾਰੀ ਅਤੇ ਵਿਵਸਥਾ ਬਣਾਈ ਰੱਖਣ ਦਾ ਅਧਿਕਾਰ ਸਰਕਾਰ ਤੋਂ  ਹੈ। ਪਰ ਜੇਕਰ ਪੁਲਿਸ ਕੋਲ ਹਥਿਆਰ ਨਹੀਂ ਹਨ ਤਾਂ ਉਹ ਉਸ ਅਧਿਕਾਰ ਨੂੰ ਪੂਰਾ ਨਹੀਂ ਕਰ ਸਕਦੇ।

ਇੱਕ ਹੋਰ ਉਦਾਹਰਣ, ਮੰਨ ਲਓ ਕਿ ਇੱਕ ਕੰਪਨੀ ਨੇ ਜ਼ਮੀਨ ਖਰੀਦੀ ਅਤੇ ਮਜ਼ਦੂਰਾ ਨੂੰ ਕੰਮ ਤੇ ਰੱਖਿਆ। ਇਮਾਰਤ ਨੂੰ ਦਸਵੀਂ ਮੰਜ਼ਲ ਤੱਕ ਉੱਚਾ ਚੁੱਕਣਾ ਮਜ਼ਦੂਰਾਂ ਦੀ ਜ਼ਿੰਮੇਵਾਰੀ ਹੈ। ਕੰਪਨੀ ਕੋਲ ਸਰਕਾਰ ਤੋਂ ਸਾਰੀ ਮਨਜ਼ੂਰੀ ਹੈ। ਪਰ ਮਜ਼ਦੂਰਾਂ ਕੋਲ ਕੋਈ ਮਸ਼ੀਨ ਜਾਂ ਕੋਈ ਹੋਰ ਉਪਕਰਨ ਨਹੀਂ ਹੈ।

ਤੁਸੀਂ ਸਮਝ ਸਕਦੇ ਹੋ ਕਿ ਸਮਰੱਥਾ ਤੋਂ ਬਿਨਾਂ ਅਧਿਕਾਰ ਬੇਅਸਰ ਅਤੇ ਫਲ ਰਹਿਤ ਹੈ। ਇਸੇ ਤਰ੍ਹਾਂ, ਪਰਮੇਸ਼ੁਰ ਦੇ ਲੋਕ ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਤਾਂ ਕਰ ਰਹੇ ਹਨ, ਪਰ ਸਮਰੱਥਾ ਤੋਂ ਬਿਨਾਂ ਅਸੀਂ ਸਵਰਗ ਨੂੰ ਧਰਤੀ ਉੱਤੇ ਨਹੀਂ ਦਿੱਖਾ  ਸਕਦੇ।

ਕੇਵਲ ਉਹਨਾਂ ਨੂੰ ਹੀ ਪ੍ਰਮੇਸ਼ਰ ਦਾ ਅਧਿਕਾਰ ਪ੍ਰਾਪਤ ਹੈ ਜਿਨ੍ਹਾਂ ਨੂੰ ਪ੍ਰਮੇਸ਼ਰ ਭੇਜਦਾ ਹੈ। ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਇਸ ਧਰਤੀ ਉੱਤੇ ਸ਼ੈਤਾਨ ਦੇ ਹਰ ਕੰਮ ਅਤੇ ਸ਼ਕਤੀ ਉੱਤੇ ਰਾਜ ਕਰਨ ਲਈ ਭੇਜਿਆ। ਪਰਮੇਸ਼ੁਰ ਦਾ ਰਾਜ ਉਦੋਂ ਤੱਕ ਪ੍ਰਗਟ ਨਹੀਂ ਹੋਇਆ ਜਦੋਂ ਤੱਕ ਪਵਿੱਤਰ ਆਤਮਾ ਯਿਸੂ ਉੱਤੇ ਨਹੀਂ ਆਇਆ (ਲੂਕਾ 3:21-22, 4:14)। ਯਿਸੂ ਨੇ ਬਿਨਾਂ ਸਮਰੱਥਾ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਯਿਸੂ ਨੇ ਸਾਨੂੰ ਵੀ ਉਹੀ ਕੰਮ ਕਰਨ ਲਈ ਭੇਜਿਆ (ਮੱਤੀ 28:18-19, ਮਰਕੁਸ 16:15-18, ਯੂਹੰਨਾ 20:21), ਅਤੇ ਇਸ ਭੇਜਣ ਵਿੱਚ ਉਸਨੇ ਸਾਨੂੰ ਆਪਣਾ ਅਧਿਕਾਰ ਦਿੱਤਾ। ਪਰ ਯਿਸੂ ਨੇ ਸਾਨੂੰ ਚੇਤਾਵਨੀ ਦਿੱਤੀ ਹੈ ਕਿ ਜਦ ਤੱਕ ਸਾਨੂੰ ਪਵਿੱਤਰ ਆਤਮਾ ਦੀ ਸਮਰੱਥਾ ਨਾਂ ਮਿਲੇ ਓਦੋਂ ਤੱਕ ਅਸੀ ਉਸ ਅਧਿਕਾਰ ਦੀ ਵਰਤੋਂ ਨਾ ਕਰਿਏ।

*ਲੂਕਾ 24:46-49 ਅਤੇ ਉਹਨਾਂ ਨੂੰ ਆਖਿਆ ਕਿ ਇਹ ਲਿਖਿਆ ਹੋਇਆ ਹੈ ਜੋਂ ਮਸੀਹ ਦੁੱਖ ਝੱਲੇਗਾ ਅਤੇ ਤੀਜੇ ਦਿਨ ਮੁਰਦਿਆਂ ਵਿੱਚੋਂ ਫਿਰ ਜੀ ਉੱਠੇਗਾ ਅਤੇ ਯਰੂਸ਼ਲਮ ਤੋਂ ਲੈ ਕੇ ਸਾਰੀਆ ਕੌਮਾਂ ਵਿੱਚ ਉਸ ਦੇ ਨਾਮ ਉੱਤੇ ਤੋਬਾ ਅਤੇ ਪਾਪਾਂ ਦੀ ਮਾਫ਼ੀ ਦਾ ਪਰਚਾਰ ਕੀਤਾ ਜਾਵੇਗਾ। ਤੁਸੀਂ ਇਨ੍ਹਾਂ ਸਾਰੀਆਂ ਗੱਲਾਂ ਦੇ ਗਵਾਹ ਹੋ। ਅਤੇ ਵੇਖੋ, ਮੈਂ ਤੁਹਾਡੇ ਉੱਤੇ ਆਪਣੇ ਪਿਤਾ ਦਾ ਵਾਅਦਾ ਭੇਜਦਾ ਹਾਂ। ਅਤੇ ਜਦੋਂ ਤੱਕ ਤੁਸੀਂ ਸਵਰਗੀ ਸਮਰੱਥਾ ਨਾ ਪਾਓ ਯਰੂਸ਼ਲਮ ਸ਼ਹਿਰ ਵਿੱਚ ਠਹਿਰੇ ਰਹੋ।”*

*ਰਸੂਲਾਂ ਦੇ ਕਰਤੱਬ 1:8 ਪਰ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤੁਸੀ ਸ਼ਕਤੀ ਪਾਓਗੇ  ਅਤੇ ਤੁਸੀਂ ਯਰੂਸ਼ਲਮ ਵਿੱਚ ਅਤੇ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਅਤੇ ਧਰਤੀ ਦੀਆਂ ਹੱਦਾਂ ਤੱਕ ਮੇਰੇ ਗਵਾਹ ਹੋਵੋਗੇ।*

ਪਵਿੱਤਰ ਆਤਮਾ ਸਾਡੇ ਅਧਿਕਾਰ ਤੋਂ ਬਿਨਾਂ ਕੰਮ ਨਹੀਂ ਕਰੇਗਾ।ਪਰ ਇਹ ਇਸ ਮਾਮਲੇ ਵਿਚ ਬਹੁਤੇ ਵਿਸ਼ਵਾਸੀਆਂ ਦੀ ਸੋਚ ਠੀਕ ਨਹੀਂ ਹੈ। ਉਹ ਕਹਿੰਦੇ ਹਨ, ''ਜੇ ਪ੍ਰਮੇਸ਼ਵਰ ਕੁਝ ਕਰਨਾ ਚਾਹੁੰਦਾ ਹੈ, ਤਾਂ ਉਹ ਖੁਦ ਕਰੇਗਾ! ਉਸਨੂੰ ਮੇਰੀ ਮਦਦ ਦੀ ਲੋੜ ਨਹੀਂ ਹੈ!'' ਇਹ ਸੱਚ ਹੈ ਕਿ ਪ੍ਰਮੇਸ਼ਵਰ ਨੂੰ ਮੇਰੀ ਮਦਦ ਦੀ ਲੋੜ ਨਹੀਂ ਹੈ। ਪਰ ਉਹ ਸਾਡੀ ਸ਼ਮੂਲੀਅਤ ਇਸ ਹੱਦ ਤੱਕ ਚਾਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਸੀਮਤ ਕਰ ਲੈਂਦਾ ਹੈ ਤਾਂਕਿ ਸਾਡੇ ਪਿਆਰ ਅਤੇ ਭਾਗੀਦਾਰੀ ਤੋਂ ਬਿਨਾਂ ਧਰਤੀ 'ਤੇ ਉਸਦੀ ਇੱਛਾ ਪੂਰੀ ਨਾ ਹੋ ਸਕੇ।

ਇਸ ਮੌਕੇ 'ਤੇ ਮੈਂ ਕੁਝ ਝੂਠੀਆਂ ਸਿੱਖਿਆਵਾਂ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਜੋ ਮਸੀਹੀ ਲੋਕਾਂ ਵਿੱਚ ਪ੍ਰਚਲਿਤ ਹਨ। ਕੁਝ ਵਿਸ਼ਵਾਸੀ ਪ੍ਰਮੇਸ਼ਵਰ ਦੀ ਪ੍ਰਭੁਸੱਤਾ ਬਾਰੇ ਗਲਤ ਵਿਸ਼ਵਾਸ ਰੱਖਦੇ ਹਨ, ਜਿਵੇਂ ਕਿ ਜੋ ਕੁਝ ਵੀ ਪਰਮੇਸ਼ੁਰ ਦੀ ਇੱਛਾ ਹੈ ਉਹ ਹਮੇਸ਼ਾ ਪੂਰਾ ਹੋਵੇਗਾ, ਭਾਵੇਂ ਅਸੀਂ ਵਿਸ਼ਵਾਸ ਦੇ ਕੰਮ ਕਰੀਏ  ਜਾਂ ਨਹੀਂ। ਇਸ ਗਲਤ ਸਿੱਖਿਆ ਦਾ ਸਬੂਤ ਹਰ ਪਾਸੇ ਦਿਖਾਈ ਦੇ ਰਿਹਾ ਹੈ।

ਉਦਾਹਰਨ ਲਈ, ਇੱਕ ਆਦਮੀ ਸੀ ਜਿਸਨੂੰ ਮੇਰੇ ਰਿਸ਼ਤੇਦਾਰ ਜਾਣਦੇ ਸਨ। ਉਸ ਆਦਮੀ ਨੂੰ ਕੈਂਸਰ ਸੀ। ਕਿਉਂਕਿ ਉਹ ਇੱਕ ਵਿਸ਼ਵਾਸੀ ਸੀ, ਇਸ ਲਈ ਉਸਨੂੰ ਵਿਸ਼ਵਾਸ ਸੀ ਕਿ ਪਰਮੇਸ਼ੁਰ ਉਸਨੂੰ ਚੰਗਾ ਕਰੇਗਾ। ਉਸਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਫੋਨ ਕਰਕੇ ਕਿਹਾ, ''ਚਿੰਤਾ ਨਾ ਕਰੋ! ਪ੍ਰਮੇਸ਼ਵਰ ਤੁਹਾਨੂੰ ਚੰਗਾ ਕਰੇਗਾ!'' ਉਨ੍ਹਾਂ ਨੇ ਉਸਦੇ ਲਈ ਪ੍ਰਾਰਥਨਾ ਵੀ ਕੀਤੀ। ਆਖ਼ਰ ਕੈਂਸਰ ਨਾਲ ਉਸ ਦੀ ਮੌਤ ਹੋ ਗਈ। ਫਿਰ ਉਸਦੇ ਸਾਰੇ ਰਿਸ਼ਤੇਦਾਰ ਅਤੇ ਦੋਸਤ ਜੋ ਵਿਸ਼ਵਾਸੀ ਹਨ, ਨੇ ਕਿਹਾ, ''ਯਾਰ, ਅਸੀਂ ਤਾਂ ਵਿਸ਼ਵਾਸ ਕੀਤਾ, ਪਰ ਪ੍ਰਮੇਸ਼ਵਰ ਦੀ ਇੱਛਾ ਨਹੀਂ ਸੀ, ਇਸ ਲਈ ਉਹ ਮਰ ਗਿਆ'' ਜਾਂ ''ਅਸੀਂ ਹੋਰ ਕੀ ਕਰ ਸਕਦੇ ਹਾਂ? ਜੀਵਨ ਅਤੇ ਮੌਤ ਪਰਮੇਸ਼ੁਰ ਦੇ ਹੱਥ ਵਿੱਚ ਹੈ'' ਜਾਂ ''ਪਰਮੇਸ਼ੁਰ ਦੀ ਮਰਜ਼ੀ ਬਹੁਤ ਰਹੱਸਮਈ ਹੈ।''

ਮੈਂ ਇੱਕ ਹੋਰ ਨੌਜਵਾਨ ਵਿਸ਼ਵਾਸੀ ਦੇ ਅੰਤਿਮ ਸੰਸਕਾਰ ਵਿੱਚ ਗਿਆ ਜੋ ਰੇਬੀਜ਼ ਦੇ ਰੋਗ ਨਾਲ ਮਰ ਗਿਆ ਸੀ। ਇਹ ਬਹੁਤ ਦੁਖ ਦੀ ਗੱਲ ਸੀ ਕਿ ਉਸਨੇ ਬਹੁਤ ਦੁੱਖ ਝੱਲੇ। ਅੰਤਿਮ ਸੰਸਕਾਰ ਵੇਲੇ ਪਾਦਰੀ ਨੇ ਇਹ ਕਹਿ ਕੇ ਪਰਿਵਾਰ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ, ''ਜਿੰਦਗੀ ਅਤੇ ਮੌਤ ਦੋਨੋ ਪ੍ਰਮੇਸ਼ਵਰ ਦੇ ਹੱਥ ਵਿੱਚ ਹੈ। ਅਸੀਂ ਕਦੇ ਵੀ ਉਸਦੀ ਰਹੱਸਮਈ ਇੱਛਾ ਨੂੰ ਨਹੀਂ ਸਮਝ ਸਕਦੇ। ਪ੍ਰਮੇਸ਼ਵਰ ਨੇ ਇਸ ਨੌਜਵਾਨ ਨੂੰ ਇੰਨ੍ਹਾਂ ਪਿਆਰ ਕੀਤਾ ਕਿ ਉਸਨੇ ਉਸਨੂੰ ਛੋਟੀ ਉਮਰੇ ਹੀ ਚੁੱਕ ਲਿਆ।'' ਇਹ ਸਾਰੇ ਸ਼ੈਤਾਨੀ ਝੂਠ ਹਨ ਜੋ ਸ਼ਕਤੀਹੀਣ ਪਾਦਰੀ ਅਤੇ ਆਗੂ ਲੋਕ ਬਹਾਨੇ ਵਜੋਂ ਬੋਲਦੇ ਹਨ।

ਮੈਂ ਤੁਹਾਨੂੰ ਕੁਝ ਦੱਸਾਂਗਾ ਜਿਸ ਨੇ ਮੈਨੂੰ ਆਜ਼ਾਦ ਕੀਤਾ। ਮੇਰਾ ਵਿਸ਼ਵਾਸ, ਉਮੀਦ, ਅਤੇ ਭਰੋਸਾ ਪੁਰਾਣੇ ਨੇਮ ਦੇ ਅਜੀਬ ਵਚਨਾਂ, ਧਾਰਨਾਵਾਂ ਅਤੇ ਪਰੰਪਰਾਵਾਂ  'ਤੇ ਅਧਾਰਤ ਨਹੀਂ ਹੰਦਾ। ਮੇਰਾ ਵਿਸ਼ਵਾਸ ਯਿਸੂ ਦੇ ਜੀਵਨ 'ਤੇ ਹੀ ਅਧਾਰਤ ਹੈ। ਉਸਨੇ ਸਿਰਫ਼ ਉਹੀ ਕੰਮ ਕੀਤੇ ਜਿਸਤੋਂ ਪਿਤਾ ਪ੍ਰਸੰਨ ਹੁੰਦੇ ਸਨ (ਯੂਹੰਨਾ 5:19-20, 6:38, 14:8-11)। ਹਰ ਕੰਮ ਜੋ ਯਿਸੂ ਨੇ ਕੀਤਾ, ਹਰ ਸ਼ਬਦ ਜੋ ਉਸਨੇ ਬੋਲਿਆ, ਹਰ ਚਮਤਕਾਰ ਜੋ ਉਸਨੇ ਕੀਤਾ, ਸਭ ਕੰਮ ਪਿਤਾ ਦੀ ਸੰਪੂਰਨ ਇੱਛਾ ਦੇ ਅਨੁਸਾਰ ਸਨ। ਯਿਸੂ ਨੇ ਪਰਮੇਸ਼ੁਰ ਪਿਤਾ ਦੀ ਪੂਰਨ ਰੂਪ ਵਿੱਚ ਅਗਵਾਈ ਕੀਤੀ (ਇਬਰਾਨੀਆਂ 1:1-3)। ਕੀ ਯਿਸੂ ਨੇ ਕਿਸੇ ਨੂੰ ਬਿਮਾਰ ਕੀਤਾ ਸੀ? ਕੀ ਯਿਸੂ ਨੇ ਕਦੇ ਕਿਸੇ ਬਿਮਾਰ ਵਿਅਕਤੀ ਨੂੰ ਕਿਹਾ ਸੀ, ''ਤੁਹਾਨੂੰ ਚੰਗਾ ਕਰਨਾ ਮੇਰੀ ਇੱਛਾ ਨਹੀਂ ਹੈ?'' ਜਾਂ ''ਇਹ ਰੋਗ ਤੁਹਾਨੂੰ ਪਵਿੱਤਰ ਅਤੇ ਧਰਮੀ ਬਣਾਉਣ ਲਈ ਲਾਭਦਾਇਕ ਹੈ?'' ਜਾਂ ''ਪਹਿਲਾਂ ਵਰਤ ਨਾਲ ਪੂਰੀ ਤਰ੍ਹਾਂ ਤੋਬਾ ਕਰੋ, ਅਤੇ ਮੈਂ ਤੁਹਾਨੂੰ ਉਦੋਂ ਚੰਗਾ ਕਰ ਦਿਆਂਗਾ ਜਦੋਂ ਤੁਹਾਡਾ ਜੀਵਨ ਪਵਿੱਤਰ ਹੋਵੇਗਾ?'' ਨਹੀਂ! ਯਿਸੂ ਨੇ ਹਰ ਬਿਮਾਰ ਵਿਅਕਤੀ ਨੂੰ ਚੰਗਾ ਕੀਤਾ ਜੋ ਉਸ ਕੋਲ ਆਉਂਦਾ ਸੀ। ਯਿਸੂ ਨੇ ਹਰੇਕ ਭੂਤ-ਗ੍ਰਸਤ ਵਿਅਕਤੀ ਨੂੰ ਮੁਕਤ ਕੀਤਾ ਜੋ ਉਸ ਕੋਲ ਆਇਆ ਸੀ, ਅਤੇ ਉਸਨੇ ਹਰ ਟੁੱਟੇ ਹੋਏ ਦਿਲ ਨੂੰ ਸ਼ਾਂਤੀ ਦਿੱਤੀ ਸੀ।

ਮੇਰਾ ਵਿਸ਼ਵਾਸ ਇਸ ਗੱਲ 'ਤੇ ਅਧਾਰਤ ਨਹੀਂ ਹੈ ਕਿ ਕੀ ਹੁੰਦਾ ਹੈ ਜਾਂ ਕੀ ਨਹੀਂ ਹੁੰਦਾ। ਮੈਂ ਹਾਲਾਤਾਂ ਨੂੰ, ਆਪਣੇ ਵਿਸ਼ਵਾਸ ਉੱਪਰ ਪ੍ਰਭਾਵ ਨਹੀਂ ਪਾਉਣ ਦਿੰਦਾ। ਮੇਰਾ ਵਿਸ਼ਵਾਸ ਯਿਸੂ ਦੇ ਜੀਵਨ 'ਤੇ ਹੀ ਨਿਰਭਰ ਕਰਦਾ ਹੈ, ਇਸ ਲਈ ਮੈਂ ਵੱਡੇ ਚਮਤਕਾਰ ਵੇਖਦਾ ਹਾਂ ਜਿਵੇਂ ਬੋਲ਼ੇ ਸੁਣਦੇ ਹਨ, ਅੰਨ੍ਹੇ ਦੇਖਦੇ ਹਨ, ਟਿਊਮਰ ਗਾਇਬ ਹੁੰਦੇ ਹਨ ਅਤੇ ਲੰਗੜੇ ਤੁਰਦੇ ਹਨ। ਯਿਸੂ ਨੇ ਕਿਹਾ, ''ਜੋ ਕੋਈ ਮੇਰੇ ਵਿੱਚ ਵਿਸ਼ਵਾਸ ਕਰਦਾ ਹੈ ਉਹ ਉਹੀ ਕੰਮ (ਚਮਤਕਾਰ) ਕਰੇਗਾ ਜੋ ਮੈਂ ਕਰਦਾ ਹਾਂ।'' ਸਾਡੀ ਨਿਹਚਾ ਕੇਵਲ ਯਿਸੂ ਵਿੱਚ ਹੋਣੀ ਚਾਹੀਦੀ ਹੈ, ਅਤੇ ਕੇਵਲ ਤਦ ਹੀ ਅਸੀਂ ਆਸ ਰੱਖ ਸਕਦੇ ਹਾਂ ਕਿ ਪਵਿੱਤਰ ਆਤਮਾ ਸਾਡੇ ਦੁਆਰਾ ਪਰਮੇਸ਼ੁਰ ਦੇ ਰਾਜ ਨੂੰ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕਰੇਗਾ। ਜੇ ਸਾਡੇ ਹਾਲਾਤਾਂ ਵਿੱਚ ਪ੍ਰਮਾਤਮਾ ਦੀ ਇੱਛਾ ਪੂਰੀ ਨਹੀਂ ਹੋ ਰਹੀ ਹੈ, ਤਾਂ ਇਸਦੇ ਤਿੰਨ ਮੁੱਖ ਕਾਰਨ ਹੋ ਸਕਦੇ ਹਨ: (1) ਅਸੀਂ ਆਪਣੇ ਅਧਿਕਾਰ ਦੇ ਪ੍ਰਕਾਸ਼ਨ ਵਿੱਚ ਨਹੀਂ ਚੱਲ ਰਹੇ ਹਾਂ, (2) ਸਾਨੂੰ ਉਸ ਸਥਿਤੀ ਲਈ ਪਵਿੱਤਰ ਆਤਮਾ ਤੋਂ ਮਾਰਗਦਰਸ਼ਨ ਜਾਂ ਪ੍ਰਕਾਸ਼ ਪ੍ਰਾਪਤ ਨਹੀਂ ਹੋ ਰਿਹਾ ਹੈ। (3) ਜਾਂ ਅਸੀਂ ਉਸ ਦੀ ਸਮਰੱਥਾ ਨੂੰ ਲਾਗੂ ਕਰਨ ਦੇ ਯੋਗ ਨਹੀਂ ਹਾਂ।

ਸਾਨੂੰ ਪਵਿੱਤਰ ਆਤਮਾ ਨਾਲ ਸਾਡੀ ਭਾਈਵਾਲੀ ਨੂੰ ਸਮਝਣ ਦੀ ਲੋੜ ਹੈ। ਇਹਨਾਂ ਵਚਨਾ ਨੂੰ ਪੜ੍ਹੋ।

*ਯੂਹੰਨਾ 15:26-27 ਮੈਂ ਤੁਹਾਨੂੰ ਪਿਤਾ ਵੱਲੋ ਸਹਾਇਤਾ ਭੇਜਾਂਗਾ।ਉਹ ਸਹਾਇਕ ਸੱਚ ਦਾ ਆਤਮਾ ਹੈ ਜੋ ਪਿਤਾ ਕੋਲੋਂ ਆਉਂਦਾ ਹੈ।ਜਦੋਂ ਉਹ ਆਵੇਗਾਂ ਤਾਂ ਉਹ ਮੇਰੇ ਹੱਕ ਵਿੱਚ ਗਵਾਹੀ ਦੇਵੇਗ। ਤੁਸੀਂ ਵੀ ਮੇਰੇ ਗਵਾਹ ਹੋਵੋਗੇ ਕਿਉਂਕਿ ਤੁਸੀਂ ਮੁੱਢ ਤੋਂ ਮੇਰੇ ਨਾਲ ਰਹੇ ਹੋ।*

*ਰਸੂਲਾਂ ਦੇ ਕਰਤੱਬ 1:8 ਪਰ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀ ਸ਼ਕਤੀ ਪਾਓਗੇ ਅਤੇ ਤੁਸੀਂ ਯਰੂਸ਼ਲਮ ਵਿੱਚ ਅਤੇ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਅਤੇ ਧਰਤੀ ਦੀਆਂ ਹੱਦਾਂ ਤੱਕ ਮੇਰੇ ਗਵਾਹ ਹੋਵੋਗੇ।*

*ਰਸੂਲਾਂ ਦੇ ਕਰਤੱਬ 5:31-32 ਉਸੇ ਨੂੰ ਪਰਮੇਸ਼ੁਰ ਨੇ ਆਪਣੇ ਸੱਜੇ ਹੱਥ ਨਾਲ ਅੱਤ ਉੱਚਾ ਕਰ ਕੇ ਪ੍ਰਭੂ ਅਤੇ ਮੁਕਤੀਦਾਤਾ ਠਹਿਰਾਇਆ ਤਾਂ ਜੋ ਉਹ ਇਸਰਾਏਲੀਆਂ ਨੂੰ ਤੋਬਾ ਅਤੇ ਪਾਪਾਂ ਦੀ ਮਾਫ਼ੀ ਬਖ਼ਸ਼ੇ। ਅਸੀਂ ਇਨ੍ਹਾਂ ਗੱਲਾਂ ਦੇ ਗਵਾਹ ਹਾਂ, ਅਤੇ ਇਸੇ ਤਰ੍ਹਾਂ ਪਵਿੱਤਰ ਆਤਮਾ ਵੀ ਹੈ, ਜਿਸ ਨੂੰ ਪਰਮੇਸ਼ੁਰ ਨੇ ਆਪਣੇ ਮੰਨਣ ਵਾਲਿਆ ਨੂੰ ਬਖ਼ਸ਼ਿਆ ਹੈ।*

ਸਾਨੂੰ ਇੱਕ ਬਹੁਤ ਜ਼ਰੂਰੀ ਗੱਲ ਸਮਝ ਲੈਣੀ ਪਵੇਗੀ, ਕਿ ਇਸ ਧਰਤੀ ਉੱਤੇ ਸਿਰਫ਼ ਦੋ ਤਰ੍ਹਾਂ ਦੇ ਗਵਾਹ ਹਨ ਪਵਿੱਤਰ ਆਤਮਾ ਅਤੇ ਅਸ਼ੀ ਵਿਸ਼ਵਾਸੀ। ਸਾਨੂੰ ਯਿਸੂ ਦੇ ਜੀਵਨ, ਮੌਤ ਅਤੇ ਪੁਨਰ-ਉਥਾਨ ਦੀ ਗਵਾਹੀ ਦੇਣ ਲਈ ਨਿਯੁਕਤ ਕੀਤਾ ਗਿਆ ਹੈ। ਯਿਸੂ ਅਤੇ ਪਿਤਾ ਦੋਵੇਂ ਸਵਰਗ ਵਿੱਚ ਬੈਠੇ ਹਨ। ਉਹ ਕਿਉਂ ਬੈਠੇ ਹਨ? ਕਿਉਂਕਿ ਉਹਨਾਂ ਦਾ ਕੰਮ ਪੂਰਾ ਹੋ ਗਿਆ ਹੈ ਅਤੇ ਉਹ ਸਾਡੀ ਉਡੀਕ ਕਰ ਰਹੇ ਹਨ। ਪਰ ਪਵਿੱਤਰ ਆਤਮਾ ਧਰਤੀ ਉੱਤੇ ਵਹਾਇਆ ਗਿਆ ਸੀ (ਰਸੂਲਾਂ ਦੇ ਕਰਤੱਬ 2:33)। ਅਸੀਂ ਯਿਸੂ ਦੇ ਵਾਪਸ ਆਉਣ ਦੀ ਉਡੀਕ ਕਰ ਰਹੇ ਹਾਂ (ਫ਼ਲਿੱਪੀਆਂ 3:20), ਪਰ ਪਵਿੱਤਰ ਆਤਮਾ ਹੁਣ ਇੱਥੇ ਹੈ। ਪਵਿੱਤਰ ਆਤਮਾ ਸਾਡੀ ਉਡੀਕ ਕਰ ਰਿਹਾ ਹੈ ਕਿ ਅਸੀ ਉਸਦੇ ਨਾਲ ਯਿਸੂ ਦੀ ਗਵਾਹੀ ਦੇਈਏ।

ਇਹ ਭਾਈਵਾਲੀ ਕਿਵੇਂ ਕੰਮ ਕਰਦੀ ਹੈ? ਭਾਈਵਾਲੀ ਚੰਗੀ ਤਰ੍ਹਾਂ ਓਦੋ ਹੀ ਕੰਮ ਕਰਦੀ ਹੈ ਜਦੋਂ ਅਸੀਂ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ। ਚਮਤਕਾਰ ਉਦੋਂ ਵਾਪਰਦੇ ਹਨ ਜਦੋਂ ਅਸੀਂ ਕਿਸੇ ਵੀ ਸਥਿਤੀ ਵਿੱਚ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਚੱਲ ਕੇ ਉਸ ਦੀ ਪਾਲਣਾ ਕਰਦੇ ਹਾਂ। ਅਤੇ ਅਸੀਂ ਉਸਦੇ ਮਾਰਗਦਰਸ਼ਨ ਦੇ ਅਨੁਸਾਰ ਅਧਿਕਾਰ ਨਾਲ ਚੱਲਦੇ ਹਾਂ। ਫਿਰ ਪਵਿੱਤਰ ਆਤਮਾ, ਜਿਸਦਾ ਹੁਕਮ ਅਸੀਂ ਮੰਨਿਆ ਹੈ, ਪਰਮੇਸ਼ੁਰ ਦੇ ਰਾਜ ਨੂੰ ਪ੍ਰਗਟ ਕਰਦਾ ਹੈ। ਜੇਕਰ ਚਮਤਕਾਰ ਅਤੇ ਆਤਮਿਕ ਵਰਦਾਨ ਸਾਡੇ ਵਿਚਕਾਰ ਨਾ ਹੁੰਦੇ, ਫਿਰ ਸਾਨੂੰ ਇਹ ਸਵਾਲ

ਕਰਨਾ ਚਾਹੀਦਾ ਹੈ ਕਿ ਕੀ ਪਵਿੱਤਰ ਆਤਮਾ ਮੋਜੂਦ ਹੈ, ਜਾਂ ਨਹੀਂ ਹੈ।ਜਾ ਕੀ ਅਸੀਂ ਉਸਦੀ ਆਵਾਜ਼ ਸੁਣ ਵੀ ਸਕਦੇ ਹਾਂ ਜਾਂ ਨਹੀਂ।

ਹੇਠਾਂ ਵਿਵਹਾਰਕ ਉਦਾਹਰਣਾਂ ਹਨ ਕਿ ਅਸੀਂ ਪਵਿੱਤਰ ਆਤਮਾ ਦੇ ਨਾਲ ਸਾਂਝੇਦਾਰੀ ਵਿੱਚ ਕਿਵੇਂ ਚੱਲ ਸਕਦੇ ਹਾਂ।

*ਮਰਕੁਸ 16:15 ਅਤੇ ਉਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਸਾਰੇ ਸੰਸਾਰ ਵਿੱਚ ਜਾਓ ਅਤੇ ਸਾਰੀ ਸ੍ਰਿਸ਼ਟੀ ਦੇ ਸਾਹਮਣੇ ਖੁਸ਼ਖਬਰੀ ਦਾ ਪਰਚਾਰ ਕਰੋ।*

*ਯੂਹੰਨਾ 16:8-11 ਜਦੋਂ ਸਹਾਇਕ ਆਵੇਗਾ, ਉਹ ਇਸ ਸੰਸਾਰ ਦੇ ਲੋਕਾਂ ਨੂੰ ਪਾਪ, ਧਾਰਮਿਕਤਾ ਅਤੇ ਨਿਆਂ ਦੇ ਬਾਰੇ ਯਕੀਨ ਦਿਵਾਏਗਾ।ਉਹ ਉਹਨਾਂ ਨੂੰ ਸਾਬਿਤ ਕਰੇਗਾ ਕਿ ਉਹ ਧਾਰਮਿਕਤਾ ਬਾਰੇ ਗਲਤ ਹਨ ਕਿਉਂਕਿ ਮੈਂ ਵਾਪਸ ਆਪਣੇ ਪਿਤਾ ਕੋਲ ਜਾ ਰਿਹਾ ਹਾਂ ਅਤੇ ਤੁਸੀਂ ਫਿਰ ਮੈਨੂੰ ਹੋਰ ਨਹੀਂ ਵੇਖੋਂਗੇ।ਸਹਾਇਕ ਇਸ ਸੰਸਾਰ ਦੇ ਲੋਕਾ ਨੂੰ ਸਾਬਿਤ ਕਰੇਗਾ ਕਿ ਉਹ ਨਿਆਂ ਦੇ ਬਾਰੇ ਗਲਤ ਹਨ, ਕਿਉਂਕਿ ਇਸ ਸੰਸਾਰ ਦੇ ਹਾਕਮ ਦਾ ਨਿਆਂ ਪਹਿਲਾਂ ਹੀ ਹੋ ਚੁੱਕਾ ਹੈ।*

ਸਾਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਦਾ ਕੰਮ ਦਿੱਤਾ ਗਿਆ ਹੈ, ਪਰ ਸਿਰਫ਼ ਸਾਡੇ ਸ਼ਬਦ ਹੀ ਕਿਸੇ ਵਿਅਕਤੀ ਨੂੰ ਨਹੀਂ ਬਦਲ ਸਕਦੇ। ਜਦੋਂ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਜਾਂਦਾ ਹੈ, ਜੇ ਪਵਿੱਤਰ ਆਤਮਾ ਮੋਜੂਦ ਹੈ, ਤਾਂ ਪਾਪੀ ਮਨੁੱਖ ਰੋਣਗੇ, ਹਿਲਣਗੇ, ਦਰਸ਼ਣ ਦੇਖਣਗੇ, ਹੇਠਾਂ ਡਿੱਗਣਗੇ, ਚੰਗਾ ਹੋ ਜਾਣਗੇ, ਅਤੇ ਸ਼ੈਤਾਨੀ ਸ਼ਕਤੀ ਤੋਂ ਮੁਕਤ ਹੋ ਜਾਣਗੇ। ਪਵਿੱਤਰ ਆਤਮਾ ਦੀ ਮੌਜੂਦਗੀ ਵਿੱਚ ਅਜਿਹੇ ਪ੍ਰਗਟਾਵੇ ਆਮ ਜਿਹੀ ਗੱਲ ਹਨ। ਖੁਸ਼ਖਬਰੀ ਦਾ ਪ੍ਰਚਾਰ ਹੋਣ ਦੇ ਸਮੇਂ ਪਵਿੱਤਰ ਆਤਮਾ ਦੀ ਮੌਜੂਦਗੀ ਜਿੰਨੀ ਜਿਆਦਾ ਪ੍ਰਗਟ ਹੁੰਦੀ ਹੈ, ਓਨੇ ਹੀ ਜਿਆਦਾ ਆਤਮਿਕ ਅਨੁਭਵ ਅਤੇ ਖੁਲਾਸੇ ਹੁੰਦੇ ਹਨ। ਪਵਿੱਤਰ ਆਤਮਾ ਤੋਂ ਬਿਨਾਂ ਸਾਡਾ ਖੁਸ਼ਖਬਰੀ ਦਾ ਪ੍ਰਚਾਰ ਵਿਅਰਥ ਹੈ। ਪਰ ਪਵਿੱਤਰ ਆਤਮਾ ਅਕਸਰ ਉਦੋਂ ਤੱਕ ਕੰਮ ਨਹੀਂ ਕਰਦਾ ਜਦੋਂ ਤੱਕ ਅਸੀਂ ਖੁਸ਼ਖਬਰੀ ਦਾ ਪ੍ਰਚਾਰ ਨਹੀਂ ਕਰਦੇ। ਉਸਦੀ ਮੌਜੂਦਗੀ ਜਿੰਨੀ ਭਾਰੀ ਹੋਵੇਗੀ, ਖੁਸ਼ਖਬਰੀ ਦਾ ਸੰਦੇਸ਼ ਓਨਾ ਹੀ ਜਿਆਦਾ ਸ਼ਕਤੀਸ਼ਾਲੀ ਹੈ।

*ਮਰਕੁਸ 16:17 ਵਿਸ਼ਵਾਸ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ ਜੋਂ ਉਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ ਅਤੇ ਨਵੀਆਂ-ਨਵੀਆਂ ਭਾਸ਼ਾਵਾਂ ਬੋਲਣਗੇ,*

*ਮੱਤੀ 10:8 ਬਿਮਾਰਾਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਓ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਹਾਨੂੰ ਇਹ ਮੁਫਤ ਵਿੱਚ ਮਿਲਿਆ, ਮੁਫਤ ਵਿੱਚ ਦਿਓ।*

*ਮੱਤੀ 12:28 ਪਰ ਜੇਕਰ ਮੈਂ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ, ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਗਿਆ ਹੈ।*

ਯਿਸੂ ਨੇ ਸਾਨੂੰ ਭੂਤਾਂ ਨੂੰ ਕੱਢਣ ਦਾ ਹੁਕਮ ਦਿੱਤਾ ਸੀ। ਦੁਸ਼ਟ ਆਤਮਾ ਨੂੰ ਕੱਢਣਾ ਉਨ੍ਹਾਂ ਲੋਕਾਂ ਦੀ ਪਹਿਲੀ ਨਿਸ਼ਾਨੀ ਹੈ ਜੋ ਪਵਿੱਤਰ ਆਤਮਾ ਨਾਲ ਸੱਚੀ ਭਾਈਵਾਲੀ ਵਿੱਚ ਚੱਲਦੇ ਹਨ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਆਗਿਆ ਦੇਣ ਵਾਲੇ ਹਾਂ, ਪਰ ਪਵਿੱਤਰ ਆਤਮਾ ਕੱਢਣ ਵਾਲਾ ਹੈ। ਅਸੀਂ ਸਾਰਾ ਦਿਨ ਦੁਸ਼ਟ ਆਤਮਾਵਾਂ ਨੂੰ ਹੁਕਮ ਦੇ ਸਕਦੇ ਹਾਂ (ਰਸੂਲਾਂ ਦੇ ਕਰਤੱਬ 19:14-17), ਪਰ ਦੁਸ਼ਟ ਆਤਮਾਵਾਂ ਉਦੋਂ ਤੱਕ ਬਾਹਰ ਨਹੀਂ ਆ ਸਕਦੀਆਂ ਜਦੋਂ ਤੱਕ ਪਵਿੱਤਰ ਆਤਮਾ ਸਮਰੱਥਾ ਵਿੱਚ ਪ੍ਰਗਟ ਨਹੀਂ ਹੁੰਦਾ।

ਕਈ ਸਾਲਾਂ ਤੋਂ ਬਿਮਾਰਾਂ ਨੂੰ ਚੰਗਾ ਕਰਨ ਅਤੇ ਦੁਸ਼ਟ ਆਤਮਾਵਾਂ ਨੂੰ ਕੱਢਣ ਤੋਂ ਬਾਅਦ, ਮੈਂ ਦੇਖਿਆ ਹੈ ਕਿ ਜਿੰਨਾ ਜਿਆਦਾ ਪਵਿੱਤਰ ਆਤਮਾ ਦੀ ਮੌਜੂਦਗੀ ਪ੍ਰਗਟ ਹੁੰਦੀ ਹੈ, ਉੱਨੀ ਹੀ ਜਿਆਦਾ ਚੰਗਾਈ ਅਤੇ ਛੁਟਕਾਰਾ ਪਾਉਣ ਦੀ ਸਮਰੱਥਾ ਪ੍ਰਗਟ ਹੁੰਦੀ ਹੈ। ਉਸਦੀ ਮੌਜੂਦਗੀ ਜਿੰਨੀ ਭਾਰੀ ਹੋਵੇਗੀ, ਦੁਸ਼ਟ ਆਤਮਾਵਾਂ ਨੂੰ ਕੱਢਣਾ ਓਨਾ ਹੀ ਆਸਾਨ ਹੋਵੇਗਾ। ਮੈਂ ਜਿਨ੍ਹੀਆਂ ਵੀ ਚੰਗਾਈਆ ਵੇਖੀਆ ਹਨ ਓਨ੍ਹਾਂ ਵਿੱਚੋਂ, ਲਗਭਗ 50 ਪ੍ਰਤੀਸ਼ਤ ਲੋਕਾਂ ਦੁਸ਼ਟ ਆਤਮਾ ਨੂੰ ਕੱਢਣ ਦੁਆਰਾ ਹੀ ਚੰਗੇ ਹੋਏ ਹਨ। ਇਸ ਦੀ ਵਿਆਖਿਆ ਕਰਨ ਲਈ, ਮੈਂ ਇੱਕ ਸ਼ਾਨਦਾਰ ਗਵਾਹੀ ਦੇਵਾਂਗਾ।

ਕੁਝ ਸਾਲਾਂ ਤੋਂ ਪ੍ਰਭੂ ਨੇ ਮੈਨੂੰ ਮਹਾਰਾਸ਼ਟਰ ਵਿੱਚ ਚਰਚ ਦੇ ਆਗੂਆ ਨੂੰ ਸਿਖਾਉਣ ਅਤੇ ਚੰਗਾਈ ਦੀਆਂ ਮੀਟਿੰਗਾਂ ਕਰਨ ਦੇ ਮੌਕੇ ਦਿੱਤੇ ਹਨ। ਕੁਝ ਸਾਲ ਪਹਿਲਾਂ ਮੈਂ ਰੱਜੋਬਾਈ ਨਾਂ ਦੀ ਇੱਕ ਚਾਲੀ ਸਾਲਾਂ ਦੀ ਔਰਤ ਨੂੰ ਮਿਲਿਆ। ਉਹ ਦੁਸ਼ਟ ਆਤਮਾ ਤੋਂ ਸਭ ਤੋਂ ਜ਼ਿਆਦਾ ਪ੍ਰੇਸ਼ਾਨ ਔਰਤ ਸੀ, ਜਿਨ੍ਹਿਆ ਨੂੰ ਵੀ ਮੈਂ ਹੁਣ ਤੱਕ ਮਿਲਿਆ ਸੀ। ਉਸ ਨੇ ਵੱਖ-ਵੱਖ ਮੀਟਿੰਗਾਂ ਵਿੱਚ ਜਾ ਕੇ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ। ਦੁਸ਼ਟ ਆਤਮਾਵਾਂ ਉਸ ਨੂੰ ਲਗਭਗ ਵੀਹ ਸਾਲਾਂ ਤੋਂ ਸਤਾਉਂਦੀਆਂ ਰਹੀਆਂ ਸਨ। ਉਹ ਡਿੱਗ ਜਾਂਦੀ, ਚੀਕਦੀ, ਅਤੇ ਬੇਹੋਸ਼ ਹੋ ਜਾਂਦੀ। ਜਦੋਂ ਦੁਸ਼ਟ ਆਤਮਵਾਂ ਪ੍ਰਗਟ ਹੋਣ ਲੱਗਦੀਆਂ, ਤਾਂ ਇੱਕ ਅਣਦੇਖੀ ਸ਼ਕਤੀ ਉਸ ਦੇ ਸਰੀਰ ਨੂੰ, ਖਾਸ ਕਰਕੇ ਉਸ ਦੀਆਂ ਬਾਹਾਂ ਨੂੰ ਮਰੋੜ ਦੇਂਦੀ।ਮੈਂ ਉਸਨੂੰ ਦੇਖ ਕੇ ਬਹੁਤ ਦੁੱਖ ਹੋਇਆ। ਕਈ ਸਾਲਾਂ ਤੋਂ ਉਸ ਦਾ ਇੱਕ ਹੱਥ ਬੇਕਾਰ ਹੋ ਗਿਆ ਸੀ, ਅਤੇ ਉਹ ਉਸ ਹੱਥ ਨਾਲ ਨਾ ਤਾਂ ਚੁੱਕ ਸਕਦੀ ਸੀ ਅਤੇ ਨਾ ਹੀ ਕੋਈ ਕੰਮ ਕਰ ਸਕਦੀ ਸੀ। ਉਸ ਦਾ ਚਿਹਰਾ ਨੋਚਿਆ ਹੋਇਆ ਜਾਪਦਾ ਸੀ, ਜਿਵੇਂ ਕਿਸੇ ਜਾਨਵਰ ਨੇ ਉਸ ’ਤੇ ਹਮਲਾ ਕੀਤਾ ਹੋਵੇ। ਉਸ ਨੇ ਕਿਹਾ ਕਿ ਉਸ ਦਾ ਚਿਹਰਾ ਹਮੇਸ਼ਾ ਦਰਦ ਕਰਦਾ ਰਹਿੰਦਾ ਸੀ। ਇਹ ਸ਼ੈਤਾਨੀ ਸ਼ਕਤੀ ਕਦੇ ਪ੍ਰਾਰਥਨਾ ਸਭਾਵਾਂ ਵਿੱਚ ਪ੍ਰਗਟ ਹੁੰਦੀ ਸੀ, ਅਤੇ ਕਦੇ ਘਰ ਵਿੱਚ। ਇਹ ਸ਼ਕਤੀ ਇੰਨੀ ਭਿਆਨਕ ਸੀ ਕਿ ਉਸਦੇ ਬੱਚੇ ਉਸ ਤੋਂ ਡਰਦੇ ਸਨ, ਅਤੇ ਉਹ ਆਪਣੇ ਪਿਤਾ ਕੋਲ ਭੱਜ ਜਾਂਦੇ ਸਨ।

ਰੱਜੋਬਾਈ ਦੋ ਵਾਰ ਮੇਰੀਆਂ ਮੀਟਿੰਗਾਂ ਵਿੱਚ ਆਈ ਅਤੇ ਮੈਂ ਉਸ ਦੁਸ਼ਟ ਆਤਮਾ ਨੂੰ ਕਈ ਘੰਟਿਆਂ ਤੱਕ ਪ੍ਰਗਟ ਹੁੰਦਾ ਦੇਖਿਆ। ਇਹ ਕਦੇ-ਕਦੇ ਅਰਾਧਨਾ ਦੇ ਸਮੇਂ, ਅਤੇ ਕਈ ਵਾਰ ਪ੍ਰਚਾਰ ਅਤੇ ਪ੍ਰਾਰਥਨਾ ਦੇ ਸਮੇਂ ਹੁੰਦਾ ਸੀ। ਮੈਂ ਉਸ ਲਈ ਕਈ ਵਾਰ ਨਿੱਜੀ ਤੌਰ ’ਤੇ ਵੀ ਪ੍ਰਾਰਥਨਾ ਕੀਤੀ, ਪਰ ਇਸ ਨਾਲ ਕੋਈ ਫ਼ਰਕ ਨਹੀਂ ਪਿਆ। ਉਥੇ ਹਰ ਕੋਈ ਉਸਨੂੰ ਜਾਣਦਾ ਸੀ ਪਰ ਕਿਸੇ ਦੇ ਹੱਥੋਂ ਵੀ ਉਸ ਨੂੰ ਛੁਟਕਾਰਾ ਨਹੀਂ ਮਿਲਿਆ ਸੀ। ਪਰ ਪਰਮੇਸ਼ਰ ਦਾ ਧੰਨਵਾਦ ਹੋਵੇ ਕਿ ਉਸਨੇ ਉਮੀਦ ਨਹੀਂ ਛੱਡੀ! ਸਾਲ ਦਰ ਸਾਲ ਉਹ ਯਿਸੂ ਨੂੰ ਲੱਭਦੀ ਰਹੀ।

ਮਈ 2014 ਵਿੱਚ ਮੈਨੂੰ ਮਹਾਰਾਸ਼ਟਰ ਵਿੱਚ ਪਾਦਰੀਆ ਅਤੇ ਆਗੂਆ ਦੀ ਸਭਾ ਵਿੱਚ ਸਿੱਖਾਉਣ ਲਈ ਸੱਦਾ ਦਿੱਤਾ ਗਿਆ ਸੀ। ਦਿਨ ਵੇਲੇ ਲੀਡਰਾਂ ਦੀ ਕਾਨਫਰੰਸ ਸੀ ਅਤੇ ਸ਼ਾਮ ਨੂੰ ਆਮ ਲੋਕਾਂ ਲਈ ਚੰਗਾਈ ਸਭਾ ਦਾ ਇੰਤਜਾਮ ਕਿੱਤਾ ਗਿਆ ਤੇ ਦੋ ਹਜ਼ਾਰ ਦੇ ਕਰੀਬ ਲੋਕ ਆਏ ਸਨ। ਰੱਜੋਬਾਈ ਵੀ ਉੱਥੇ ਹੀ ਸੀ ਅਤੇ ਮਿੰਟਿਗ ਦੌਰਾਨ ਹੀ ਦੁਸ਼ਟ ਆਤਮਾਵਾਂ ਨੇ ਫਿਰ ਖੇਡਣਾ ਸ਼ੁਰੂ ਕਰ ਦਿੱਤਾ। ਮੀਟਿੰਗ ਦੇ ਤੀਜੇ ਅਤੇ ਆਖਰੀ ਦਿਨ ਪਵਿੱਤਰ ਆਤਮਾ ਨੇ ਮੈਨੂੰ ਕਿਹਾ, ”ਅੱਜ ਰਾਤ, ਯਿਸੂ ਦੇ ਜੀਅ ਉੱਠਨ ਦਾ ਪ੍ਰਚਾਰ ਕਰੋ ਕਿ ਕਿਵੇਂ ਉਸ ਨੇ ਸ਼ੈਤਾਨ ਅਤੇ ਸਾਰੇ ਹਨੇਰੇ ਉੱਤੇ ਜਿੱਤ ਪ੍ਰਾਪਤ ਕੀਤਾ। ਫਿਰ ਅੰਤ ਵਿੱਚ ਸਾਰੇ ਦੁਸ਼ਟ ਆਤਮਾਂਵਾ ਤੋਂ ਪਿੜਿਤ ਲੋਕਾਂ ਨੂੰ ਸਟੇਜ ’ਤੇ ਬੁਲਾਓ।”

ਵਚਨ ਦਾ ਪ੍ਰਚਾਰ ਕਰਨ ਦਾ ਸਮਾਂ ਬਹੁਤ ਵਧੀਆ ਲੰਘਿਆ, ਅਤੇ ਜਿਵੇਂ ਕਿ ਪਵਿੱਤਰ ਆਤਮਾ ਨੇ ਮੈਨੂੰ ਹੁਕਮ ਦਿੱਤਾ, ਮੈਂ ਓਸੇ ਸਮੇਂ ਉਨ੍ਹਾਂ ਲੋਕਾਂ ਨੂੰ ਅੱਗੇ ਬੁਲਾਇਆ ਜੋ ਕਿਸੇ ਵੀ ਤਰੀਕੇ ਨਾਲ ਦੁਸ਼ਟ ਆਤਮਾਂਵਾ ਦੁਆਰਾ ਪਰੇਸ਼ਾਨ ਸਨ। ਬਹੁਤ ਸਾਰੇ ਲੋਕ ਆਏ ਅਤੇ ਮੈਂ ਪਵਿੱਤਰ ਆਤਮਾ ਦੀ ਮੌਜੂਦਗੀ ਨੂੰ ਸੱਦਾ ਦਿੱਤਾ, ਫਿਰ ਅਧਿਕਾਰ ਨਾਲ ਮੈਂ ਉਨ੍ਹਾਂ ਦੁਸ਼ਟ ਆਤਮਾਂਵਾ ਨੂੰ ਬੰਨਕੇ ਚਲੇ ਜਾਣ ਦਾ ਹੁਕਮ ਦਿੱਤਾ। ਤੁਰੰਤ ਹੀ ਬਹੁਤ ਸਾਰੇ ਲੋਕ ਚੀਕਦੇ ਹੋਏ ਜ਼ਮੀਨ ’ਤੇ ਡਿੱਗ ਪਏ। ਹੋਰ ਲੋਕ ਚੀਕਦੇ ਹੋਏ ਉਛਾਲਦੇ ਹੋਏ ਜ਼ਮੀਨ ਤੇ ਲੇਟਣ ਲੱਗੇ। ਪ੍ਰਚਾਰ ਕਰਨ ਵੇਲੇ ਪਰਮੇਸ਼ੁਰ ਦੀ ਮੌਜੂਦਗੀ ਬਹੁਤ ਭਾਰੀ ਸੀ, ਪਰ ਪ੍ਰਾਰਥਨਾ ਕਰਨ ਵੇਲੇ ਇਹ ਹੋਰ ਵੀ ਭਾਰੀ ਹੋ ਗਈ।

ਸਾਡੀ ਆਦਤ ਅਨੁਸਾਰ, ਪ੍ਰਾਰਥਨਾ ਤੋਂ ਬਾਅਦ ਅਸੀਂ ਉਨ੍ਹਾਂ ਲੋਕਾਂ ਨੂੰ ਸਟੇਜ 'ਤੇ ਗਵਾਹੀ ਦੇਣ ਲਈ ਬੁਲਾਇਆ ਜੋ ਤੁਰੰਤ ਠੀਕ ਹੋ ਗਏ ਜਾਂ ਉਹ, ਜਿਹੜੇ ਦੁਸ਼ਟ ਸ਼ਕਤੀ ਤੋਂ ਛੁਟਕਾਰਾ ਪਾ ਗਏ ਸਨ। ਬਹੁਤ ਸਾਰੇ ਲੋਕ ਗਵਾਹੀ ਦੇਣ ਲਈ ਲਾਈਨਾ ਵਿੱਚ ਇੰਤਜਾਰ ਕਰ ਰਹੇ ਸਨ। ਮੈਂ ਦੇਖਿਆ ਕਿ ਰਜੋਬਾਈ ਵੀ ਲਾਈਨ ਵਿਚ ਸੀ! ਮੈਂ ਆਪਣੀ ਪਤਨੀ ਅਭਿਲਾਸ਼ਾ ਨੂੰ ਉਸ ਦੀ ਜਾਂਚ ਕਰਨ ਲਈ ਕਿਹਾ, ਕਿ ਉਹ ਖੁਦ ਵੇਖੇ ਕਿ ਉਸ ਨਾਲ ਕੀ ਹੋਇਆ ਹੈ। ਜਦੋਂ ਉਸ ਦੀ ਵਾਰੀ ਆਈ ਤਾਂ ਉਹ ਦੱਸਣ ਲੱਗੀ ਕਿ ਕਿਵੇਂ ਉਹ ਕਈ ਸਾਲਾਂ ਤੋਂ ਪ੍ਰੇਸ਼ਾਨ ਸੀ ਅਤੇ ਅੱਜ ਉਸ ਨੂੰ ਕਿਵੇਂ ਆਜ਼ਾਦੀ ਮਿਲੀ। ਮੈਂ ਉਸਨੂੰ ਪੁੱਛਿਆ, '' ਤੈਨੂੰ ਕਿਵੇਂ ਪਤਾ ਹੈ ਕਿ ਤੈਨੂੰ ਮੁਕਤੀ ਮਿਲ ਗਈ ਹੈ?'' ਉਸਨੇ ਕਿਹਾ ਕਿ ਪ੍ਰਾਰਥਨਾ ਦੇ ਦੌਰਾਨ ਉਸਨੇ ਮਹਿਸੂਸ ਕੀਤਾ ਕਿ ਸਵਰਗ ਤੋਂ ਇੱਕ ਸ਼ਕਤੀਸ਼ਾਲੀ ਮੌਜੂਦਗੀ ਉਸਦੇ ਉੱਤੇ ਉਤਰਦੀ ਹੈ ਅਤੇ ਸਾਰੀਆ ਦੁਸ਼ਟ ਆਤਮਾਂਵਾ ਭੱਜ ਜਾਂਦੀਆ ਹਨ। ਉਹ ਮੋਢੇ ਤੋਂ ਲੈਕੇ ਹੱਥਾਂ ਤੱਕ ਪੂਰੀ ਤਰ੍ਹਾਂ ਠੀਕ ਹੋ ਗਿਆ ਸੀ। ਹੁਣ ਉਹ ਆਪਣੀ ਬਾਂਹ ਪੂਰੀ ਤਰ੍ਹਾਂ ਉੱਪਰ ਚੁੱਕ ਸਕਦੀ ਹੈ, ਅਤੇ ਉਸਦੇ ਚਿਹਰੇ ਦਾ ਦਰਦ ਵੀ ਖਤਮ ਹੋ ਗਿਆ ਸੀ! ਉਸਨੇ ਇਹ ਵੀ ਕਿਹਾ ਕਿ ਉਹ ਆਪਣੇ ਸਰੀਰ ਵਿੱਚ ਡੂੰਘੀ ਸ਼ਾਂਤੀ ਅਤੇ ਹਲਕਾ ਮਹਿਸੂਸ ਕਰ ਰਹੀ ਹੈ। ਸਿਰਫ਼ ਰੱਜੋਬਾਈ ਨੂੰ ਹੀ ਨਹੀਂ, ਸਗੋਂ ਕਈ ਸਾਲਾਂ ਤੋਂ ਪ੍ਰੇਸ਼ਾਨ ਹੋਰ ਲੋਕਾਂ ਨੂੰ ਵੀ ਤੁਰੰਤ ਮੁਕਤੀ ਮਿਲ ਗਈ।

ਮੈਂ ਖੁਸ਼ ਅਤੇ ਬਹੁਤ ਖੁਸ਼ ਸੀ, ਪਰ ਪਵਿੱਤਰ ਆਤਮਾ ਦਾ ਅੰਦੋਲਨ ਇੱਥੇ ਨਹੀਂ ਰੁਕਿਆ! ਗਵਾਹੀਆਂ ਤੋਂ ਬਾਅਦ ਅਸੀਂ ਭੀੜ ਨੂੰ ਜਾਣ ਦਿੱਤਾ, ਅਤੇ ਉਨ੍ਹਾਂ ਲਈ ਵੱਖਰੇ ਤੌਰ 'ਤੇ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ ਜੋ ਅਜੇ ਤੱਕ ਠੀਕ ਨਹੀਂ ਹੋਏ ਸਨ। ਪਵਿੱਤਰ ਆਤਮਾ ਦੀ ਵਿਲੱਖਣ ਮੌਜੂਦਗੀ ਮੇਰੇ ਉੱਤੇ ਬਣੀ ਰਹੀ। ਬਹੁਤ ਸਾਰੇ ਬਿਮਾਰ ਲੋਕ ਇੰਤਜ਼ਾਰ ਕਰ ਰਹੇ ਸਨ ਜਿਹਨਾਂ ਦੀ ਬੀਮਾਰੀ ਕਿਸੇ ਦੁਸ਼ਟ ਆਤਮਾ ਦੇ ਕਾਰਨ ਸੀ, ਤਾਂ ਜਿਵੇਂ ਹੀ ਉਨ੍ਹਾਂ ਲਈ ਪ੍ਰਾਰਥਨਾ ਹੁੰਦੀ ਸੀ, ਦੁਸ਼ਟ ਆਤਮਾ ਪ੍ਰਗਟ ਹੋ ਜਾਦੀਆਂ ਸਨ। ਕਈ ਸਾਲਾਂ ਤੋਂ ਮੈਨੂੰ ਇਸ ਕਿਸਮ ਦਾ ਅਨੁਭਵ ਕਦੇ-ਕਦੇ ਹੋਇਆ, ਪਰ ਇਸ ਵਾਰ ਇਹ ਬਹੁਤ ਸ਼ਕਤੀਸ਼ਾਲੀ ਸੀ। ਬਹੁਤ ਸਾਰੇ ਲੋਕ ਚੀਕਦੇ ਹੋਏ ਹੇਠਾਂ ਡਿੱਗ ਰਹੇ ਸਨ, ਕੰਬਦੇ ਹੋਏ ਜ਼ਮੀਨ 'ਤੇ ਲੇਟ ਗਏ ਸਨ। ਜਿਵੇਂ ਹੀ ਦੁਸ਼ਟ ਆਤਮਾਂ ਨਿਕਲਦੀ, ਲੋਕ ਝੱਟ ਠੀਕ ਹੋ ਜ਼ਾਦੇ ਸਨ! ਇਹ ਸਮਾਂ ਵੱਖਰਾ ਸੀ! ਕਈ ਵਾਰ ਅਤੀਤ ਵਿੱਚ ਮੈਂ ਭੂਤ-ਗ੍ਰਸਤ ਲੋਕਾਂ ਲਈ ਪ੍ਰਾਰਥਨਾ ਕੀਤੀ ਸੀ ਸਾਰੇ ਲੋਕਾਂ ਨੂੰ ਆਜ਼ਾਦੀ ਨਹੀਂ ਮਿੱਲੀ ਸੀ, ਪਰ ਇਸ ਵਾਰ ਬਹੁਤ ਜਿਆਦਾ ਮਸਹ ਸੀ! ਮੈਂ ਸਿੱਖਿਆ ਹੈ ਕਿ ਪਵਿੱਤਰ ਆਤਮਾ ਸਫਲਤਾ ਦੀ ਕੁੰਜੀ ਹੈ।

*ਮਰਕੁਸ 16:18 ਉਹ ਸੱਪਾਂ ਨੂੰ ਚੁੱਕ ਲੈਣਗੇ, ਅਤੇ ਜੇਕਰ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ, ਤਾਂ ਉਨ੍ਹਾਂ ਦਾ ਕੁਝ ਨਹੀਂ ਵਿਗੜੇਗਾ। ਉਹ ਬਿਮਾਰਾਂ ਉੱਤੇ ਹੱਥ ਰੱਖਣਗੇ ਅਤੇ ਉਹ ਚੰਗੇ ਹੋ ਜਾਣਗੇ।*

ਬਿਮਾਰਾਂ ਨੂੰ ਚੰਗਾ ਕਰਨਾ ਦੁਸ਼ਟ ਆਤਮਾਂਵਾ ਨੂੰ ਕੱਢਣ ਵਾਂਗ ਹੈ। ਅਸੀਂ ਵਿਸ਼ਵਾਸ ਦਾ ਕੰਮ ਕਰਦੇ ਹਾਂ, ਫਿਰ ਪਵਿੱਤਰ ਆਤਮਾ ਉਸ ਵਿਸ਼ਵਾਸ ਦੇ ਦੁਆਰਾ ਕੰਮ ਕਰਕੇ ਚੰਗਾਈ ਦੀ ਸਮਰੱਥਾ ਨੂੰ ਸਾਡੇ ਵਿੱਚੋਂ ਪ੍ਰਵਾਹਿਤ ਕਰ ਦਿੰਦਾ ਹੈ। ਸਾਨੂੰ ਬਿਮਾਰਾਂ ਉੱਤੇ ਹੱਥ ਰੱਖਣ ਦਾ ਹੁਕਮ ਦਿੱਤਾ ਗਿਆ ਹੈ। ਇਹ ਸੱਚ ਹੈ ਕਿ ਅਸੀਂ ਆਪਣੇ ਆਪ ਬਿਮਾਰਾਂ ਨੂੰ ਠੀਕ ਨਹੀਂ ਕਰ ਸਕਦੇ। ਸਾਡੇ ਕੋਲ ਅਜਿਹੀ ਸਮਰੱਥਾ ਨਹੀਂ ਹੈ। ਸਮਰੱਥਾ, ਜੋ ਬਿਮਾਰੀ ਨੂੰ ਨਸ਼ਟ ਕਰਦੀ ਹੈ ਅਤੇ ਸਰੀਰ ਨੂੰ ਚੰਗਾ ਕਰਦੀ ਹੈ ਉਹ ਪਵਿੱਤਰ ਆਤਮਾ ਹੈ। ਬਿਮਾਰਾਂ 'ਤੇ ਹੱਥ ਰੱਖਣਾ, ਚੰਗਾ ਕਰਨ ਦੇ ਕਈ ਤਰੀਕਿਆਂ ਵਿੱਚੋਂ ਇੱਕ ਹੈ। ਮੈਂ ਕਈ ਵਾਰ ਦੇਖਿਆ ਕਿ ਪਵਿੱਤਰ ਆਤਮਾ ਉਦੋਂ ਤੱਕ ਚੰਗਾ ਨਹੀਂ ਕਰਦੀ ਜਦੋਂ ਤੱਕ ਮੈਂ ਕਿਸੇ ਉੱਤੇ ਹੱਥ ਨਹੀਂ ਰੱਖਦਾ। ਪ੍ਰਾਰਥਨਾ ਕਰਦੇ ਸਮੇਂ ਮੈਨੂੰ ਪਵਿੱਤਰ ਆਤਮਾ ਦੀ ਆਵਾਜ਼ ਸੁਣਦੀ ਹੈ ਕਿ ''ਹੁਣ ਉੱਥੇ ਆਪਣੇ ਹੱਥ ਰੱਖੋ।'' ਜਿਵੇਂ ਹੀ ਮੈਂ ਹੱਥ ਰੱਖਦਾ ਹਾਂ, ਚੰਗਾਈ ਦੀ ਸਮਰੱਥਾ ਦਿਖਾਈ ਦਿੰਦੀ ਹੈ। ਕੀ ਪ੍ਰਮੇਸ਼ਵਰ ਨੂੰ ਮੇਰੇ ਹੱਥ ਰੱਖਣ ਦੀ ਲੋੜ ਹੈ? ਬਿਲਕੁਲ ਨਹੀ। ਪ੍ਰਮੇਸ਼ਵਰ ਨੂੰ ਮੇਰੀ ਲੋੜ ਨਹੀਂ। ਪਰ ਉਹ ਸਾਨੂੰ ਇਸ ਸਾਂਝੇਦਾਰੀ ਨੂੰ ਸੁੰਦਰ ਬਣਾਉਣ ਅਤੇ ਪਵਿੱਤਰ ਆਤਮਾ ਵਿੱਚ ਮਗਨ ਹੋਣ ਲਈ ਆਪਣੇ ਨਾਲ ਬੁਲਾਉਦਾਂ ਹੈ। ਸਾਨੂੰ

ਸਿਰਫ਼ ਦੇਖਣ ਅਤੇ ਹੈਰਾਨ ਹੋਣ ਲਈ ਦਰਸ਼ਕ ਵਜੋਂ ਤਾਂ ਨਹੀਂ ਬੁਲਾਇਆ ਗਿਆ ਹੈ। ਇਸ ਦੀ ਬਜਾਇ, ਉਹ ਸਾਨੂੰ ਉਸ ਦੇ ਹਰ ਚਮਤਕਾਰ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦਾ ਹੈ।

ਮੈਂ ਅਜਿਹੀਆਂ ਸਭਾਵਾਂ ਵਿਚ ਵੀ ਹਾਜ਼ਰ ਹੁੰਦਾ ਸੀ ਜਦੋਂ ਲੋਕਾਂ 'ਤੇ ਹੱਥ ਰੱਖੇ ਜਾਂਦੇ ਸਨ, ਅਤੇ ਕੁਝ ਨਹੀਂ ਹੁੰਦਾ ਸੀ। ਕੋਈ ਚੰਗਾਈ ਅਤੇ ਪਰਿਵਰਤਨ ਨਹੀਂ ਹੋਇਆ ਸੀ। ਅਜਿਹੇ ਸਮੇਂ ਵਿੱਚ ਅਸੀਂ ਪਵਿੱਤਰ ਆਤਮਾ ਦੀ ਮੌਜੂਦਗੀ ਅਤੇ ਆਵਾਜ਼ ਦੇ ਅਨੁਸਾਰ ਨਹੀਂ ਚੱਲ ਰਹੇ ਹੁੰਦੇ ਹਾਂ। ਜੇਕਰ ਅਸੀਂ ਉਸਦੇ ਚਲਾਏ ਚਲਦੇ ਹਾਂ ਤਾਂ ਅਸੀ ਉਸਦੀ ਮੌਜੂਦਗੀ ਨਾਲ ਭਰ ਹੁੰਦੇ ਹਾਂ, ਤਾਂ ਹੱਥ ਰੱਖਣਾ ਇੱਕ ਬਹੁਤ ਹੀ ਅਨੰਦਦਾਇਕ ਅਤੇ ਸ਼ਾਨਦਾਰ ਅਨੁਭਵ ਹੁੰਦਾ ਹੈ।

*1ਕੁਰਿੰਥੀਆਂ 14:2 ਕਿਉਂਕਿ ਜਿਹੜਾ ਪਰਾਈ ਭਾਸ਼ਾ ਵਿੱਚ ਬੋਲਦਾ ਹੈ ਉਹ ਮਨੁੱਖਾਂ ਨਾਲ ਨਹੀਂ ਸਗੋਂ ਪਰਮੇਸ਼ੁਰ ਨਾਲ ਗੱਲ ਕਰਦਾ ਹੈ। ਇਸ ਲਈ ਕੋਈ ਨਹੀਂ ਸਮਝਦਾ ਹੈ ਪਰ ਉਹ ਆਤਮਾ ਵਿੱਚ ਭੇਤ ਦੀਆਂ ਗੱਲਾਂ ਕਰਦਾ ਹੈ।*

ਸਵਰਗੀ ਭਾਸ਼ਾਵਾਂ ਵਿੱਚ ਬੋਲਣਾ ਪਵਿੱਤਰ ਆਤਮਾ ਦੇ ਵੱਲੋਂ ਇੱਕ ਆਮ ਚਮਤਕਾਰ ਹੈ। ਸਾਨੂੰ ਸਵਰਗੀ ਭਾਸ਼ਾਵਾਂ ਵਿੱਚ ਬੋਲਣ ਲਈ ਪਵਿੱਤਰ ਆਤਮਾ ਦੀ ਮਦਦ ਦੀ ਲੋੜ ਹੈ (ਰਸੂਲਾਂ ਦੇ ਕਰਤੱਬ 2:4)। ਅਕਸਰ, ਪਵਿੱਤਰ ਆਤਮਾ ਸਾਨੂੰ ਉਦੋਂ ਤੱਕ ਬੋਲਣ ਦੀ ਸ਼ਕਤੀ ਨਹੀਂ ਦਿੰਦਾ ਜਦੋਂ ਤੱਕ ਅਸੀਂ ਆਪਣਾ ਮੂੰਹ ਖੋਲ੍ਹ ਕੇ ਵਿਸ਼ਵਾਸ ਵਿੱਚ ਬੋਲਣਾ ਸ਼ੁਰੂ ਨਹੀਂ ਕਰਦੇ।ਜਦੋਂ ਅਸੀਂ ਵਿਸ਼ਵਾਸ ਵਿੱਚ ਆਪਣਾ ਮੂੰਹ ਖੋਲ੍ਹਦੇ ਹਾਂ, ਤਦ ਪਵਿੱਤਰ ਆਤਮਾ ਸਾਡੇ ਵਿਸ਼ਵਾਸ ਦੇ ਅਨੁਸਾਰ ਪ੍ਰਤਿਕ੍ਰਿਆ ਕਰਕੇ ਸਾਨੂੰ ਸ਼ਬਦ ਦਿੰਦਾ ਹੈ। ਕੁਝ ਲੋਕ ਕਹਿੰਦੇ ਹਨ, ''ਮੈਂ ਪਰਾਈ ਭਾਸ਼ਾ ਵਿੱਚ ਬੋਲਣਾ ਤਾਂ ਚਾਹੁੰਦਾ ਹਾਂ, ਪਰ ਮੈਂ ਉਸਦੀ ਉਡੀਕ ਕਰ ਰਿਹਾ ਹਾਂ ਕਿ ਉਹ ਮੈਨੂੰ ਬੋਲਣ ਲਈ ਮਜਬੂਰ ਕਰੇ। ਜਦੋਂ ਉਹ ਚਾਹੇਗਾ, ਉਹ ਮੈਨੂੰ ਮਜਬੂਰ ਕਰੇਗਾ ਬੋਲਣ ਲਈ।'' ਕਈ ਵਾਰ ਪਵਿੱਤਰ ਆਤਮਾ ਕਿਸੇ ਨੂੰ ਇਸ ਤਰ੍ਹਾਂ ਬੋਲਣ ਲਈ ਪ੍ਰੇਰਿਤ ਕਰਦੀ ਹੈ ਕਿ ਉਹ ਅਚਾਨਕ ਬੋਲਣਾ ਸ਼ੁਰੂ ਕਰ ਦਿੰਦਾ ਹੈ, ਪਰ ਇਹ ਇੱਕ ਅਪਵਾਦ ਹੈ। ਅਕਸਰ ਸਾਨੂੰ ਬੋਲਣ ਦੀ ਇੱਛਾ ਹੁੰਦੀ ਹੈ, ਅਤੇ ਅਜਿਹਾ ਲਗਦਾ ਹੈ ਜਿਵੇਂ ਕੋਈ ਚੀਜ਼ ਸਾਡੇ ਪੇਟ ਵਿੱਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੀ ਹੁੰਦੀ ਹੈ, ਅਤੇ ਫਿਰ ਅਸੀਂ ਸਵਰਗੀ ਭਾਸ਼ਾਵਾਂ ਵਿੱਚ ਬੋਲਣਾ ਸ਼ੁਰੂ ਕਰ ਦਿੰਦੇ ਹਾਂ।

ਸਵਰਗੀ ਪਿਤਾ ਨੇ ਆਪਣੀ ਮਹਾਨ ਬੁੱਧੀ ਅਤੇ ਅਨੰਦ ਵਿੱਚ ਇਸ ਸਾਂਝੇਦਾਰੀ ਨੂੰ ਬਣਾਇਆ, ਅਤੇ ਉਸਨੇ ਸਾਨੂੰ ਸਭ ਤੋਂ ਕੀਮਤੀ ਪ੍ਰਤੀਗਿਆ ਦਿੱਤੀ, ਪਵਿੱਤਰ ਆਤਮਾ (ਲੂਕਾ 24:49)। ਪ੍ਰਮੇਸ਼ਵਰ ਕਦੇ ਵੀ ਆਪਣੀ ਯੋਜਨਾ ਨੂੰ ਨਹੀਂ ਛੱਡੇਗਾ, ਭਾਵੇਂ ਅਸੀਂ ਅਣਜਾਣ ਰਹਿੰਦੇ ਹਾਂ ਜਾਂ ਪਵਿੱਤਰ ਆਤਮਾ ਨਾਲ ਕੰਮ ਕਰਨ ਤੋਂ ਬਚਦੇ ਹਾਂ। ਇਸ ਭਾਗੀਦਾਰੀ ਦੁਆਰਾ ਪਰਮੇਸ਼ੁਰ ਕੋਮਾਂ ਨੂੰ ਬਦਲ ਦੇਵੇਗਾ (ਮੱਤੀ 24:14) ਅਤੇ ਉਸਦੀ ਮਹਿਮਾ ਨਾਲ ਧਰਤੀ ਭਰ ਜਾਵੇਗੀ ਜਿਵੇਂ ਸਮੁੰਦਰ ਪਾਣੀ ਨਾਲ ਭਰਿਆ ਹੁੰਦਾ ਹੈ (ਹਬੱਕੂਕ 2:4)।

ਅਧਿਆਇ 5

# ਪਵਿੱਤਰ ਆਤਮਾ ਦਾ ਬਪਤਿਸਮਾ

**ਪਾਣੀ ਦਾ ਬਪਤਿਸਮਾ**

ਇਸ ਪਾਠ ਵਿੱਚ ਮੈਂ ਇਹ ਸਿਖਾਉਣਾ ਚਾਹੁੰਦਾ ਹਾਂ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਕੀ ਹੈ, ਇਸਦਾ ਉਦੇਸ਼ ਕੀ ਹੈ, ਅਤੇ ਇਸਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਸਾਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਪਾਣੀ ਦਾ ਬਪਤਿਸਮਾ ਕੀ ਹੈ ਅਤੇ ਇਹ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਉਦੇਸ਼ ਅਤੇ ਨਤੀਜੇ ਤੋਂ ਕਿਵੇਂ ਵੱਖਰਾ ਹੈ। ਆਓ ਹੇਠਾਂ ਦਿੱਤੀਆਂ ਆਇਤਾਂ ਨੂੰ ਪੜ੍ਹੀਏ।

*ਮਰਕੁਸ 16:15-16 ਅਤੇ ਉਸ ਨੇ ਉਨ੍ਹਾਂ ਨੂੰ ਕਿਹਾ, ਸਾਰੀ ਦੁਨੀਆਂ ਵਿੱਚ ਜਾਓ ਅਤੇ ਹਰ ਪ੍ਰਾਣੀ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰੋ, ਜੋ ਕੋਈ ਵਿਸ਼ਵਾਸ ਕਰਦਾ ਹੈ ਅਤੇ ਬਪਤਿਸਮਾ ਲੈਂਦਾ ਹੈ ਬਚਾਇਆ ਜਾਵੇਗਾ, ਪਰ ਜੋ ਵਿਸ਼ਵਾਸ ਨਹੀਂ ਕਰਦਾ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ।*

*ਮੱਤੀ 28:19 ਇਸ ਲਈ ਜਾਓ ਅਤੇ ਸਾਰੀਆਂ ਕੋਮਾਂ ਨੂੰ ਚੇਲੇ ਬਣਾਓ। ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।*

*ਮੱਤੀ 3:1-2, 6, 11 ਉਨ੍ਹਾਂ ਦਿਨਾਂ ਵਿੱਚ ਯੂਹੰਨਾ ਬਪਤਿਸਮਾ ਦੇਣ ਵਾਲਾ, ਯਹੂਦਿਯਾ ਦੇ ਉਜਾੜ ਵਿੱਚ ਪ੍ਰਚਾਰ ਕਰਦੇ ਹੋਏ ਆਖਣ ਲੱਗਾ: ''ਤੋਬਾ ਕਰੋ, ਕਿਉਂ ਜੋਂ ਸਵਰਗ ਦਾ ਰਾਜ ਨੇੜੇ ਹੈ।'' ... ਉਨ੍ਹਾਂ ਨੇ ਆਪਣੇ ਪਾਪਾਂ ਦਾ ਇਕਰਾਰ ਕੀਤਾ ਅਤੇ ਯਰਦਨ ਨਦੀ ਵਿੱਚ ਉਸ ਦੇ ਹੱਥੋਂ ਬਪਤਿਸਮਾ ਲਿਆ। ... ''ਮੈਂ ਤਾਂ ਤੁਹਾਨੂੰ ਮਨ ਫਿਰਾਉਣ ਦੇ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ, ਪਰ ਜੋ ਮੇਰੇ ਮਗਰੋਂ ਆਉਣ ਵਾਲਾ ਹੈ ਉਹ ਮੇਰੇ ਨਾਲੋਂ ਵੀ ਬਲਵੰਤ ਹੈ, ਮੈਂ ਉਸਦੀ ਜੁੱਤੀ ਤਸਮਾ ਖੋਲ੍ਹਣ ਦੇ ਯੋਗ ਨਹੀਂ ਹਾਂ। ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਵੇਗਾ।''*

ਇਨ੍ਹਾਂ ਆਇਤਾਂ ਵਿਚ ਅਸੀਂ ਦੇਖ ਸਕਦੇ ਹਾਂ ਕਿ ਪਾਣੀ ਦਾ ਬਪਤਿਸਮਾ, ਵਿਸ਼ਵਾਸ ਕਰਨ ਅਤੇ ਤੋਬਾ ਕਰਨ ਨਾਲ ਸੰਬੰਧਿਤ ਹੈ। ਵਿਸ਼ਵਾਸ, ਤੋਬਾ, ਪਾਪਾਂ ਦਾ ਅੰਗੀਕਾਰ ਅਤੇ ਪਾਣੀ ਦਾ ਬਪਤਿਸਮਾ ਮੁਕਤੀ ਦੇ ਪਹਿਲੇ ਕਦਮ ਹਨ, ਅਤੇ ਅਸੀਂ ਇਹਨਾਂ ਚਾਰੇ ਕਿਰਿਆਵਾਂ ਨੂੰ ਇੱਕਠੇ ਜੋੜ ਸਕਦੇ ਹਾਂ।

ਵਿਸ਼ਵਾਸ ਪਵਿੱਤਰ ਆਤਮਾ ਦਾ ਪ੍ਰਕਾਸ਼ਨ ਦੇਣ ਵਾਲੀ ਸੇਵਕਾਈ ਦਾ ਫਲ ਹੈ (ਯੂਹੰਨਾ 16:8-11, 1 ਕੁਰਿੰਥੀਆਂ 12:3)। ਯਾਦ ਰੱਖੋ ਕਿ ਸਾਡੇ ਕੋਲ ਜੋ ਕੁਝ ਹੈ ਉਹ ਸਾਨੂੰ ਕਿਰਪਾ ਦੁਆਰਾ ਦਿੱਤਾ ਗਿਆ ਹੈ। ਪਵਿੱਤਰ ਆਤਮਾ ਸਾਡੇ ਉੱਤੇ ਯਿਸੂ ਨੂੰ ਪ੍ਰਗਟ ਕਰਦਾ ਹੈ ਅਤੇ ਇਸ ਪ੍ਰਕਾਸਨ਼ ਨੂੰ ਗ੍ਰਹਿਣ ਕਰਨਾ ਹੀ ਵਿਸ਼ਵਾਸ ਹੈ। ਉਸ ਪ੍ਰਕਾਸਨ਼ ਨੂੰ ਰੱਦ ਕਰਨਾ ਅਵਿਸ਼ਵਾਸ ਹੈ। ਪਵਿੱਤਰ ਆਤਮਾ ਦੇ ਪ੍ਰਗਟ ਹੋਏ ਬਿਨਾਂ ਕੋਈ ਵੀ ਵਿਸ਼ਵਾਸ ਨਹੀ ਕਰ ਸਕਦਾ ਅਤੇ ਨਾ ਹੀ ਕੋਈ ਬਚਾਇਆ ਜਾ ਸਕਦਾ (1 ਕੁਰਿੰਥੀਆਂ 2:14)। ਵਿਸ਼ਵਾਸ ਯਿਸੂ ਦੇ ਕੰਮ ਅਤੇ ਸੁਭਾਅ ਵਿੱਚ ਭਰੋਸਾ ਕਰਨਾ ਹੈ, ਜਿਵੇਂ ਕਿ ਉਹ ਸਾਡੇ ਪਾਪਾਂ ਲਈ ਮਰਿਆ ਅਤੇ ਮੁਰਦਿਆਂ ਵਿੱਚੋਂ ਜੀ ਉੱਠਿਆ (ਰੋਮੀਆਂ 10:9)। ਪਵਿੱਤਰ ਆਤਮਾ ਨਾ ਸਿਰਫ਼ ਯਿਸੂ ਦੇ ਜੀਵਨ, ਮੋਤ ਅਤੇ ਪੁਨਰ-ਉਥਾਨ ਨੂੰ ਪ੍ਰਗਟ ਕਰਦਾ ਹੈ, ਸਗੋਂ ਸਾਨੂੰ ਸਾਡੇ ਪਾਪਾਂ ਦੇ ਵਿਸ਼ੇ ਵਿੱਚ ਵੀ ਕਾਇਲ ਕਰਦਾ ਹੈ। ਇਹ ਹੀ ਤੋਬਾ ਹੈ।

ਮੰਨ ਬਦਲਣਾਂ ਅਤੇ ਤੋਬਾ ਕਰਨ ਦਾ ਮੂਲ ਯੂਨਾਨੀ ਭਾਸ਼ਾ ਵਿੱਚ ਅਰਥ ਹੈ ''ਆਪਣੇ ਵਿਚਾਰਾ ਨੂੰ ਬਦਲਣਾ ਹੈ''। ਜੇਕਰ ਅਸੀਂ ਆਪਣੇ ਵਿਚਾਰਾਂ ਅਤੇ ਸੋਚਾਂ ਨੂੰ ਬਦਲਦੇ ਹਾਂ ਤਾਂ ਸਾਡਾ ਸੁਭਾਅ ਅਤੇ ਜੀਵਨ ਵੀ ਆਪਣੇ ਆਪ

ਬਦਲ ਜਾਵੇਗਾ। ਪਵਿੱਤਰ ਆਤਮਾ ਪ੍ਰਮੇਸ਼ਵਰ ਦੀ ਸ਼ਕਤੀ ਹੈ ਜੋ ਸਾਨੂੰ ਤੋਬਾ ਕਰਨ ਅਤੇ ਆਪਣੇ ਵਿਚਾਰ ਬਦਲਣ ਦੀ ਸਮਰੱਥਾ ਦਿੰਦਾ ਹੈ। ਤੋਬਾ ਕਰਨਾ ਅਤੇ ਆਪਣੇ ਵਿਚਾਰ ਨੂੰ ਬਦਲਣਾ ਪਰਮੇਸ਼ੁਰ ਵੱਲੋਂ ਇੱਕ ਵਰਦਾਨ ਹੈ (ਰਸੂਲਾਂ ਦੇ ਕਰਤੱਬ 5:31, 11:18, 2 ਕੁਰਿੰਥੀਆਂ 7:10, 2 ਤਿਮੋਥਿਉਸ 2:25)। ਪਵਿੱਤਰ ਆਤਮਾ ਤੇ ਵਿਸ਼ਵਾਸ ਦੇ ਅਨੁਸਾਰ ਪ੍ਰਤੀਕ੍ਰਿਆ ਕਰਨਾ ਮਨ ਬਦਲਣਾ ਹੈ। ਜਿਵੇਂ ਹੀ ਅਸੀਂ ਆਪਣੇ ਸੋਚਣ ਦੇ ਤਰੀਕੇ ਬਦਲਦੇ ਹਾਂ, ਓਵੇਂ ਹੀ ਪਵਿੱਤਰ ਆਤਮਾ ਸਾਨੂੰ ਉਹਨਾਂ ਵਿਚਾਰਾਂ ਅਨੁਸਾਰ ਜ਼ੋ ਸਚਾਈ ਵੱਲੋ ਹਨ, ਚੱਲਣ ਦੀ ਸਮਰੱਥਾ ਦਿੰਦਾ ਹੈ। ਉਹ ਸਾਨੂੰ ਪਾਪ ਤੇ ਬਾਰੇ ਜਾਣੂ ਕਰਾਂਉਦਾ ਹੈ ਅਤੇ ਉਹ ਸਾਨੂੰ ਆਜ਼ਾਦੀ ਵਿੱਚ ਚੱਲਣ ਦੀ ਸ਼ਕਤੀ ਵੀ ਦਿੰਦਾ ਹੈ।

ਪ੍ਰਭੂ ਅਤੇ ਮੁਕਤੀਦਾਤਾ ਵਜੋਂ ਯਿਸੂ ਦੇ ਪ੍ਰਕਾਸ਼ਨ ਨੂੰ ਪ੍ਰਾਪਤ ਕਰਨਾ ਅਤੇ ਪਾਪਾਂ ਤੋਂ ਤੋਬਾ ਕਰਨ ਤੋਂ ਬਾਅਦ ਅੰਗੀਕਾਰ ਕਰਨਾ ਅਗਲਾ ਕਦਮ ਹੈ। ਯੂਹੰਨਾ ਦੇ ਬਪਤਿਸਮੇ ਵਿੱਚ, ਲੋਕਾਂ ਨੇ ਆਪਣੇ ਪਾਪਾਂ ਦਾ ਅੰਗੀਕਾਰ ਕਰਦੇ ਹੋਏ, ਪਾਣੀ ਨਾਲ ਬਪਤਿਸਮਾ ਲਿਆ (ਮੱਤੀ 3:6)। ਵਿਸ਼ਵਾਸ ਨੂੰ ਪੂਰਾ ਕੰਮ ਕਰਨ ਲਈ ਸਾਨੂੰ ਯਿਸੂ ਨੂੰ ਪ੍ਰਭੂ ਅਤੇ ਮੁਕਤੀਦਾਤਾ ਵਜੋਂ ਸਵੀਕਾਰ ਕਰਨ ਦੀ ਲੋੜ ਹੈ(ਰੋਮੀਆਂ 10:9, 1 ਤਿਮੋਥਿਉਸ 1:1)। ਦਿਲੋਂ ਅੰਗੀਕਾਰ ਕਰਨਾ ਪਵਿੱਤਰ ਆਤਮਾ ਦੇ ਕੰਮਾਂ ਦਾ ਫਲ ਹੈ (1 ਕੁਰਿੰਥੀਆਂ 12:3)।

ਅੰਤ ਵਿੱਚ ਵਿਸ਼ਵਾਸ, ਤੋਬਾ ਅਤੇ ਅੰਗੀਕਾਰ ਤੋਂ ਬਾਅਦ, ਸਾਨੂੰ ਇੱਕ ਹੋਰ ਕਦਮ ਚੁੱਕਣਾ ਪਵੇਗਾ, ਅਤੇ ਉਹ ਹੈ ਪਾਣੀ ਦਾ ਬਪਤਿਸਮਾ। ਪਾਣੀ ਵਿੱਚ ਬਪਤਿਸਮੇ ਲੈਣ ਦਾ ਉਦੇਸ਼ ਪਰਮੇਸ਼ੁਰ ਨੂੰ ਖੁਸ਼ ਕਰਨਾ ਹੈ। ਆਗਿਆਕਾਰੀ ਪ੍ਰਮੇਸ਼ਵਰ ਨੂੰ ਪ੍ਰਸੰਨ ਕਰਦੀ ਹੈ। ਜਿਸ ਕਿਸੇ ਨੂੰ ਵੀ ਪਵਿੱਤਰ ਆਤਮਾ ਕਾਇਲ ਕਰਦਾ ਹੈ ਉਸਨੂੰ ਪਾਣੀ ਨਾਲ ਬਪਤਿਸਮਾ ਲੈਣਾ ਚਾਹੀਦਾ ਹੈ, ਅਤੇ ਪ੍ਰਮੇਸ਼ਵਰ ਅਜਿਹੀ ਆਗਿਆਕਾਰੀ ਨਾਲ ਖੁਸ਼ ਹੁੰਦਾ ਹੈ।

ਮੈਂ ਇੱਕ ਵਿਹਾਰਕ ਉਦਾਹਰਣ ਦੇਣਾ ਚਾਹੁੰਦਾ ਹਾਂ। ਮੰਨ ਲਓ ਮੈਂ ਦਿੱਲੀ ਵਿੱਚ ਆਇਆ ਅਤੇ ਮੈਂ ਆ ਕੇ ਫਲੈਟ ਲੱਭਣ ਲੱਗਾ। ਮੈਂ ਇੱਕ ਮਕਾਨ ਮਾਲਕ ਨੂੰ ਮਿਲਿਆ ਅਤੇ ਮੈਂ ਉਸ ਨਾਲ ਚਾਹ ਪੀਂਦਿਆਂ ਉਸ ਨਾਲ ਗੱਲਾਂ ਕੀਤੀਆਂ। ਗੱਲਾਂ ਕਰਦੇ ਹੋਏ ਮੈਂ ਉਸ ਬਾਰੇ ਹੋਰ ਜਾਣਨ ਦੇ ਯੋਗ ਹੋਇਆ। ਫਿਰ ਉਹ ਮੇਰੇ ਨਾਲ ਫਲੈਟ ਵਿੱਚ ਰਹਿਣ ਬਾਰੇ ਗੱਲ ਕਰਨ ਲੱਗਾ। ਉਸ ਨੇ ਹਰ ਮਹੀਨੇ ਦਾ 10,000 ਰੁਪਏ ਮੰਗਿਆ, ਅਤੇ ਸਮਝਾਇਆ ਕਿ ਮੈਂ ਘਰ ਦੀ ਬਿਜਲੀ ਬਿੱਲਾਂ ਲਈ ਜ਼ਿੰਮੇਵਾਰ ਹੋਵਾਂਗਾ, ਅਤੇ ਜੇਕਰ ਕੁਝ ਖਰਾਬ ਹੁੰਦਾ ਹੈ, ਤਾਂ ਇਸ ਨੂੰ ਠੀਕ ਕਰਨਾ ਮੇਰਾ ਫਰਜ਼ ਹੈ। ਉਸ ਨੇ ਵਾਅਦਾ ਕੀਤਾ ਕਿ ਉਹ ਪਾਣੀ ਦਾ ਇੰਤਜਾਮ ਵੀ ਕਰੇਗਾ ਅਤੇ ਪੱਖੇ ਦਾ ਅਤੇਗੀਜ਼ਰ ਦਾ ਵੀ ਪ੍ਰਬੰਧ ਕਰੇਗਾ। ਫਿਰ ਮੈਂ ਉਸਨੂੰ ਕਿਹਾ ਕਿ ਮੈਂ ਇਹਨਾਂ ਗੱਲਾਂ ਨਾਲ ਸਹਿਮਤ ਹਾਂ, ਅਤੇ ਉਸ ਫਲੈਟ ਨੂੰ ਲੈਣਾ ਚਾਹੁੰਦੇ ਹਾਂ। ਬਾਅਦ ਵਿੱਚ ਮਕਾਨ ਮਾਲਕ ਸਮਝੌਤਾ(ਐਗਰੀਮੈਂਟ) ਬਨਵਾ ਕੇ ਲਿਆਇਆ ਅਤੇ ਅਸੀਂ ਦੋਵਾਂ ਨੇ ਇਸ 'ਤੇ ਦਸਤਖਤ ਕੀਤੇ। ਪਰ ਇੱਕ ਆਖ਼ਰੀ ਕਦਮ ਜ਼ਰੂਰੀ ਸੀ, ਕਿ ਅਸੀਂ ਉਸ ਸਮਝੌਤੇ ਨੂੰ ਸਰਕਾਰੀ ਦਫ਼ਤਰ ਲੈ ਜਾ ਕੇ ਮੋਹਰ ਲਗਵਾਈਏ। ਮੋਹਰ ਲੱਗਣ ਤੋਂ ਬਾਅਦ ਹੀ ਉਹ ਸਮਝੋਤਾ ਪੱਕਾ ਮੰਨਿਆ ਜਾਂਦਾ ਹੈ।

ਇਸੇ ਤਰ੍ਹਾਂ, ਯਿਸੂ ਅਤੇ ਉਸਦੇ ਕੰਮਾਂ ਨੂੰ ਜਾਣਨਾ ਵਿਸ਼ਵਾਸ ਹੈ। ਯਿਸੂ ਦੇ ਹੁਕਮਾਂ ਦੀ ਪਾਲਣਾ ਕਰਨਾ ਤੋਬਾ ਕਰਨਾ ਹੈ। ਅੱਗੇ ਵਧਣਾ ਜ਼ਬਾਨੀ ਸਹਿਮਤ ਹੋਣਾ ਅਤੇ ਸਵੀਕਾਰ ਕਰਨਾ ਹੈ। ਅੰਤ ਵਿੱਚ, ਪਾਣੀ ਦਾ ਬਪਤਿਸਮਾ ਸਵਰਗੀ ਮੋਹਰ ਵਰਗਾ ਹੈ ਜੋ ਯਿਸੂ ਮਸੀਹ ਨਾਲ ਸਾਡੇ ਸਮਝੋਤੇ 'ਤੇ ਮੋਹਰ ਲਗਾਉਂਦਾ ਹੈ। ਪਵਿੱਤਰ ਆਤਮਾ ਉਹ ਮੋਹਰ ਹੈ (ਅਫ਼ਸੀਆਂ 1:13-14)।

ਸਾਨੂੰ ਇਹ ਸਮਝਣਾ ਹੋਵੇਗਾ ਕਿ ਪਵਿੱਤਰ ਆਤਮਾ ਸਾਡੀ ਮੁਕਤੀ ਲਈ ਜ਼ਿੰਮੇਵਾਰ ਹੈ। ਪਰ ਇਹ ਰਿਸ਼ਤਾ ਪਵਿੱਤਰ ਆਤਮਾ ਨਾਲ ਕਿਵੇਂ ਸਥਾਪਿਤ ਹੋ ਜਾਦਾਂ ਹੈ? ਵਿਸ਼ਵਾਸ ਕਰਨਾ, ਤੋਬਾ ਕਰਨਾ, ਅੰਗੀਕਾਰ ਕਰਨਾ, ਅਤੇ ਪਾਣੀ ਦਾ ਬਪਤਿਸਮਾ ਲੈਣ ਤੋਂ ਬਆਦ ਪਵਿੱਤਰ ਆਤਮਾ ਸਾਡੇ ਅੰਦਰ ਰਹਿਣਾ ਸ਼ੁਰੂ ਹੋ ਜਾਂਦਾ ਹੈ। ਮੈਂ ਇਹ ਵੀ ਕਹਿਣਾ ਚਾਹੁੰਦੇ ਹੋ ਕਿ ਅਜਿਹੇ ਵਿਸ਼ਵਾਸੀ ਲੋਕ ਹੰਦੇ ਹਨ ਜੋ ਤੋਬਾ ਤਾ ਕਰਦੇ ਹਨ ਪਰ ਪਾਣੀ ਦਾ ਬਪਤਿਸਮਾ ਪ੍ਰਾਪਤ ਨਹੀ ਕਰਦੇ। ਉਹ ਕਈ ਵਾਰ ਅਗਿਆਨਤਾ ਕਾਰਨ, ਝੂਠੀਆਂ ਸਿੱਖਿਆਵਾਂ ਦੇ ਕਾਰਨ ਅਤੇ ਹੋਰ ਕਾਰਨਾਂ ਕਰਕੇ ਪਾਣੀ ਦਾ ਬਪਤਿਸਮਾ ਨਹੀ ਲੈਦੇ ਹਨ। ਪਵਿੱਤਰ ਆਤਮਾ ਇੱਕ ਸਖ਼ਤ ਫ਼ਰੀਸੀ ਵਰਗਾ ਨਹੀਂ ਹੈ। ਵਿਸ਼ਵਾਸ

ਕਰਨਾ, ਤੋਬਾ ਕਰਨਾ ਅਤੇ ਪਾਣੀ ਦਾ ਬਪਤਿਸਮਾ ਪ੍ਰਪਾਤ ਕਰਨ ਦੁਆਰਾ ਮੈਂ ਵਿਵਸਥਾ ਨਹੀਂ ਪਰ ਬਾਈਬਲ ਦੇ ਅਨੁਸਾਰ ਚੱਲਣਾ ਸਿੱਖਾ ਰਿਹਾ ਹਾਂ। ਜੇਕਰ ਤੁਸੀ ਸੱਚੇ ਵਿਸ਼ਵਾਸ ਵਿੱਚ ਚੱਲ ਰਹੇ ਹੋ ਅਤੇ ਅਜੇ ਤੱਕ ਪਾਣੀ ਦਾ ਬਪਤਿਸਮਾ ਨਹੀਂ ਲਿਆ ਤਾਂ ਮੈਂ ਤੁਹਾਨੂੰ ਦੋਸ਼ ਨਹੀਂ ਦਿੰਦਾ, ਪਰ ਤੁਹਾਨੂੰ ਉਤਸ਼ਾਹਿਤ ਕਰਦਾ ਹਾਂ ਕਿ ਜਿੰਨੀ ਜਲਦੀ ਹੋ ਸਕੇ ਪਾਣੀ ਦਾ ਬਪਤਿਸਮਾ ਲੈਣਾ ਚਾਹੀਦਾ ਹੈ। ਪਾਣੀ ਦਾ ਬਪਤਿਸਮਾ ਬਚਾਏ ਜਾਣ ਲਈ ਇੱਕ ਜ਼ਰੂਰੀ ਕਦਮ ਹੈ।

**ਸਾਡੇ ਅੰਦਰ ਰਹਿਣ ਵਾਲਾ**

ਹੇਠ ਲਿਖੀਆਂ ਆਇਤਾਂ ਸਾਡੇ ਅੰਦਰ ਰਹਿ ਰਹੇ ਪਵਿੱਤਰ ਆਤਮਾ ਨਾਲ ਸਾਡੇ ਰਿਸ਼ਤੇ ਬਾਰੇ ਹਨ।

*ਰਸੂਲਾਂ ਦੇ ਕਰਤੱਬ 2:38 ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ''ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰ ਇੱਕ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ ਤਦ ਤੁਸੀ ਪਵਿੱਤਰ ਆਤਮਾ ਦਾ ਵਰਦਾਨ ਪਾਂਓਗੇ।''*

*ਰੋਮੀਆਂ 8:9, 16 ਪਰ ਤੁਸੀਂ ਸਰੀਰਕ ਨਹੀਂ, ਸਗੋਂ ਆਤਮਿਕ ਹੋ ਜੇਕਰ ਪਰਮੇਸ਼ੁਰ ਦਾ ਆਤਮਾ ਸੱਚਮੁੱਚ ਤੁਹਾਡੇ ਵਿੱਚ ਵੱਸਦਾ ਹੈ, ਪ੍ਰੰਤੂ ਜਿਹ ਦੇ ਵਿੱਚ ਮਸੀਹ ਦੀ ਆਤਮਾ ਨਹੀਂ ਹੈ, ਤਾਂ ਉਹ ਉਸਦਾ ਨਹੀਂ ਹੈ... ਉਹ ਆਤਮਾ ਆਪ ਹੀ ਸਾਡੀ ਆਤਮਾ ਨਾਲ ਗਵਾਹੀ ਦਿੰਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਬੱਚੇ ਹਾਂ।*

*1 ਕੁਰਿੰਥੀਆਂ 6:19-20 ਕੀ ਤੁਸੀਂ ਨਹੀਂ ਜਾਣਦੇ ਕਿ ਤੁਹਾਡਾ ਸਰੀਰ ਪਵਿੱਤਰ ਆਤਮਾ ਦਾ ਮੰਦਰ ਹੈ ਜੋ ਤੁਹਾਡੇ ਵਿੱਚ ਹੈ, ਜੋ ਤੁਹਾਨੂੰ ਪਰਮੇਸ਼ੁਰ ਵੱਲੋਂ ਮਿਲਿਆ ਹੈ? ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ? ਅਤੇ ਤੁਸੀ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।*

*1 ਯੂਹੰਨਾ 4:13 ਉਹ ਨੇ ਆਪਣੇ ਆਤਮਾ ਵਿੱਚੋਂ ਸਾਨੂੰ ਦਾਨ ਕੀਤਾ ਹੈ।ਇਸ ਤੋਂ ਅਸੀਂ ਜਾਣਦੇ ਹਾਂ ਕਿ ਅਸੀਂ ਉਸ ਵਿੱਚ ਰਹਿੰਦੇ ਹਾਂ, ਅਤੇ ਉਹ ਸਾਡੇ ਵਿੱਚ ਰਹਿੰਦਾ ਹੈ।*

*2 ਤਿਮੋਥਿਉਸ 1:14 ਪਵਿੱਤਰ ਆਤਮਾ ਦੇ ਦੁਆਰਾ ਜੋ ਸਾਡੇ ਵਿੱਚ ਵੱਸਦਾ ਹੈ ਉਸ ਭਲੀ ਅਮਾਨਤ ਦੀ ਰੱਖਵਾਲੀ ਕਰ।*

ਜਿਵੇਂ ਹੀ ਅਸੀਂ ਯਿਸੂ ਤੇ ਪ੍ਰਭੂ ਅਤੇ ਮੁਕਤੀਦਾਤਾ ਕਰਕੇ ਵਿਸ਼ਵਾਸ ਕਰਦੇ ਹਾਂ, ਪਰਮੇਸ਼ੁਰ ਪਿਤਾ ਸਾਨੂੰ ਆਪਣੇ ਗੋਦ ਲਏ ਪੁੱਤਰਾਂ ਵਜੋਂ ਸਵੀਕਾਰ ਕਰਦਾ ਹੈ (ਯੂਹੰਨਾ 1:12-13 ਅਤੇ ਗਲਾਤੀਆਂ 4:5-6) ਅਤੇ ਉਸਨੇ ਤੁਰੰਤ ਹੀ ਸਾਨੂੰ ਸਭ ਤੋਂ ਕੀਮਤੀ ਤੋਹਫ਼ਾ ਦਿੱਤਾ, ਜੋ ਕਿ ਪਵਿੱਤਰ ਆਤਮਾ ਹੈ। ਜਿਵੇਂ ਹੀ ਅਸੀ ਬਚਾਏ ਜਾਂਦੇਂ ਹਾਂ, ਪਵਿੱਤਰ ਆਤਮਾ ਆ ਕੇ ਸਾਡੇ ਅੰਦਰ ਰਹਿਣਾ ਸ਼ੁਰੂ ਕਰ ਦਿੰਦਾ ਹੈ। ਇਹ ਬਹੁਤ ਮਹੱਤਵਪੂਰਨ ਗੱਲ ਹੈ ਕਿ ਉਹ ਸਾਡੇ ਅੰਦਰ ਰਹਿੰਦਾ ਹੈ। ਪਵਿੱਤਰ ਆਤਮਾ ਸਾਡੇ ਅੰਦਰ ਇਸ ਲਈ ਰਹਿੰਦਾ ਹੈ ਤਾਂ ਜੋ ਸਾਡੀਆਂ ਨਿੱਜੀ ਲੋੜਾਂ ਪੂਰੀਆਂ ਹੋਣ, ਅਸੀਂ ਪਿਤਾ ਪਰਮੇਸ਼ੁਰ ਅਤੇ ਯਿਸੂ ਨਾਲ ਸੰਗਤੀ ਕਰਨ ਦੇ ਯੋਗ ਹੋ ਸਕੀਏ, ਅਤੇ ਅਸੀਂ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਚੱਲਣ ਦੇ ਯੋਗ ਹੋ ਸਕੀਏ।

ਕੁਝ ਅਜਿਹੇ ਵਿਸ਼ਵਾਸੀ ਹਨ ਜਿਨ੍ਹਾਂ ਨੇ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕੀਤਾ ਹੈ, ਪਰ ਉਹ ਦੂਜੇ ਵਿਸ਼ਵਾਸੀਆਂ ਦਾ ਨਿਆ ਕਰਦੇ ਹਨ ਜਿਨ੍ਹਾਂ ਨੇ ਪਵਿੱਤਰ ਆਤਮਾ ਵਿੱਚ ਬਪਤਿਸਮਾ ਨਹੀਂ ਲਿਆ ਹੈ, ਉਹ ਨਿਆ ਕਰਦੇ ਹੋਏ ਕਹਿੰਦੇ ਹਨ, ''ਤੁਹਾਡੇ ਕੋਲ ਪਰਮੇਸ਼ੁਰ ਦਾ ਆਤਮਾ ਨਹੀਂ ਹੈ।'' ਇਹ ਬਹੁਤ ਗਲਤ ਹੈ ਅਤੇ ਪਰਮੇਸ਼ੁਰ

ਦੇ ਬਚਨ ਦੇ ਅਨੁਸਾਰ ਨਹੀਂ ਹੈ। ਪਵਿੱਤਰ ਆਤਮਾ ਹਰੇਕ ਸੱਚੇ ਵਿਸ਼ਵਾਸੀ ਦੇ ਅੰਦਰ ਰਹਿੰਦਾ ਹੈ, ਭਾਵੇਂ ਉਹਨਾਂ ਨੇ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕੀਤਾ ਹੋਵੇ ਜਾ ਨਾ।

**ਪਵਿੱਤਰ ਆਤਮਾ ਦਾ ਬਪਤਿਸਮਾ**

ਪਰ ਪਵਿੱਤਰ ਆਤਮਾ ਦਾ ਬਪਤਿਸਮਾ ਕੀ ਹੈ? ਪਵਿੱਤਰ ਆਤਮਾ ਦਾ ਬਪਤਿਸਮਾ ਉਦੋਂ ਹੁੰਦਾ ਹੈ ਜਦੋਂ ਪਵਿੱਤਰ ਆਤਮਾ ਇੱਕ ਵਿਸ਼ਵਾਸੀ ਉੱਤੇ ਦੂਜਿਆਂ ਦੀ ਸੇਵਾ ਕਰਨ ਲਈ ਉਤਰਦਾ ਹੈ। ਜਦੋਂ ਦੂਜਿਆਂ ਦੀ ਸੇਵਾ ਕਰਨ ਦਾ ਹੁਕਮ ਆਉਂਦਾ ਹੈ ਤਾਂ ਸਾਨੂੰ ਉਸ ਹੁਕਮ ਨੂੰ ਪੂਰਾ ਕਰਨ ਦੀ ਸ਼ਕਤੀ ਵੀ ਮਿਲਦੀ ਹੈ। ਇਹ ਪਵਿੱਤਰ ਆਤਮਾ ਦਾ ਬਪਤਿਸਮਾ ਹੈ।

ਅਸੀਂ ਸਰਲ ਤਰੀਕੇ ਨਾਲ ਕਹਿ ਸਕਦੇ ਹਾਂ ਕਿ ਪਵਿੱਤਰ ਆਤਮਾ ਮੇਰੇ ਲਾਭ ਲਈ ਮੇਰੇ ਅੰਦਰ ਰਹਿੰਦਾ ਹੈ ਅਤੇ ਦੂਜਿਆਂ ਦੇ ਭਲੇ ਲਈ ਮੇਰੇ ਉੱਤੇ ਉਤਰਦਾ ਹੈ।

ਆਉ ਅਸੀਂ ਯਿਸੂ ਅਤੇ ਰਸੂਲਾਂ ਦੀ ਸੇਵਕਾਈ ਨੂੰ ਵੇਖੀਏ ਅਤੇ ਬਾਈਬਲ ਨੂੰ ਪੜ੍ਹਦੇ ਸਮੇਂ ''ਪਰ'' ਸ਼ਬਦ ਵੱਲ ਧਿਆਨ ਦੇਈਏ।

*ਲੂਕਾ 3:21-22, 4:14, 18 ਜਦੋਂ ਸਾਰੇ ਲੋਕਾਂ ਨੇ ਬਪਤਿਸਮਾ ਲੈ ਲਿਆ ਅਤੇ ਯਿਸੂ ਵੀ ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਿਹਾ ਸੀ, ਤਾਂ ਅਜਿਹਾ ਹੋਇਆ ਕਿ ਅਕਾਸ਼ ਖੁਲ੍ਹ ਗਿਆ ਅਤੇ ਪਵਿੱਤਰ ਆਤਮਾ ਦੇਹ ਦਾ ਰੂਪ ਧਾਰ ਕੇ ਕਬੂਤਰ ਵਾਂਗ ਉਸ ਉੱਤੇ ਉਤਰਿਆ, ਅਤੇ ਸਵਰਗ ਤੋਂ ਇੱਕ ਅਵਾਜ਼ ਆਈ, ''ਤੂੰ ਮੇਰਾ ਪਿਆਰਾ ਪੁੱਤਰ ਹੈਂ, ਮੈਂ ਤੇਰੇ ਨਾਲ ਖੁਸ਼ ਹਾਂ।'' ਤਦ ਯਿਸੂ ਆਤਮਾ ਦੀ ਸ਼ਕਤੀ ਨਾਲ ਭਰਪੂਰ ਹੋ ਕੇ ਗਲੀਲ ਨੂੰ ਵਾਪਸ ਆਇਆ, ਅਤੇ ਉਸ ਦੀ ਖ਼ਬਰ ਆਲੇ-ਦੁਆਲੇ ਦੇ ਸਾਰੇ ਦੇਸ਼ ਵਿੱਚ ਫੈਲ ਗਈ ... ''ਪ੍ਰਭੂ ਯਹੋਵਾਹ ਦਾ ਆਤਮਾ ਮੇਰੇ ਉੱਤੇ ਹੈ, ਕਿਉਂ ਜੋ ਉਸਨੇ ਮੈਨੂੰ ਮਸਹ ਕੀਤਾ ਤਾਂ ਜੋ ਗਰੀਬਾਂ ਨੂੰ ਖੁਸ਼ਖਬਰੀ ਸੁਣਾਵਾਂ। ਅਤੇ ਉਸਨੇ ਮੈਨੂੰ ਇਸ ਲਈ ਭੇਜਿਆ ਹੈ ਕਿ ਬੰਦੀਆਂ ਨੂੰ ਛੁਟਕਾਰੇ ਦਾ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ, ਅਤੇ ਦੱਬੇ-ਕੁਚਲੇ ਹੋਇਆ ਨੂੰ ਛੁਡਾਵਾਂ ...*

*ਮੱਤੀ 12:18 ਵੇਖੋ, ਮੇਰਾ ਦਾਸ ਜਿਸ ਨੂੰ ਮੈਂ ਚੁਣਿਆ ਹੈ, ਮੇਰਾ ਪਿਆਰਾ, ਜਿਸ ਤੋਂ ਮੇਰਾ ਜੀਅ ਪ੍ਰਸੰਨ ਹੈ। ਮੈਂ ਆਪਣਾ ਆਤਮਾ ਉਸ ਦੇ ਉੱਤੇ ਰੱਖਾਂਗਾ, ਉਹ ਪਰਾਈਆ ਕੌਮਾਂ ਨੂੰ ਨਿਆ ਦੀ ਖ਼ਬਰ ਕਰੇਗਾ।''*

*ਯੂਹੰਨਾ 1:33 ਅਤੇ ਮੈਂ ਵੀ ਨਹੀਂ ਜਾਣਦਾ ਸੀ ਕਿ ਮਸੀਹ ਕੋਣ ਹੈ,ਪਰ ਮੈਨੂੰ ਪ੍ਰਮੇਸ਼ਵਰ ਨੇ ਭੇਜਿਆ ਹੈ ਕਿ ਮੈਂ ਲੋਕਾ ਨੂੰ ਜਲ ਨਾਲ ਬਪਤਿਸਮਾ ਦੇਵਾਂ ਤੇ ਪ੍ਰਮੇਸ਼ਵਰ ਨੇ ਮੈਨੂੰ ਦੱਸਿਆ, ਤੂੰ ਆਤਮਾ ਨੂੰ ਸਵਰਗ ਤੋਂ ਉੱਤਿਰਦਿਆਂ ਅਤੇ ਇੱਕ ਮਨੁੱਖ ਉੱਤੇ ਠਹਿਰਦਿਆਂ ਵੇਖੇਂਗਾ ਤੇ ਉਹ ਪਵਿੱਤਰ ਆਤਮਾ ਨਾਲ ਲੋਕਾਂ ਨੂੰ ਬਪਤਿਸਮਾ ਦੇਵੇਗਾ।''*

*ਰਸੂਲਾਂ ਦੇ ਕਰਤੱਬ 1:8 ''ਪਰ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਵਿੱਚ, ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਆਖਰੀ ਕਿਨਾਰੇ ਤੱਕ ਮੇਰੇ ਗਵਾਹ ਹੋਵੋਗੇ।''*

*ਰਸੂਲਾਂ ਦੇ ਕਰਤੱਬ 2:17-18 ਪਰਮੇਸੁਰ ਆਖਦਾ ਹੈ, ਕਿ ਅੰਤ ਦੇ ਦਿਨਾਂ ਵਿੱਚ ਅਜਿਹਾ ਹੋਵੇਗਾ ਕਿ ਮੈਂ ਆਪਣਾ ਆਤਮਾ ਸਾਰੇ ਲੋਕਾਂ ਉੱਤੇ ਵਹਾ ਦਿਆਂਗਾ। ਤੁਹਾਡੇ ਪੁੱਤਰ ਅਤੇ ਧੀਆਂ ਅਗੰਮ ਵਾਕ ਕਰਨਗੇ। ਤੁਹਾਡੇ ਜੁਆਨ ਦਰਸ਼ਣ ਵੇਖਣਗੇ ਅਤੇ ਤੁਹਾਡੇ ਬਜੁਰਗ ਸੁਪਨੇ ਵੇਖਣਗੇ। ਮੈਂ ਉਨ੍ਹਾਂ ਦਿਨਾਂ ਵਿੱਚ ਆਪਣੇ ਸੇਵਕਾਂ ਅਤੇ ਆਪਣੀਆਂ ਦਾਸੀਆਂ ਉੱਤੇ ਵੀ ਆਪਣਾ ਆਤਮਾ ਵਹਾਵਾਂਗਾ, ਅਤੇ ਉਹ ਭਵਿੱਖਬਾਣੀਆ ਕਰਨਗੇ।''*

ਧਿਆਨ ਦਿਓ ਕਿ ਇਹ ਨਹੀਂ ਲਿਖਿਆ ਗਿਆ ਹੈ ਕਿ ਪਵਿੱਤਰ ਆਤਮਾ ਯਿਸੂ ਜਾਂ ਰਸੂਲਾਂ ਦੇ ਅੰਦਰ ਆਇਆ, ਪਰ ਉਨ੍ਹਾਂ 'ਤੇ ਉਤਰਿਆ। ਹਰ ਵਾਰ ਜਦੋਂ ਪਵਿੱਤਰ ਆਤਮਾ ਕਿਸੇ ਉੱਤੇ ਉਤਰਦਾ ਹੈ, ਉਸ ਦੇ ਨਾਲ ਅਸੰਭਵ ਕੰਮ ਕਰਨ ਦਾ ਹੁਕਮ ਵੀ ਹੁੰਦਾ ਹੈ, ਜੋ ਪਵਿੱਤਰ ਆਤਮਾ ਦੀ ਸ਼ਕਤੀ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਕਿਸੇ ਉੱਤੇ ਪਵਿੱਤਰ ਆਤਮਾ ਦੇ ਉਤਰਨ ਦਾ ਨਤੀਜਾ ਇਹ ਹੈ ਕਿ ਉਸਨੂੰ ਸਵਰਗ ਵਿੱਚੋਂ ਹੁਕਮ ਦਿੱਤਾ ਗਿਆ ਹੈ। ਰਸੂਲਾਂ ਨੂੰ ਇਸ ਲਈ ਸ਼ਕਤੀ ਮਿਲੀ ਤਾਂ ਜੋ ਉਹ ਗਵਾਹ ਬਣ ਸਕਣ। ਕਿਸ ਤਰ੍ਹਾਂ ਦੇ ਗਵਾਹ? ਉਹ ਗਵਾਹ ਜੋ ਪਵਿੱਤਰ ਆਤਮਾ ਦੀ ਸ਼ਕਤੀ ਦੁਆਰਾ ਅੰਨ੍ਹੇ, ਬੋਲੇ ਅਤੇ ਲੰਗੜਿਆਂ ਨੂੰ ਚੰਗਾ ਕਰਨ ਅਤੇ ਦੁਸ਼ਟ ਆਤਮਾਂਵਾ ਨੂੰ ਕੱਢਣ ਦੇ ਯੋਗ ਹੋ ਸਕਣ (ਮੱਤੀ 11:5, 15:30-31, ਰਸੂਲਾਂ ਦੇ ਕਰਤੱਬ 5:14-16)। ਪਰਮੇਸ਼ੁਰ ਨੇ ਖੁਸ਼ਖਬਰੀ ਦਾ ਕੰਮ ਸਾਨੂੰ ਚਿੰਨ੍ਹ ਅਤੇ ਚਮਤਕਾਰ ਦੇ ਨਾਲ ਕਰਨ ਦੇ ਉਦੇਸ਼ ਨਾਲ ਸੌਂਪਿਆ ਹੈ (ਮਰਕੁਸ 16:17-20, 1 ਕੁਰਿੰਥੀਆਂ 2:4-5, 1 ਥੱਸਲੁਨੀਕੀਆਂ 1:5)। ਖੁਸ਼ਖਬਰੀ ਦਾ ਪ੍ਰਚਾਰ ਕਰਨਾ ਸਿਰਫ਼ ਵਚਨ ਨਹੀਂ, ਸਗੋਂ ਵਚਨ ਸ਼ਕਤੀ ਨਾਲ ਭਰਪੂਰ ਹੈ (1 ਕੁਰਿੰਥੀਆਂ 4:20)। ਹਰ ਵਿਸ਼ਵਾਸੀ ਜੋ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕਰਦਾ ਹੈ ਪਰਮੇਸ਼ੁਰ ਦਾ ਗਵਾਹ ਬਣਨ ਲਈ ਸ਼ਕਤੀ ਪ੍ਰਾਪਤ ਕਰਦਾ ਹੈ।

ਪਵਿੱਤਰ ਆਤਮਾ ਦਾ ਬਪਤਿਸਮਾ ਇਸ ਲਈ ਹੈ ਕਿ ਅਸੀਂ ਯਿਸੂ ਦੇ ਜੀਵਨ ਅਤੇ ਮੌਤ ਅਤੇ ਪੁਨਰ-ਉਥਾਨ ਦੇ ਗਵਾਹ ਬਣੀਏ, ਦੂਜਿਆਂ ਨੂੰ ਪਿਆਰ ਕਰੀਏ ਅਤੇ ਸ਼ੈਤਾਨ ਦੇ ਕੰਮਾਂ ਦਾ ਨਾਸ਼ ਕਰੀਏ। ਇਸ ਲਈ ਇਹ ਜ਼ਰੂਰੀ ਹੈ ਕਿ ਜੋ ਕੋਈ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਆਪਣੇ ਆਪ ਨੂੰ ਪ੍ਰਮੇਸ਼ਵਰ ਦੀ ਬੁਲਾਹਟ ਅਤੇ ਸੇਵਕਾਈ ਲਈ ਸਮਰਪਿਤ ਕਰਨਾ ਚਾਹੀਦਾ ਹੈ। ਇਹ ਪਾਣੀ ਵਿੱਚ ਡੁੱਬਣਾ ਨਹੀਂ ਹੈ, ਪਰ ਪਵਿੱਤਰ ਆਤਮਾ ਦੀ ਸ਼ਖਸੀਅਤ, ਮੌਜੂਦਗੀ ਅਤੇ ਸ਼ਕਤੀ ਵਿੱਚ ਹੈ। ਜਦੋਂ ਅਸੀਂ ਪਾਣੀ ਦਾ ਬਪਤਿਸਮਾ ਲੈਂਦੇ ਹਾਂ ਫਿਰ ਅਸੀਂ ਵਿਸ਼ਵਾਸ ਦੁਆਰਾ ਯਿਸੂ ਦੀ ਮੌਤ ਅਤੇ ਜੀ ਉੱਠਣ ਵਿੱਚ ਭਰੋਸਾ ਕਰਦੇ ਹਾਂ।ਇਸ ਲਈ ਅਸੀਂ ਨਵੇਂ ਜੀਵਨ ਵਿੱਚ ਚੱਲਦੇ ਹਾਂ (ਰੋਮੀਆਂ 6:3-4)। ਪਰ ਪਵਿੱਤਰ ਆਤਮਾ ਦਾ ਬਪਤਿਸਮਾ ਪਰਮੇਸ਼ੁਰ ਦੇ ਮਕਸਦ ਲਈ ਉਸਦੀ ਸ਼ਕਤੀ ਦੁਆਰਾ ਮਸਹ ਕੀਤੇ ਜਾਣਾਂ ਚਾਹੀਦਾ ਹੈ।

ਆਓ ਅਸੀਂ ਹੇਠ ਲਿਖੀਆਂ ਆਇਤਾਂ ਨੂੰ ਪੜ੍ਹੀਏ ਅਤੇ ਧਿਆਨ ਦੇਈਏ ਕਿ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਨਤੀਜੇ ਕੀ ਹਨ।

*ਰਸੂਲਾਂ ਦੇ ਕਰਤੱਬ 1:8 ''ਪਰ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਤੁਸੀਂ ਯਰੂਸ਼ਲਮ ਵਿੱਚ, ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਅਤੇ ਧਰਤੀ ਦੇ ਆਖਰੀ ਕੋਨੇ ਤੱਕ ਮੇਰੇ ਗਵਾਹ ਹੋਵੋਗੇ।''*

ਪਵਿੱਤਰ ਆਤਮਾ ਦੇ ਬਪਤਿਸਮੇ ਦਾ ਨਤੀਜਾ ਯਿਸੂ ਦੀ ਸ਼ਕਤੀਸ਼ਾਲੀ ਗਵਾਹੀ ਹੈ

*ਰਸੂਲਾਂ ਦੇ ਕਰਤੱਬ 2:1-4, 14, 36 ਜਦੋਂ ਪੰਤੇਕੁਸਤ ਦਾ ਦਿਨ ਆਇਆ, ਉਹ ਸਾਰੇ ਇੱਕ ਥਾਂ ਇਕੱਠੇ ਸਨ। ਅਚਾਨਕ ਅਕਾਸ਼ ਤੋਂ ਇੱਕ ਗੂੰਜ ਆਈ ਜਿਵੇਂ ਵੱਡੀ ਭਾਰੀ ਹਨੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ, ਭਰ ਗਿਆ। ਅਤੇ ਉਨ੍ਹਾਂ ਨੂੰ ਅੱਗ ਵਰਗੀਆਂ ਜੀਭਾਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਉਹ ਉਨ੍ਹਾਂ ਵਿੱਚੋਂ ਹਰ ਇੱਕ ਉੱਤੇ ਠਹਿਰ ਗਈਆਂ।ਤਦ ਉਹ ਸਾਰੇ ਪਵਿੱਤਰ ਆਤਮਾ ਨਾਲ ਭਰ ਗਏ, ਅਤੇ ਅਲੱਗ-ਅਲੱਗ ਭਾਸ਼ਾ ਵਿੱਚ ਬੋਲਣ ਲੱਗੇ ਜਿਵੇਂ ਕਿ ਆਤਮਾ ਨੇ ਉਨ੍ਹਾਂ ਨੂੰ ਬੋਲਣ ਦੀ ਸ਼ਕਤੀ ਦਿੱਤੀ ਸੀ।... ਤਦ ਪਤਰਸ ਉਹਨਾਂ ਗਿਆਰਾਂ ਚੇਲਿਆਂ ਦੇ ਨਾਲ ਖੜ੍ਹਾ ਹੋਇਆ ਅਤੇ ਉੱਚੀ ਅਵਾਜ਼ ਵਿੱਚ ਬੋਲਣ ਲੱਗਾ, ਹੇ ਯਹੂਦੀਓ ਅਤੇ ਯਰੂਸ਼ਲਮ ਦੇ ਸਭ ਰਹਿਣ ਵਾਲਿਓ, ਇਹ ਜਾਣੋ, ਅਤੇ ਮੇਰੀਆਂ ਗੱਲਾਂ ਨੂੰ ਧਿਆਨ ਨਾਲ ਸੁਣੋ ...*

*ਇਸ ਲਈ ਇਸਰਾਏਲ ਦਾ ਸਾਰਾ ਘਰਾਣਾ ਇਹ ਗੱਲ ਪੱਕੀ ਜਾਣ ਲਵੇ ਕਿ ਪਰਮੇਸ਼ੁਰ ਨੇ ਯਿਸੂ ਨੂੰ ਪ੍ਰਭੂ ਅਤੇ ਮਸੀਹ ਦੋਨੋ ਹੀ ਠਹਿਰਾਇਆ, ਜਿਸ ਨੂੰ ਤੁਸੀਂ ਸਲੀਬ ਉੱਤੇ ਚੜ੍ਹਾਇਆ ਸੀ।''*

ਪਵਿੱਤਰ ਆਤਮਾ ਨਾਲ ਭਰੇ ਹੋਏ ਲੋਕ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣ ਲੱਗੇ। ਪਤਰਸ, ਜਿਸ ਨੇ ਡਰ ਦੇ ਮਾਰੇ ਯਿਸੂ ਦਾ ਤਿੰਨ ਵਾਰ ਇਨਕਾਰ ਕੀਤਾ, ਹੋਸਲੇ ਅਤੇ ਦਲੇਰੀ ਨਾਲ ਉਨ੍ਹਾਂ ਲੋਕਾਂ ਨੂੰ ਖੁਸ਼ਖਬਰੀ ਦਾ ਪ੍ਰਚਾਰ ਸੁਣਾਇਆ ਜਿਨ੍ਹਾਂ ਨੇ ਯਿਸੂ ਨੂੰ ਮਾਰਿਆ ਸੀ।

*ਰਸੂਲਾਂ ਦੇ ਕਰਤੱਬ 10:44-46 ਜਦੋਂ ਪਤਰਸ ਇਹ ਗੱਲਾਂ ਕਰਦਾ ਹੀ ਸੀ ਕਿ ਪਵਿੱਤਰ ਆਤਮਾ ਬਚਨ ਦੇ ਸਭ ਸੁਣਨ ਵਾਲਿਆ ਤੇ ਉਤਰਿਆ। ਅਤੇ ਸਾਰੇ ਸੁੰਨਤ ਕੀਤੇ ਹੋਏ ਵਿਸ਼ਵਾਸੀ ਜਿਹੜੇ ਪਤਰਸ ਦੇ ਨਾਲ ਆਏ ਸਨ ਸਭ ਹੈਰਾਨ ਹੋ ਗਏ ਕਿ ਪਵਿੱਤਰ ਆਤਮਾ ਦੀ ਦਾਤ ਪਰਾਈਆਂ ਕੌਮਾਂ ਦੇ ਲੋਕਾਂ ਉੱਤੇ ਵੀ ਵਹਾਈ ਗਈ ਸੀ। ਕਿਉਂਕਿ ਉਨ੍ਹਾਂ ਨੇ ਉਨ੍ਹਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਦਿਆਂ ਅਤੇ ਪਰਮੇਸ਼ੁਰ ਦੀ ਉਸਤਤਿ ਕਰਦੇ ਸੁਣਿਆ ਸੀ।*

*ਰਸੂਲਾਂ ਦੇ ਕਰਤੱਬ 19:6 ਜਦੋਂ ਪੌਲੁਸ ਨੇ ਉਨ੍ਹਾਂ ਉੱਤੇ ਹੱਥ ਰੱਖੇ ਤਾਂ ਪਵਿੱਤਰ ਆਤਮਾ ਉਨ੍ਹਾਂ ਉੱਤੇ ਉੱਤਰਿਆ ਅਤੇ ਉਹ ਤਰ੍ਹਾਂ-ਤਰ੍ਹਾਂ ਦੀਆਂ ਭਾਸ਼ਾ ਬੋਲਣ ਲੱਗੇ ਅਤੇ ਭਵਿੱਖਬਾਣੀਆ ਕਰਨ ਲੱਗੇ।*

ਦੁਬਾਰਾ ਅਸੀਂ ਗੈਰ ਭਾਸ਼ਾ ਦਾ ਵਰਦਾਨ ਦੇਖ ਸਕਦੇ ਹਾਂ, ਅਤੇ ਭਵਿੱਖਬਾਣੀਆਂ ਦਾ ਵਰਦਾਨ ਵੀ ਦੇਖ ਸਕਦੇ ਹਾਂ।

ਅਧਿਆਇ ਛੇ ਅਤੇ ਸੱਤ ਵਿੱਚ ਅਸੀਂ ਹੋਰ ਡੂੰਘਾਈ ਨਾਲ ਸਿੱਖਾਂਗੇ ਕਿ ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨ ਲਈ ਪਵਿੱਤਰ ਆਤਮਾ ਦੀਆਂ ਦਾਤਾਂ ਕਿੰਨੀਆਂ ਮਹੱਤਵਪੂਰਨ ਹਨ। ਪਰ ਹੁਣ ਆਓ ਦੇਖੀਏ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਕੋਣ ਲੈ ਸਕਦਾ ਹੈ।

*ਰਸੂਲਾਂ ਦੇ ਕਰਤੱਬ 2:17-18 ਪਰਮੇਸ਼ੁਰ ਆਖਦਾ ਹੈ, ਅੰਤ ਦੇ ਦਿਨਾਂ ਵਿੱਚ ਅਜਿਹਾ ਹੋਵੇਗਾ ਕਿ ਮੈਂ ਆਪਣਾ ਆਤਮਾ ਸਾਰੇ ਲੋਕਾਂ ਉੱਤੇ ਵਹਾ ਦਿਆਂਗਾ। ਤੁਹਾਡੇ ਪੁੱਤਰ ਅਤੇ ਧੀਆਂ ਅਗੰਮ ਵਾਕ ਕਰਨਗੇ। ਤੁਹਾਡੇ ਜੁਵਾਨ ਦਰਸ਼ਣ ਵੇਖਣਗੇ ਅਤੇ ਤੁਹਾਡੇ ਬਜ਼ੁਰਗ ਸੁਪਨੇ ਵੇਖਣਗੇ। ਮੈਂ ਉਨ੍ਹਾਂ ਦਿਨਾਂ ਵਿੱਚ ਆਪਣੇ ਸੇਵਕਾਂ ਅਤੇ ਆਪਣੀਆਂ ਦਾਸੀਆਂ ਉੱਤੇ ਵੀ ਆਪਣਾ ਆਤਮਾ ਵਹਾਵਾਂਗਾ, ਅਤੇ ਉਹ ਵੀ ਅਗੰਮ ਵਾਕ ਕਰਨਗੇ।''*

*ਯੂਹੰਨਾ 14:17 ਇਹ ਸਹਾਇਕ ਸੱਚ ਦਾ ਆਤਮਾ ਹੈ। ਇਹ ਸੰਸਾਰ ਉਸ ਨੂੰ ਪ੍ਰਾਪਤ ਨਹੀਂ ਕਰ ਸਕਦਾ, ਕਿਉਂਕਿ ਸੰਸਾਰ ਨੇ ਉਸ ਨੂੰ ਨਾ ਤਾਂ ਵੇਖਿਆ ਹੈ ਅਤੇ ਨਾ ਹੀ ਉਸ ਨੂੰ ਜਾਣਦਾ ਹੈ। ਪਰ ਤੁਸੀਂ ਉਸਨੂੰ ਜਾਣਦੇ ਹੋ, ਕਿਉਂਕਿ ਉਹ ਤੁਹਾਡੇ ਨਾਲ ਰਹਿੰਦਾ ਹੈ ਅਤੇ ਤੁਹਾਡੇ ਵਿੱਚ ਹੋਵੇਗਾ।*

*ਲੂਕਾ 4:18-19 ''ਪ੍ਰਭੂ ਯਹੋਵਾਹ ਦਾ ਆਤਮਾ ਮੇਰੇ ਉੱਤੇ ਹੈ, ਕਿਉਂ ਜੋ ਉਸਨੇ ਮੈਨੂੰ ਮਸਹ ਕੀਤਾ ਤਾਂ ਜੋ ਗਰੀਬਾਂ ਨੂੰ ਖੁਸ਼ਖਬਰੀ ਸੁਣਾਵਾਂ, ਉਸ ਨੇ ਮੈਨੂੰ ਇਸ ਲਈ ਭੇਜਿਆ ਤਾਂ ਜੋ ਬੰਦੀਆ ਨੂੰ ਛੁਟਕਾਰੇ ਦਾ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ ਅਤੇ ਦੱਬੇ-ਕੁਚਲੇ ਹੋਇਆ ਨੂੰ ਛੁਡਾਵਾਂ। ਅਤੇ ਪ੍ਰਭੂ ਦੇ ਮਨਭਾਉਦੇਂ ਸਾਲ ਦਾ ਪ੍ਰਚਾਰ ਕਰਾਂ।*

ਪਰਮੇਸ਼ੁਰ ਸਾਰੇ ਵਿਸ਼ਵਾਸੀਆਂ ਉੱਤੇ ਆਪਣੀ ਪਵਿੱਤਰ ਆਤਮਾ ਵਹਾਉਣਾ ਚਾਹੁੰਦਾ ਹੈ। ਪਵਿੱਤਰ ਆਤਮਾ ਦਾ ਬਪਤਿਸਮਾ ਲੈਣ ਲਈ, ਦੋ ਗੱਲਾਂ ਜਰੂਰੀ ਹਨ: (1) ਉਸਨੂੰ ਯਿਸੂ ਮਸੀਹ ਵਿੱਚ ਸੱਚਾ ਵਿਸ਼ਵਾਸੀ ਹੋਣਾ ਚਾਹੀਦਾ ਹੈ,

(2) ਉਸਨੂੰ ਪਰਮੇਸ਼ੁਰ ਦੀ ਸੇਵਾ ਕਰਨ ਲਈ ਸਮਰਪਿਤ ਹੋਣਾ ਚਾਹੀਦਾ ਹੈ। ਪਵਿੱਤਰ ਆਤਮਾ ਦਾ ਬਪਤਿਸਮਾ ਸਿਰਫ਼ ਸਾਡੀ ਨਿੱਜੀ ਖੁਸ਼ੀ ਲਈ ਨਹੀਂ ਹੈ, ਨਾ ਹੀ ਸਾਡੀ ਸੇਵਕਾਈ ਨੂੰ ਵਧਾਉਣ ਦੀ ਸਾਡੀ ਸੁਆਰਥੀ ਇੱਛਾ ਲਈ, ਅਤੇ ਨਾ ਹੀ ਸਾਨੂੰ ਘਮੰਡੀ ਬਣਾਉਣ ਲਈ ਹੈ। ਇਹ ਬਪਤਿਸਮਾ ਸਿਰਫ਼ ਦੂਜਿਆਂ ਦੀ ਸੇਵਾ ਕਰਨ ਲਈ ਹੈ (1 ਕੁਰਿੰਥੀਆਂ 12:7)। ਸਾਰੀਆਂ ਸੁਆਰਥੀ ਇੱਛਾਵਾਂ ਸਾਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਲੈਣ ਤੋਂ ਰੋਕ ਸਕਦੀਆਂ ਹਨ।

ਆਓ ਦੇਖੀਏ ਕਿ ਅਸੀਂ ਇਸ ਨੂੰ ਵਿਹਾਰਕ ਤਰੀਕੇ ਨਾਲ ਕਿਵੇਂ ਪ੍ਰਾਪਤ ਕਰ ਸਕਦੇ ਹਾਂ।

*ਲੂਕਾ 11:9-13 ''ਇਸ ਲਈ ਮੈਂ ਤੁਹਾਨੂੰ ਆਖਦਾ ਹਾਂ, ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ ਲੱਭੋ ਤਾਂ ਤੁਹਾਨੂੰ ਲੱਭੇਗਾ, ਖੜਕਾਓ, ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ। ਕਿਉਂਕਿ ਹਰੇਕ ਜਿਹੜਾ ਮੰਗਦਾ ਹੈ, ਉਸ ਨੂੰ ਦਿੱਤਾ ਜਾਦਾਂ ਹੈ ਅਤੇ ਜਿਹੜਾ ਲੱਭਦਾ ਹੈ ਉਸ ਨੂੰ ਮਿਲਦਾ ਹੈ, ਅਤੇ ਜੋ ਖੜਕਾਉਂਦਾ ਹੈ ਉਸ ਲਈ ਖੋਲ੍ਹਿਆ ਜਾਦਾਂ ਹੈ, ਪਰ ਤੁਹਾਡੇ ਵਿੱਚੋਂ ਕਿਹੜਾ ਪਿਤਾ ਹੈ ਜਦ ਉਸ ਦਾ ਪੁੱਤਰ ਮੱਛੀ ਮੰਗੇ ਤਾਂ ਉਸ ਨੂੰ ਮੱਛੀ ਦੀ ਥਾਂ ਉਸ ਨੂੰ ਸੱਪ ਦੇਵੇਗਾ? ਜਾਂ ਜੇਕਰ ਕੋਈ ਆਂਡਾ ਮੰਗੇ ਤਾਂ ਉਹ ਆਪਣੇ ਪੁੱਤਰ ਨੂੰ ਬਿੱਛੂ ਦੇਵੇਗਾ?ਇਸ ਲਈ ਜੇਕਰ ਤੁਸੀਂ ਬੁਰੇ ਹੋ ਕੇ ਆਪਣੇ ਬੱਚਿਆਂ ਨੂੰ ਚੰਗੀਆਂ ਚੀਜ਼ਾਂ ਦੇਣੀਆਂ ਜਾਣਦੇ ਹੋ, ਤਾਂ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਕਿਉਂ ਨਾ ਦੇਵੇਗਾ।''*

*ਮੱਤੀ 5:6 ਧੰਨ ਹਨ ਉਹ ਜਿਹੜੇ ਧਰਮ ਦੇ ਭੁੱਖੇ ਅਤੇ ਪਿਆਸੇ ਹਨ, ਕਿਉਂਕਿ ਉਹ ਰੱਜਾਏ ਜਾਣਗੇ।*

ਸਾਲਾਂ ਦੌਰਾਨ ਮੈਂ ਇਹ ਦੋ ਗੱਲਾ ਦੇਖੀਆ ਹਨ ਕਿ ਪ੍ਰਮੇਸ਼ਵਰ ਤੋਂ ਕੁਝ ਵੀ ਪ੍ਰਾਪਤ ਕਰਨ ਲਈ ਆਤਮਿਕ ਭੁੱਖ ਅਤੇ ਵਿਸ਼ਵਾਸ ਦਾ ਹੋਣਾ ਸਭ ਤੋਂ ਜਰੂਰੀ ਹੈ।ਆਤਮਿਕ ਭੁੱਖ ਪਰਮਾਤਮਾ ਦੇ ਹੱਥ, ਮੌਜੂਦਗੀ ਅਤੇ ਧਿਆਨ ਨੂੰ ਆਕ੍ਰਸ਼ਿਤ ਕਰਦੀ ਹੈ, ਜਿਵੇਂ ਕਿ ਚੁੰਬਕ ਧਾਤ ਨੂੰ ਆਕ੍ਰਸ਼ਿਤ ਕਰਦਾ ਹੈ। ਇਸੇ ਤਰ੍ਹਾਂ ਉਦਾਸੀਨਤਾ ਪ੍ਰਮੇਸ਼ਵਰ ਦੀ ਮੌਜੂਦਗੀ ਨੂੰ ਦੂਰ ਕਰ ਦਿੰਦੀ ਹੈ, ਕਿਉਂਕਿ ਅਜਿਹੀਆਂ ਭਾਵਨਾਵਾਂ ਉਸ ਦੀ ਕਦਰ ਨਹੀਂ ਕਰਦੀਆਂ। ਪਰ ਕੇਵਲ ਆਤਮਿਕ ਭੁੱਖ ਹੀ ਕਾਫ਼ੀ ਨਹੀਂ ਹੈ। ਵਿਸ਼ਵਾਸ ਸਾਡੀ ਆਤਮਾ ਦੀ ਯੋਗਤਾ ਹੈ ਉਹ ਪ੍ਰਾਪਤ ਕਰਨ ਲਈ ਜੋ ਪਰਮੇਸ਼ੁਰ ਨੇ ਸਾਨੂੰ ਪਹਿਲਾਂ ਹੀ ਦਿੱਤਾ ਹੈ। ਹਰ ਜਗ੍ਹਾ ਜਿੱਥੇ ਲੋਕ ਸੱਚਮੁੱਚ ਭੁੱਖੇ ਸਨ ਅਤੇ ਵਿਸ਼ਵਾਸ ਵਿੱਚ ਸਨ, ਪਰਮੇਸ਼ੁਰ ਨੇ ਹਮੇਸ਼ਾ ਜਵਾਬ ਦਿੱਤਾ। ਕਈ ਵਾਰ ਆਤਮਿਕ ਭੁੱਖ ਅਤੇ ਵਿਸ਼ਵਾਸ ਨੂੰ ਕੁਝ ਸਮੇਂ ਲਈ ਪਰਖਿਆ ਜਾ ਸਕਦਾ ਹੈ, ਪਰ ਅੰਤ ਵਿੱਚ ਪ੍ਰਮੇਸ਼ਵਰ ਜਵਾਬ ਦਿੰਦਾ ਹੈ। ਜੇਕਰ ਤੁਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਲਈ ਭੁੱਖੇ ਹੋ ਅਤੇ ਤੁਹਾਨੂੰ ਵਿਸ਼ਵਾਸ ਹੈ, ਤਾਂ ਤੁਸੀਂ ਉਸ ਅਨੁਭਵ ਤੋਂ ਦੂਰ ਨਹੀਂ ਹੋ। ਤੁਹਾਨੂੰ ਸਿਰਫ਼ ਵਿਸ਼ਵਾਸ ਦੁਆਰਾ ਇਸ ਨੂੰ ਪ੍ਰਾਪਤ ਕਰਨ ਦੀ ਲੋੜ ਹੈ. ਮੈਂ ਆਪਣੀ ਗਵਾਹੀ ਦੇਵਾਂਗਾ।

**ਪਵਿੱਤਰ ਆਤਮਾ ਵਿੱਚ ਮੇਰਾ ਬਪਤਿਸਮਾ**

ਜਦੋਂ ਮੈਂ 19 ਸਾਲਾਂ ਦਾ ਸੀ ਤਾਂ ਮੈਂ ਵਿਸ਼ਵਾਸ ਵਿੱਚ ਨਵਾਂ ਸੀ ਅਤੇ ਪ੍ਰਭੂ ਨੂੰ ਲੈ ਕੇ ਬਹੁਤ ਜੋਸ਼ ਨਾਲ ਭਰਿਆ ਸੀ। ਮੈਂ ਇੱਕ ਔਰਤ ਨਾਲ ਦੋਸਤੀ ਕੀਤੀ ਸੀ ਜੋਂ ਮੇਰੀ ਹੀ ਵਿੱਚ ਚਰਚ ਜਾਂਦੀ ਸੀ, ਅਤੇ ਉਸਦੀ ਧੀ ਹਾਈ ਸਕੂਲ ਵਿੱਚ ਮੇਰੀ ਦੋਸਤ ਸੀ। ਉਸ ਔਰਤ ਦਾ ਨਾਂ ਸੂਸਨ ਵੈਡਲ ਸੀ। ਮੈਂ ਉਸ ਦੇ ਘਰ ਉਸ ਤੋਂ ਬਹੁਤ ਕੁਝ ਸਿੱਖਿਆ। ਚਰਚ ਵਿੱਚ ਇੱਕ ਨਵੇਂ ਵਿਸ਼ਵਾਸੀ ਹੋਣ ਦੇ ਨਾਤੇ, ਮੈਂ ਹੌਲੀ ਹੌਲੀ ਪਵਿੱਤਰ ਆਤਮਾ ਬਾਰੇ ਜਾਣਨਾ ਸ਼ੁਰੂ ਕੀਤਾ। ਕਿਉਂਕਿ ਪਵਿੱਤਰ ਆਤਮਾ ਦੇ ਵਰਦਾਨ ਚਰਚ ਵਿੱਚ ਬਹੁਤ ਜਿਆਦਾ ਦਿਖਾਈ ਨਹੀਂ ਦਿੰਦੇ ਸਨ, ਇਸ ਲਈ ਮੈਨੂੰ ਨਹੀਂ ਪਤਾ ਸੀ ਕਿ ਉਹ ਕਿਸ ਤਰ੍ਹਾਂ ਦੇ ਸਨ। ਸੂਸਨ ਨੇ ਮੈਨੂੰ ਇੱਕ ਕਿਤਾਬ ਦਿੱਤੀ ਜੋ ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਵਰਦਾਨਾ ਬਾਰੇ ਸੀ। ਕਿਤਾਬ ਪੜ੍ਹਦਿਆਂ ਮੈਨੂੰ ਅਹਿਸਾਸ ਹੋਇਆ ਕਿ ਆਤਮਿਕ ਦੁਨੀਆਂ ਬਹੁਤ ਵੱਡੀ ਹੈ ਜਿਸ ਬਾਰੇ ਮੈਂ ਬਹੁਤ ਘੱਟ ਜਾਣਦਾ ਸੀ। ਇਸ ਬਪਤਿਸਮੇ ਅਤੇ ਵਰਦਾਨਾ ਲਈ ਮੇਰੀ ਭੁੱਖ ਹੋਰ ਵੱਧ

ਗਈ। ਜਿਵੇਂ ਹੀ ਮੈਂ ਇਸ ਕਿਤਾਬ ਨੂੰ ਪੜ੍ਹਿਆ, ਮੈਨੂੰ ਸਮਝ ਆਇਆ ਕਿ ਇਹ ਇੱਕ ਅਲੌਕਿਕ ਅਨੁਭਵ ਹੈ ਜਿਸਦੀ ਨਕਲ ਕੋਈ ਨਹੀਂ ਕਰ ਸਕਦਾ। ਪ੍ਰਮੇਸ਼ਵਰ ਮੈਨੂੰ ਅਲੌਕਿਕ ਤਰੀਕੇ ਨਾਲ ਛੂਹਣ ਵਾਲਾ ਸੀ।

ਇਸ ਪੁਸਤਕ ਨੂੰ ਪੜ੍ਹਨ ਤੋਂ ਪਹਿਲਾਂ, ਮੈਂ ਪਰਮੇਸ਼ੁਰ ਦੇ ਪਿਆਰ ਦੇ ਕਾਰਨ ਰੋਦਾਂ ਸੀ ਅਤੇ ਕਈ ਵਾਰ ਦਰਸ਼ਨ ਵੀ ਵੇਖੇ ਸਨ, ਪਰ ਮੈਨੂੰ ਪਵਿੱਤਰ ਆਤਮਾ ਦੀ ਅੱਗ ਅਤੇ ਸ਼ਕਤੀ ਦਾ ਅਨੁਭਵ ਅਜੇ ਤੱਕ  ਨਹੀਂ ਹੋਇਆ ਸੀ ਜਿਸ ਬਾਰੇ ਇਸ ਕਿਤਾਬ ਵਿੱਚ ਲਿਖਿਆ ਗਿਆ ਹੈ। ਮੈਂ ਬਹੁਤ ਉਤਸ਼ਾਹਿਤ ਅਤੇ ਭੁੱਖਾ ਰਿਹਾ, ਪਰ ਮੈਨੂੰ ਸਮਝ ਨਹੀਂ ਆ ਰਿਹਾ ਸੀ ਕਿ ਇਹ ਕਿਵੇਂ ਹੋਵੇਗਾ। ਮੈਂ ਉਸ ਗੈਰ ਭਾਸ਼ਾ ਵਿੱਚ ਕਿਵੇਂ ਗੱਲ ਕਰਾਂ ਜਿਸ ਬਾਰੇ ਮੈਨੂੰ ਨਹੀਂ ਪਤਾ? ਜਦੋਂ ਪਵਿੱਤਰ ਆਤਮਾ ਮੇਰੇ ਉੱਤੇ ਆਵੇਗਾ ਤਾਂ ਮੈਂ ਕੀ ਅਨੁਭਵ ਕਰਾਂਗਾ? ਸਮਝ ਨਾ ਆਉਣ ਕਾਰਨ ਮੈਂ ਥੋੜ੍ਹਾ ਘਬਰਾਉਣ ਲੱਗਾ। ਕਿਤਾਬ ਦਾ ਦੋ ਤਿਹਾਈ ਹਿੱਸਾ ਪੜ੍ਹਨ ਤੋਂ ਬਾਅਦ ਮੈਂ ਸੂਸਨ ਨੂੰ ਫੋਨ ਕੀਤਾ ਅਤੇ ਕਿਹਾ ਕਿ ਮੈਂ ਇੱਕ ਦਿਨ ਵੀ ਹੋਰ ਇੰਤਜ਼ਾਰ ਨਹੀਂ ਕਰ ਸਕਦਾ,  ਮੈਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਲੋੜ ਹੈ! ਉਸ ਦੇ ਘਰ ਪਹੁੰਚਣ ਤੋਂ ਪਹਿਲਾਂ ਮੈਂ ਇੰਨਾ ਘਬਰਾ ਗਿਆ ਕਿ ਮੇਰਾ ਸਰੀਰ ਕੰਬਣ ਲੱਗਾ। ਸੂਸਨ ਨੇ ਆਪਣੇ ਘਰ ਵਿੱਚ ਮੇਰਾ ਸੁਆਗਤ ਕੀਤਾ ਅਤੇ ਮੇਰੇ ਲਈ ਪੀਜ਼ਾ ਆਰਡਰ ਕੀਤਾ। ਪਰ ਮੈਂ ਇੰਨਾ ਘਬਰਾਇਆ ਹੋਇਆ ਸੀ ਕਿ ਮੈਂ ਕੁਝ ਨਹੀਂ ਖਾ ਸਕਦਾ ਸੀ। ਕੁਝ ਹੋਰ ਲੋਕ ਮੇਰੇ ਲਈ ਪ੍ਰਾਰਥਨਾ ਕਰਨ ਲਈ ਉਸਦੇ ਘਰ ਆਏ ਸਨ।

ਫਿਰ ਮੈਂ ਜ਼ਮੀਨ ’ਤੇ ਬੈਠ ਗਿਆ ਅਤੇ ਉਹ ਮੇਰੇ ਦੁਆਲੇ ਬੈਠ ਗਏ। ਉਨ੍ਹਾਂ ਨੇ ਮੇਰੇ ਉੱਤੇ ਹੱਥ ਰੱਖੇ ਅਤੇ ਗੈਰ ਭਾਸ਼ਾ ਵਿੱਚ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ। ਮੈਂ ਆਪਣੇ ਆਤਮਾ ਵਿੱਚ ਇਹ ਪ੍ਰਾਰਥਨਾ ਕੀਤੀ, ਹੇ ਪਿਤਾ, ਮੈਂ ਪਵਿੱਤਰ ਆਤਮਾ ਦਾ ਬਪਤਿਸਮਾ ਚਾਹੁੰਦਾ ਹਾਂ। ਮੈਨੂੰ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀ ਕਿ ਉਹ ਕੀ ਹੈ।ਹਾਂ, ਪਰ ਮੈਂ ਜਾਣਦਾ ਹਾਂ ਕਿ ਇਹ ਤੁਹਾਡੇ ਵੱਲੋਂ ਹੈ। ਜੋ ਵੀ ਤੁਸੀਂ ਮੈਨੂੰ ਦੇਣਾ ਚਾਹੁੰਦੇ ਹੋ, ਮੈਂ ਸਵੀਕਾਰ ਕਰਨਾ ਚਾਹੁੰਦਾ ਹਾਂ। ਮੈਨੂੰ ਹੋਰ ਭਾਸ਼ਾ ਵਿੱਚ ਬੋਲਣਾ ਨਹੀਂ ਆਉਂਦਾ।ਮੈਨੂੰ ਆਪਣੀ ਪਵਿੱਤਰ ਆਤਮਾ ਨਾਲ ਭਰ ਦਿਓ।”

ਪ੍ਰਾਰਥਨਾ ਕਰਦੇ ਸਮੇਂ ਮੈਂ ਇਹ ਮਹਿਸੂਸ ਕੀਤਾ ਕਿ ਇੱਕ ਸ਼ਕਤੀਸ਼ਾਲੀ ਬਿਜਲੀ ਮੇਰੇ ਸਰੀਰ ਅੰਦਰ ਵਹਿ ਗਈ। ਉਹ ਬਿਜਲੀ ਮੇਰੇ ਹੱਥਾਂ ਦੁਆਰਾ ਦਾਖਲ ਹੋਈ ਅਤੇ ਮੇਰਾ ਸਾਰਾ ਸਰੀਰ ਬੁਰੀ ਤਰ੍ਹਾਂ ਨਾਲ ਹਿਲ ਗਿਆ। ਉਹ ਸ਼ਕਤੀ ਇੰਨੀ ਜਬਰਤਸਤ ਸੀ ਕਿ ਮੇਰੇ ਸਾਹਮਣੇ ਬੈਠਾ ਮੇਰਾ ਦੋਸਤ ਪਿੱਛੇ ਡਿੱਗ ਗਿਆ। ਜੋ ਕੁਝ ਵਾਪਰਿਆ ਉਸ ਨੂੰ ਸਮਝਾਉਣਾ ਬਹੁਤ ਮੁਸ਼ਕਲ ਹੈ, ਪਰ ਮੈਂ ਕੋਸ਼ਿਸ਼ ਕਰਾਂਗਾ। ਮੈਂ ਮਹਿਸੂਸ ਕੀਤਾ ਕਿ ਮੇਰੀ ਆਤਮਾ ਮੇਰੇ ਸਰੀਰ ਵਿੱਚੋਂ ਨਿਕਲ ਕੇ ਉਹ ਸਵਰਗ ਵਿੱਚ ਕਿਤੇ ਪ੍ਰਮੇਸ਼ਵਰ ਦੇ ਨਾਲ ਮ’’ਜੂਦ ਸੀ। ਮੈਂ ਸਿਰਫ ਤੇਜ ਚਮਕਦੀ ਹੋਈ ਰੋਸ਼ਨੀ ਦੇਖ ਸਕਿਆ, ਪਰ ਮੈਂ ਅਜਿਹੀ ਖੁਸ਼ੀ, ਸ਼ਾਂਤੀ ਅਤੇ ਪਿਆਰ ਦਾ ਅਨੁਭਵ ਕੀਤਾ ਜੋ ਸਮਝ ਤੋਂ ਬਾਹਰ ਸੀ। ਲਗਭਗ 95 ਪ੍ਰਤੀਸ਼ਤ ਮੇਰਾ ਧਿਆਨ ਸਵਰਗ ਵੱਲ ਸੀ, ਪਰ 5 ਪ੍ਰਤੀਸ਼ਤ ਮੇਰਾ ਧਿਆਨ ਧਰਤੀ ਵੱਲ ਸੀ, ਜਿੱਥੇ ਮੈਂ ਬੈਠਾ ਸੀ। ਜਦੋਂ ਮੇਰੀ ਆਤਮਾ ਸਵਰਗ ਵਿੱਚ ਸੀ, ਮੈਂ ਕਿਸੇ ਨੂੰ ਗੈਰ ਭਾਸ਼ਾ ਵਿੱਚ ਤੇਜ਼ੀ ਨਾਲ ਬੋਲਦਿਆਂ ਸੁਣ ਰਿਹਾ ਸੀ। ਮੇਰੀ ਆਤਮਾ ਨੇ ਸੋਚਿਆ, ਉਹ ਕੌਣ ਹੈ ਜੋ ਗੈਰ ਭਾਸ਼ਾ ਵਿੱਚ ਗੱਲ ਕਰ ਰਹੇ ਹੈ?” ਜਿਵੇਂ ਹੀ ਮੈਂ ਆਪਣੇ ਆਪ ਨੂੰ ਸਵਾਲ ਪੁੱਛਿਆ, ਮੈਨੂੰ ਅਹਿਸਾਸ ਹੋਇਆ ਕਿ ਇਹ ਤਾਂ ਮੇਰਾ ਸਰੀਰ ਬੋਲ ਰਿਹਾ ਸੀ!

ਫਿਰ ਇੱਕ ਸਕਿੰਟ ਦੇ ਅੰਦਰ ਮੈਂ ਅਚਾਨਕ ਮੇਰੇ ਸਰੀਰ ਵਿੱਚ ਵਾਪਸ ਆ ਗਿਆ।ਮੈਨੂੰ ਨਹੀਂ ਪਤਾ ਕਿ ਮੈਂ ਗੈਰ ਭਾਸ਼ਾ ਵਿੱਚ ਕੀ ਕਹਿ ਰਿਹਾ ਸੀ। ਉਹ ਵਗਦੀ ਹੋਈ ਨਦੀ ਵਾਂਗ ਮੇਰੇ ਮੂੰਹੋਂ ਵਿੱਚੋਂ ਨਿਕਲ ਰਹੀ ਸੀ। ਜਦੋਂ ਮੈਂ ਪੂਰੀ ਤਰ੍ਹਾਂ ਆਪਣੇ ਸਰੀਰ ਵਿੱਚ ਸਚੇਤ ਹੋਇਆ, ਤਾਂ ਮੇਰਾ ਗੈਰ ਭਾਸ਼ਾ ਵਿੱਚ ਬੋਲਣਾ ਬੰਦ ਹੋ ਗਿਆ।ਉਹ ਤਜਰਬਾ ਬਹੁਤ ਵੱਡਾ ਅਤੇ ਤੀਬਰ ਸੀ, ਅਤੇ ਮੇਰੀਆਂ ਉਮੀਦਾਂ ਤੋਂ ਕਿਤੇ ਵੱਧ ਸੀ।ਜਦੋਂ ਮੇਰੀ ਆਤਮਾ ਸਵਰਗ ਵਿੱਚ ਸੀ, ਤਾਂ ਮੈਂ ਮਹਿਸੂਸ ਕੀਤਾ ਕਿ ਸਿਰਫ 3 ਤੋਂ 4 ਸਕਿੰਟਾਂ ਹੀ ਬੀਤੇ ਸਨ, ਪਰ ਅਸਲ ਵਿਚ ਬਹੁਤ ਜਿਆਦਾ ਸਮਾਂ ਲੰਘ ਗਿਆ ਸੀ। ਜਿਹੜੇ ਲੋਕ ਮੇਰੇ ਕੋਲ ਬੈਠ ਕੇ ਮੇਰੇ ਵੱਲ ਦੇਖ ਰਹੇ ਸਨ ਉਹਨਾਂ ਨੇ ਕਿਹਾ ਕਿ ਇਹ ਮੇਰੇ ਸੋਚਣ ਤੋਂ ਕਿਧੱਰੇ ਵੱਧ ਸਮਾਂ ਲੱਗਿਆ ਸੀ। ਮੈਂ ਇੰਨੀ ਖੁਸ਼ੀ, ਸ਼ਾਂਤੀ ਅਤੇ ਪਿਆਰ ਨਾਲ ਭਰਪੂਰ ਸੀ ਕਿ ਮੈਂ ਇਸ ਨੂੰ ਕਿਸੇ

ਤਰ੍ਹਾਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ ਸੀ। ਜੇ ਕੋਈ ਮੈਨੂੰ ਕਰੋੜਾਂ ਰੁਪਏ ਵੀ ਦੇਣ ਦੀ ਗੱਲ ਕਰਦਾ ਹਾਂ, ਤਾਂ ਉਹ ਪੈਸਾ ਉਸ ਅਨੁਭਵ ਦੇ ਅੱਗੇ ਸੜੇ ਹੋਏ ਕੂੜੇ ਵਾਂਗ ਸਨ।

ਖੁਸ਼ੀ ਮਨਾਉਣ ਤੋਂ ਬਾਅਦ ਮੈਂ ਆਪਣੀ ਕਾਰ ਵਿਚ ਆਪਣੇ ਘਰ ਚਲਾ ਗਿਆ। ਮੈਂ ਧੰਨਵਾਦੀ ਤਾਂ ਸੀ, ਪਰ ਮੈਨੂੰ ਕੁਝ ਗੜਬੜੀ ਜਿਹੀ ਲੱਗੀ। ਮੈਂ ਹੋਰਾਂ ਨੂੰ ਗੈਰ ਭਾਸ਼ਾ ਵਿੱਚ ਬੋਲਦਿਆਂ ਦੇਖਿਆ, ਅਤੇ ਇਹ ਮੈਨੂੰ ਲੱਗਿਆ ਕਿ ਉਹ ਜਦੋਂ ਚਾਹੁੰਦੇ ਹਨ, ਉਹ ਬੋਲ ਸਕਦੇ ਹਨ। ਪਰ ਉਸ ਤਜਰਬੇ ਦੌਰਾਨ ਮੇਰੇ ਵੱਸ ਵਿੱਚ ਨਹੀਂ ਸੀ ਕਿ ਮੈਂ ਦੁਬਾਰਾ ਗੈਰ ਭਾਸ਼ਾ ਵਿੱਚ ਕਿਵੇਂ ਗੱਲ ਕਰਾਂ? ਮੈਂ ਪ੍ਰਭੂ ਨੂੰ ਪੁੱਛਿਆ, ਅਤੇ ਉਸੇ ਵੇਲੇ ਵੱਖੋ-ਵੱਖਰੇ ਅਜੀਬੋ-ਗਰੀਬ ਸ਼ਬਦ ਤੁਰੰਤ ਮੇਰੇ ਦਿਮਾਗ ਵਿਚ ਆਏ। ਮੈਂ ਇਹ ਸ਼ਬਦ ਬਾਰ ਬਾਰ ਬੋਲਣ ਲੱਗਾ, ਅਤੇ ਜਿਵੇਂ-ਜਿਵੇਂ ਮੈਂ ਬੋਲਦਾ ਰਿਹਾ, ਮੈਨੂੰ ਹੋਰ ਸ਼ਬਦ ਮਿਲਣ ਲੱਗੇ। ਹੁਣ ਮੈਂ ਬਿਨਾਂ ਸੋਚੇ-ਸਮਝੇ ਬੋਲਦਾ ਰਹਿ ਸਕਦਾ ਹਾਂ। ਭਵਿੱਖਬਾਣੀ ਦਾ ਵਰਦਾਨ ਵੀ ਮੈਨੂੰ ਉਸ ਵੇਲੇ ਮਿਲਿਆ ਹੈ, ਅਤੇ ਮੈਂ ਦਰਸ਼ਣ ਦੇਖ ਕੇ ਮੈਂ ਦੂਜਿਆਂ ਨੂੰ ਭਵਿੱਖਬਾਣੀ ਦੱਸਣ ਲੱਗਾ। ਇਹ ਅਨੁਭਵ ਪਵਿੱਤਰ ਆਤਮਾ ਦੇ ਨਾਲ ਇੱਕ ਨਵੇਂ ਮਾਰਗ ਵਾਂਗ ਸੀ।

ਤੁਹਾਨੂੰ ਇਹ ਸਮਝਣ ਦੀ ਲੋੜ ਹੈ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਪਵਿੱਤਰ ਆਤਮਾ ਨਾਲ ਚੱਲਣ ਦੀ ਸ਼ੁਰੂਆਤ ਹੈ। ਇਹ ਖੁਸ਼ਖਬਰੀ ਦੇ ਕੰਮ ਵਿੱਚ ਸਾਡੀ ਅਤੇ ਪਵਿੱਤਰ ਆਤਮਾ ਦੀ ਭਾਗੀਦਾਰੀ ਹੈ। ਇਹ ਸ਼ੁਰੂਆਤ ਹੈ, ਅੰਤ ਨਹੀਂ। ਕਈ ਸਾਲਾਂ ਤੋਂ ਮੈਂ ਲੋਕਾਂ ਨੂੰ ਪੁੱਛਿਆ ਹੈ, "ਕੀ ਤੁਸੀਂ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕੀਤਾ?" ਕੁਝ ਲੋਕ ਇਸ ਤਰ੍ਹਾਂ ਜਵਾਬ ਦਿੰਦੇ ਹਨ, "ਹਾਂ! ਤਕਰੀਬਨ ਵੀਹ ਸਾਲ ਪਹਿਲਾਂ ਮਿਲਿਆ ਸੀ।" ਫਿਰ ਮੈਂ ਪੁੱਛਦਾ ਹਾਂ, "ਉਸ ਤੋਂ ਬਾਅਦ ਤੁਹਾਡੀ ਜਿੰਦਗੀ ਵਿਚ ਕੀ ਕੀ ਹੋਇਆ?" ਬਹੁਤੇ ਲੋਕ ਬਹੁਤ ਸੋਚਣ ਤੋਂ ਬਆਦ ਵੀ ਜਵਾਬ ਦੇਣ ਤੋਂ ਅਸਮਰੱਥ ਹੁੰਦੇ ਹਨ। ਕੁਝ ਲੋਕ ਕਹਿੰਦੇ ਹਨ, ਮੈਂ ਗੈਰ ਭਾਸ਼ਾ ਵਿੱਚ ਬੋਲਿਆ! ਮੈਨੂੰ ਇਹ ਮਿਲ ਗਿਆ ਹੈ!ਪਰ ਅਜਿਹੇ ਲੋਕ ਇਹ ਸਮਝਣ ਵਿੱਚ ਅਸਫਲ ਰਹਿੰਦੇ ਹਨ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਸ਼ੁਰੂਆਤ ਹੈ ਅਤੇ ਪਵਿੱਤਰ ਆਤਮਾ ਨੂੰ ਜਾਣਨ ਵਿੱਚ ਅਤੇ ਉਸਦੇ ਨਾਲ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨ ਲਈ ਇੱਕ ਦਰਵਾਜ਼ੇ ਵਾਂਗ ਹੈ।

ਇਹ ਸ਼ਬਦ ਪਵਿੱਤਰ ਆਤਮਾ ਦਾ ਬਪਤਿਸਮਾ (ਰਸੂਲਾਂ ਦੇ ਕਰਤੱਬ 1:5), ਪਵਿੱਤਰ ਆਤਮਾ ਦਾ ਡੋਲ੍ਹਿਆ ਜਾਣਾ (ਰਸੂਲਾਂ ਦੇ ਕਰਤੱਬ 2:17), ਪਵਿੱਤਰ ਆਤਮਾ ਨਾਲ ਭਰ ਜਾਣਾ (ਰਸੂਲਾਂ ਦੇ ਕਰਤੱਬ 2:4)। ਅਤੇ ਪਵਿੱਤਰ ਆਤਮਾ ਪ੍ਰਾਪਤ ਕਰਨਾ (ਰਸੂਲਾਂ ਦੇ ਕਰਤੱਬ 8:17) ਦੇ ਬਰਾਬਰ ਅਤੇ ਸਮਾਨ ਹੈ। ਇਨ੍ਹਾਂ ਸ਼ਬਦਾਂ ਦਾ ਅਰਥ ਇੱਕੋ ਹੀ ਹੈ, ਅਤੇ ਨਤੀਜਾ ਪਵਿੱਤਰ ਆਤਮਾ ਦੀ ਸ਼ਕਤੀ ਹੈ ਜੋ ਦੂਜਿਆਂ ਦੀ ਸੇਵਾ ਲਈ ਹੈ।

### ਇੱਕੋ ਹੀ ਅਨੁਭਵ ਨਹੀਂ

ਧਿਆਨ ਦਿਓ ਕਿ ਰਸੂਲ ਕਈ ਵਾਰ ਪਵਿੱਤਰ ਆਤਮਾ ਨਾਲ ਭਰੇ ਗਏ ਸਨ। ਮੇਰਾ ਮੰਨਣਾ ਹੈ ਕਿ ਪਵਿੱਤਰ ਆਤਮਾ ਸਾਡੇ ਉੱਤੇ ਉਤਰਨਾ ਇੱਕ ਵਾਰ ਦੀ ਘਟਨ ਵਾਲੀ ਘਟਨਾ ਨਹੀਂ ਹੈ, ਪਰ ਇਹ ਕਈ ਵਾਰ ਹੋ ਸਕਦਾ ਹੈ।

ਇਸ ਵਿਚਾਰ ਦੇ ਅਨੁਸਾਰ ਰਸੂਲਾਂ ਨੇ ਪਹਿਲਾਂ ਰਸੂਲਾਂ ਦੇ ਕਰਤੱਬ 2:4 ਵਿੱਚ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕੀਤਾ। ਪਰ ਅਸੀਂ ਰਸੂਲਾਂ ਦੇ ਕਰਤੱਬ 4:31, 33 ਵਿੱਚ ਦੇਖਦੇ ਹਾਂ ਕਿ ਉਹ ਦੁਬਾਰਾ ਭਰ ਗਏ ਸਨ, ਅਤੇ ਇਸਦਾ ਨਤੀਜਾ ਵੱਡੀ ਸਮਾਰਥ ਅਤੇ ਵੱਡੀ ਕਿਰਪੋ ਸੀ। ਰਸੂਲਾਂ ਨੇ ਪਹਿਲੀ ਵਾਰ ਪਵਿੱਤਰ ਆਤਮਾ ਦੀ ਸ਼ਕਤੀ ਦੀ ਮਾਤਰਾ ਦਾ ਸਿਰਫ ਇੱਕ ਮਾਪ ਪ੍ਰਾਪਤ ਕੀਤਾ, ਪਰ ਇਹ ਮਾਪ ਰਸੂਲਾਂ ਦੇ ਕਰਤੱਬ 4:33 ਵਿੱਚ ਪਵਿੱਤਰ ਆਤਮਾ ਦੇ ਦੂਜੀ ਵਾਰ ਭਰਨ ਦੁਆਰਾ ਵਧਾਇਆ ਗਿਆ ਸੀ।

ਮੈਂ ਵੀ ਪਵਿੱਤਰ ਆਤਮਾ ਦੇ ਨਾਲ ਦੁਬਾਰਾ ਭਰਨ ਦਾ ਅਨੁਭਵ ਕੀਤਾ ਅਤੇ ਉਸਦਾ ਫਲ਼ ਮੇਰੇ ਜੀਵਨ ਵਿੱਚ ਹੋਰ ਵਧੇਰੇ ਸ਼ਕਤੀ ਅਤੇ ਕਿਰਪਾ ਸੀ। ਮੇਰੇ ਪਹਿਲੇ ਆਤਮਿਕ ਬਪਤਿਸਮੇ ਤੋਂ ਕਈ ਸਾਲ ਬਾਅਦ, ਮੈਂ ਆਤਮਿਕ ਤੌਰ ਤੇ ਬਹੁਤ ਭੁੱਖਾ ਸੀ ਅਤੇ ਰੈਡਿੰਗ, ਕੈਲੀਫੋਰਨੀਆ ਦੇ ਬੈਥਲ ਚਰਚ ਵਿਚ ਸੀ। ਬੈਥਲ ਚਰਚ ਵਿਚ ਐਤਵਾਰ ਦੀ ਬੰਦਗੀ ਵਿੱਚ ਮੇਰੇ ਪਹੁੰਚਣ ਤੋਂ ਪਹਿਲਾਂ, ਉਹ ਜਗ੍ਹਾ ਦੋ ਹਜ਼ਾਰ ਲੋਕਾਂ ਨਾਲ ਭਰੀ ਹੋਈ ਸੀ। ਮੈਨੂੰ ਸੱਬ ਤੋਂ ਪਿਛਲੇ ਪਾਸੇ ਇੱਕ ਕੁਰਸੀ ਮਿਲੀ।

ਅਰਾਧਨਾ ਤੋਂ ਬਾਅਦ ਮੈਂ ਪਾਸਟਰ ਬਿਲ ਜੌਨਸਨ ਦਾ ਸੰਦੇਸ਼ ਸੁਣ ਰਿਹਾ ਸੀ। ਪਾਸਟਰ ਬਿਲ ਹੌਲੀ-ਹੌਲੀ ਅਤੇ ਸਹਿਜਤਾ ਨਾਲ ਬਚਨ ਸੁਣਾ ਰਹੇ ਸਨ, ਪਰ ਕੁਝ ਦੇਰ ਲਈ ਉਹ ਰੁਕ ਗਿਆ ਅਤੇ ਇੱਕਦਮ ਸ਼ਾਂਤ ਖੜੇ ਰਹੇ। ਹਰ ਕੋਈ ਚੁੱਪ ਰਿਹਾ ਅਤੇ ਲੰਘਣ ਵਾਲਾ ਹਰ ਸਕਿੰਟ ਮਿੰਟਾਂ ਵਾਂਗ ਜਾਪਦਾ ਸੀ। ਉਸ ਵੱਲ ਘੂਰਦੇ ਹੋਏ ਮੈਂ ਸੋਚਿਆ, ''ਕੀ ਹੋਇਆ? ਕੀ ਉਹ ਆਪਣਾ ਸਦੇਸ਼ ਭੁੱਲ ਗਿਆ?'' ਕੁਝ ਦੇਰ ਬਾਅਦ ਉਹ ਆਪਣੇ ਹੱਥ ਨਾਲ ਆਪਣੇ ਪੇਟ ਨੂੰ ਛੂਹਣ ਲੱਗਾ। ਕੋਈ ਕੁਝ ਨਹੀਂ ਕਹਿ ਰਿਹਾ ਸੀ, ਸਾਰੇ ਬਿਲਕੁਲ ਚੁੱਪ ਸਨ। ਫਿਰ ਮੈਂ ਸੋਚਣ ਲੱਗਾ, ''ਓਏ? ਉਹ ਆਪਣੇ ਪੇਟ ਨੂੰ ਕਿਉਂ ਛੂਹ ਰਿਹਾ ਹੈ? ਕੀ ਉਨ੍ਹਾਂ ਨੂੰ ਗੈਸ ਹੋ ਗਈ ਹੈ?'' ਫਿਰ ਉਨ੍ਹਾਂ ਨੇ ਹਾਲ ਦੇ ਉਸ ਪਾਸੇ ਵੱਲ ਇਸ਼ਾਰਾ ਕੀਤਾ ਜਿੱਥੇ ਮੈਂ ਬੈਠਾ ਸੀ, ਅਤੇ ਕਿਹਾ, ''ਮੇਰਾ ਮੰਨਣਾ ਹੈ ਕਿ ਉੱਥੇ ਪਿੱਛੇ ਇੱਕ ਔਰਤ ਬੈਠੀ ਹੈ ਜਿਸਦੇ ਪੇਟ ਦੇ ਇਸ ਪਾਸੇ ਇੱਕ ਰਸੌਲੀ ਹੈ। ਖੜੇ ਹੋ ਜਾਓ ਕਿਉਂਕਿ ਪ੍ਰਮੇਸ਼ਵਰ ਤੁਹਾਨੂੰ ਹੁਣੇ ਇਸੇ ਸਮੇਂ ਚੰਗਾ ਕਰਨਾ ਚਾਹੁੰਦਾ ਹੈ।'' ਮੇਰੇ ਤੋਂ ਥੋੜ੍ਹਾ ਜਿਹਾ ਅੱਗਿਓ ਖੜ੍ਹੀ ਹੋ ਕੇ ਉਸ ਨੇ ਆਪਣਾ ਹੱਥ ਚੁੱਕਿਆ। ਪਾਸਟਰ ਬਿਲ ਨੇ ਕਿਹਾ, ''ਜ਼ਿਵੇ ਪਵਿੱਤਰ ਆਤਮਾ ਨੇ ਮੈਨੂੰ ਦਿਖਾਇਆ ਤੁਹਾਨੂੰ ਛੂਹ ਲਵੇ ।'' ਉਸੇ ਪਲ ਪਰਮੇਸ਼ੁਰ ਦੀ ਸ਼ਕਤੀ ਪ੍ਰਗਟ ਹੋਈ, ਅਤੇ ਉਹ ਡਿੱਗ ਪਈ। ਉਸਨੇ ਖੜੇ ਹੋ ਕੇ ਗਵਾਹੀ ਦਿੱਤੀ ਕਿ ਟਿਊਮਰ ਗਾਇਬ ਹੋ ਗਿਆ ਹੈ! ਮੈਂ ਬਹੁਤ ਹੈਰਾਨ ਹੋਇਆ ਅਤੇ ਸੋਚਣ ਲੱਗਾ, ''ਬਿੱਲ ਨੂੰ ਕਿਵੇਂ ਪਤਾ ਲੱਗਾ ਕਿ ਉਹ ਔਰਤ ਇੱਥੇ ਬੈਠੀ ਹੈ? ਅਤੇ ਉਸ ਨੂੰ ਕਿਵੇਂ ਪਤਾ ਲੱਗਾ ਕਿ ਰਸੌਲੀ ਉਸ ਦੇ ਪੇਟ ਦੇ ਉਸ ਪਾਸੇ ਹੈ? ਅਤੇ ਪ੍ਰਮੇਸ਼ਵਰ ਦੀ ਸ਼ਕਤੀ ਨੇ ਕਿਵੇਂ ਪ੍ਰਗਟ ਹੋ ਕੇ ਉਸ ਰਸੌਲੀ ਨੂੰ ਨਸ਼ਟ ਕੀਤਾ?''

ਇਹ ਚਮਤਕਾਰ ਵੇਖਦਿਆਂ ਹੀ ਮੇਰੀ ਆਤਮਾ ਮੇਰੇ ਅੰਦਰ ਰੋਣ ਲੱਗ ਪਈ। ਮੈਂ ਮੰਨਦਾ ਤਾਂ ਸੀ ਕਿ ਪ੍ਰਮੇਸ਼ਵਰ ਸਭ ਕੁਝ ਕਰ ਸਕਦਾ ਹੈ, ਪਰ ਜਦੋਂ ਤੁਹਾਡੀਆਂ ਅੱਖਾਂ ਦੇ ਸਾਹਮਣੇ ਅਸੰਭਵ ਕੰਮ ਸੰਭਵ ਹੋ ਜਾਂਦਾ ਹੈ, ਤਾਂ ਇਹ ਬਿਲਕੁਲ ਵੱਖਰੀ ਗੱਲ ਹੁੰਦੀ ਹੈ। ਮੈਂ ਜਾਣਦਾ ਹਾਂ ਕਿ ਪ੍ਰਮੇਸ਼ਵਰ ਕੋਈ ਪੱਖਪਾਤ ਨਹੀਂ ਕਰਦਾ (ਰੋਮੀਆਂ 2:11), ਅਤੇ ਜੇ ਉਸਨੇ ਪਾਸਟਰ ਬਿਲ ਨੂੰ ਅਜਿਹੇ ਵਰਦਾਨ ਦਿੱਤੇ ਹਨ, ਤਾਂ ਉਹ ਮੈਨੂੰ ਵੀ ਦੇਣਾ ਚਾਹੁੰਦਾ ਹੈ।

ਉੱਥੇ ਬੈਠੀ ਮੇਰੀ ਆਤਮਾ ਇਹ ਪੁਕਾਰ ਰਹੀ ਸੀ, ਮੇਰੇ ਪ੍ਰਮੇਸ਼ਵਰ! ਮੈਨੂੰ ਇਹ ਚਾਹੁੰਦੇ ਹੈ! ਮੈਨੂੰ ਇਸ ਦੀ ਲੋੜ ਹੈ! ਉਨ੍ਹਾਂ ਦੇਸ਼ਾਂ ਦੇ ਲੋਕਾਂ ਲਈ, ਜਿਹੜੇ ਲੋਕ ਤੁਹਾਨੂੰ ਨਹੀਂ ਜਾਣਦੇ, ਮੈਂਨੂੰ ਇਹ ਮਸਹ ਚਾਹੁੰਦਾ ਹਾਂ!'' ਮੇਰੀਆਂ ਅੱਖਾਂ ਵਿੱਚੋਂ ਹੰਝੂ ਵਹਿ ਰਹੇ ਸਨ ਅਤੇ ਮੈਂ ਹੁਣ ਮੇਰਾ ਬਚਨ 'ਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਨਹੀਂ ਹੋ ਰਿਹਾ ਸੀ। ਮੈਂ ਇਸ ਤੀਬਰ ਇੱਛਾ ਅਤੇ ਉਤਸ਼ਾਹ ਨਾਲ ਸੜ ਰਿਹਾ ਸੀ। ਪਾਦਰੀ ਬਿਲ ਕੋਲ ਜੋ ਮਸਹ ਸੀ, ਮੈਨੂੰ ਉਹ ਕਿਸੇ ਵੀ ਕੀਮਤ 'ਤੇ ਚਾਹੁੰਦਾ ਸੀ। ਮੈਂ ਆਪਣੇ ਅੰਦਰ ਪ੍ਰਾਰਥਨਾ ਵਿੱਚ ਚੀਕ ਕੇ ਪੁਕਾਰ ਰਿਹਾ ਸੀ, ''ਮੇਰੇ ਪ੍ਰਭੂ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪਾਸਟਰ ਬਿੱਲ ਮੇਰੇ ਉੱਤੇ ਆਪਣਾ ਹੱਥ ਰੱਖੇ! ਪਿਤਾ ਜੀ! ਮੇਰੇ ਉੱਤੇ ਉਸਦਾ ਹੱਥ ਰੱਖਵਾਓ!''

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿਸੇ ਆਦਮੀ 'ਤੇ ਆਪਣੀਆਂ ਨਜ਼ਰਾਂ ਨਹੀਂ ਰੱਖੀਆਂ ਸਨ ਨਾ ਹੀ ਮੈਂ ਮਸਹ ਪ੍ਰਾਪਤ ਕਰਨ ਲਈ ਮਨੁੱਖ 'ਤੇ ਭਰੋਸਾ ਕਰ ਰਿਹਾ ਸੀ। ਮੇਰੀਆਂ ਨਿਗਾਹਾਂ ਪਵਿੱਤਰ ਆਤਮਾ ਉੱਤੇ ਹੀ ਟਿਕੀਆਂ ਹੋਈਆਂ ਸਨ ਅਤੇ ਉਹੀ ਮੇਰੀ ਉਮੀਦ ਸੀ। ਪਰ ਉਸ ਸਭਾ ਵਿੱਚ ਪਵਿੱਤਰ ਆਤਮਾ ਕਿੱਥੇ ਪ੍ਰਗਟ ਹੋ ਰਿਹਾ ਸੀ? ਉਹ ਪਾਸਟਰ ਬਿੱਲ 'ਤੇ ਪ੍ਰਗਟ ਹੋ ਰਿਹਾ ਸੀ। ਇਸ ਮਾਮਲੇ ਵਿੱਚ ਬਹੁਤ ਸਾਰੇ ਲੋਕ ਪਰਮੇਸ਼ੁਰ ਤੋਂ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦੇ ਹਨ। ਕੁਝ ਲੋਕ ਇਨਸਾਨਾਂ 'ਤੇ ਭਰੋਸਾ ਕਰਕੇ ਖਾਲੀ ਹੱਥ ਮੁੜਦੇ ਹਨ। ਕੁਝ ਲੋਕ ਹੰਕਾਰੀ ਹੁੰਦੇ ਹਨ ਅਤੇ ਨਹੀਂ ਚਾਹੁੰਦੇ ਕਿ ਕੋਈ ਵੀ ਉਨ੍ਹਾਂ ਉੱਪਰ ਹੱਥ ਰੱਖ ਕੇ ਪ੍ਰਾਰਥਨਾ ਕਰੋ। ਦੂਸਰੇ ਕਹਿੰਦੇ ਹਨ, ''ਜੇ ਪ੍ਰਮੇਸ਼ਵਰ ਨੇ ਚਾਹਿਆ ਕਿ ਮੈਨੂੰ ਮਸਹ ਪ੍ਰਾਪਤ ਹੋਵੇ, ਤਾਂ ਉਹ ਖੁਦ ਮੈਨੂੰ ਮਸਹ ਕਰੇਗਾ। ਮੈਨੂੰ ਕਿਸੇ ਕੋਲ

ਜਾ ਕੇ ਪ੍ਰਾਰਥਨਾ ਕਰਨ ਦੀ ਲੋੜ ਨਹੀਂ ਹੈ।" ਅਜਿਹੇ ਵਿਸ਼ਵਾਸੀ ਅਤੇ ਆਗੂ ਬਹੁਤ ਹੰਕਾਰੀ ਅਤੇ ਈਰਖਾਲੂ ਹੁੰਦੇ ਹਨ, ਅਤੇ ਉਹ ਅਜਿਹੇ ਪਾਪ ਉਹਨਾਂ ਨੂੰਅਭਿਸ਼ਿਕਤ ਹੋਣ ਤੋਂ ਰੋਕਦੇ ਹਨ। ਅਸੀਂ ਚਰਚ ਦੇ ਮਸਹ ਕੀਤੇ ਹੋਏ ਲੋਕਾਂ ਨੂੰ ਰੱਦ ਕਰਨਾ ਅਤੇ ਨਾਲ ਹੀ ਪ੍ਰਮੇਸ਼ਵਰ ਤੋਂ ਪ੍ਰਾਪਤ ਕਰ ਕਰਨਾ ਦੋਵੇਂ ਇੱਕਠੇ ਨਹੀਂ ਕਰ ਸਕਦੇ ਹੈ। ਅਕਸਰ ਅਸੀਂ ਪਰਮੇਸ਼ੁਰ ਤੋਂ ਉਸਦੇ ਚਰਚ ਦੁਆਰਾ ਹੀ ਪ੍ਰਾਪਤ ਕਰਦੇ ਹਾਂ। ਪ੍ਰਮੇਸ਼ਵਰ ਨਿਮਰਤਾ ਨੂੰ ਪਿਆਰ ਕਰਦਾ ਹੈ, ਅਤੇ ਨਿਮਰਤਾ ਸਭ ਤੋਂ ਜਿਆਦਾ ਓਦੋਂ ਦਿਖਾਈ ਦਿੰਦੀ ਹੈ ਹੁੰਦੀ ਹੈ ਜਦੋਂ ਅਸੀਂ ਆਪਣੇ ਆਪ ਨੂੰ ਨਿਮਰ ਬਣਾਉਂਦੇ ਹਾਂ ਅਤੇ ਦੂਜਿਆਂ ਤੋਂ ਮਦਦ ਲੈਂਦੇ ਹਾਂ।

ਸੰਦੇਸ਼ ਦੇ ਅੰਤ ਵਿੱਚ ਪਾਸਟਰ ਬਿਲ ਨੇ ਕਿਹਾ, "ਜੇ ਕਿਸੇ ਨੂੰ ਪ੍ਰਾਰਥਨਾ ਦੀ ਲੋੜ ਹੈ, ਤਾਂ ਤੁਸੀਂ ਅੱਗੇ ਆਓ।ਮੈਂ ਇੱਕ ਓਲੰਪਿਕ ਦੌੜਾਕ ਵਾਂਗ ਛਾਲ ਮਾਰ ਕੇ ਤੇਜ਼ੀ ਨਾਲ ਦੌੜਿਆ ਅਤੇ ਸਟੇਜ ਦੇ ਸਾਹਮਣੇ ਗੋਡਿਆਂ ਭਾਰ ਡਿੱਗ ਪਿਆ। ਹਾਲਾਂਕਿ ਮੈਂ ਸਬ ਤੋਂ ਪਿੱਛੇ ਬੈਠਾ ਸੀ, ਫਿਰ ਵੀ ਮੈਂ ਪਹਿਲਾਂ ਉੱਥੇ ਪਹੁੰਚਿਆ। ਗੋਡਿਆਂ 'ਤੇ ਅੱਖਾਂ ਬੰਦ ਕਰਕੇ ਮੈਂ ਰੋਣ ਲੱਗ ਪਿਆ ਤੇ ਬੁਲਾਉਣ ਲੱਗਾ। ਭਾਵੇਂ ਮੇਰੀਆਂ ਅੱਖਾਂ ਬੰਦ ਸਨ, ਫਿਰ ਵੀ ਮੈਂ ਮਹਿਸੂਸ ਕੀਤਾ ਕਿ ਪਾਸਟਰ ਬਿਲ ਦਾ ਹੱਥ ਮੇਰੇ ਸਿਰ ਨੂੰ ਛੂਹ ਰਿਹਾ ਸੀ। ਉਸੇ ਸਮੇਂ ਅੱਗ ਨੇ ਮੇਰੇ ਸਰੀਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਮੇਰਾ ਸਰੀਰ ਬੁਰੀ ਤਰ੍ਹਾਂ ਹਿੱਲਣ ਲੱਗ ਗਿਆ। ਤੁਰੰਤ ਹੀ ਮੈਨੂੰ ਬਹੁਤ ਜਿਆਦਾ ਪਸੀਨਾ ਆਉਣ ਲੱਗਾ, ਇੰਨਾ ਕਿ ਮੇਰੇ ਪੂਰੇ ਸਰੀਰ ਦੀ ਕਮੀਜ਼ ਗਿੱਲੀ ਹੋ ਗਈ। ਹਿੱਲਦੇ ਹੋਏ ਮੈਂ ਪਿੱਛੇ ਡਿੱਗ ਪਿਆ ਅਤੇ ਇੱਕ ਸ਼ਕਤੀ ਵੱਲੋਂ ਅੱਗ ਦੀ ਲਹਿਰ ਮੇਰੇ ਅੰਦਰ ਵਗ ਰਹੀ ਸੀ। ਹੰਝੂ ਵਹਿ ਗਏ, ਅਤੇ ਉਸ ਸ਼ਕਤੀ ਨਾਲ ਜੋ ਮੇਰੀ ਕਲਪਨਾ ਤੋਂ ਪਰੇ ਸੀ, ਮੈਂ ਜ਼ਮੀਨ 'ਤੇ ਕੰਬਦਾ ਹੋਏ ਬੇਵੱਸ ਹੋ ਗਿਆ। ਸ਼ਕਤੀ ਮੇਰੇ ਵਿੱਚ ਵਹਿ ਰਹੀ ਸੀ ਅਤੇ ਮੈਂ ਦਰਸ਼ਨ ਦੇਖ ਰਿਹਾ ਸੀ। ਪ੍ਰਭੂ ਨੇ ਮੇਰੇ ਨਾਲ ਦੁਨੀਆ ਦੇ ਲੋਕਾਂ ਲਈ ਉਸਦੇ ਪਿਆਰ ਅਤੇ ਹਮਦਰਦੀ ਬਾਰੇ ਗੱਲ ਕੀਤੀ।

ਜ਼ਮੀਨ 'ਤੇ ਪਏ ਹੋਏ, ਮੈਨੂੰ ਪਤਾ ਹੀ ਨਹੀਂ ਲੱਗਾ ਕਿ ਕਿੰਨਾ ਸਮਾਂ ਬੀਤ ਗਿਆ ਸੀ। ਪਰ ਮੈਨੂੰ ਪੱਕਾ ਪਤਾ ਸੀ ਕਿ ਮੇਰੀ ਜਿੰਦਗੀ ਬਦਲ ਗਈ ਸੀ ਅਤੇ ਮੈਨੂੰ ਮਸਹ ਦੀ ਵੱਡੀ ਮਾਤਰਾ ਮਿਲੀ ਸੀ। ਉਸ ਅਨੁਭਵ ਤੋਂ ਬਾਅਦ ਪ੍ਰਭੂ ਨੇ ਮੈਨੂੰ ਗਿਆਨ ਦੇ ਬਚਨ ਦੇਣੇ ਸ਼ੁਰੂ ਕਰ ਦਿੱਤੇ, ਜਿਵੇਂ ਉਹ ਪਾਸਟਰ ਬਿਲ ਨੂੰ ਦਿੰਦਾ ਸੀ, ਅਤੇ ਉਸ ਤੋਂ ਬਾਅਦ ਅੰਨ੍ਹੇ ਨੇ ਦੇਖਿਆ, ਬੋਲਿਆਂ ਨੇ ਸੁਣਿਆ, ਅਤੇ ਟਿਊਮਰ ਮੇਰੀਆਂ ਅੱਖਾਂ ਦੇ ਸਾਹਮਣੇ ਗਾਇਬ ਹੋ ਗਏ। ਮੈਂ ਉਨ੍ਹਾਂ ਲੋਕਾਂ ਦਾ ਸ਼ੁਕਰਗੁਜ਼ਾਰ ਹਾਂ ਜੋ ਨੂਮੁਨਾ ਦੇਂਦੇ ਹਨ ਕਿ ਪ੍ਰਮੇਸ਼ਵਰ ਦੇ ਰਾਜ ਵਿਚ ਕੀ-ਕੀ ਸੰਭਵ ਹੈ। ਪਰ ਮੈਂ ਪਵਿੱਤਰ ਆਤਮਾ ਦਾ ਜਿਆਦਾ ਧੰਨਵਾਦੀ ਹਾਂ ਕਿ ਉਹ ਮੇਰੇ ਵਰਗੇ ਵਿਅਕਤੀ ਨੂੰ ਵਰਤਦਾ ਹੈ, ਜੋ ਉਸਦੀ ਚੰਗਿਆਈ ਦੇ ਯੋਗ ਨਹੀਂ ਹੈ।

ਯਾਦ ਰੱਖੋ ਕਿ ਪ੍ਰਮੇਸ਼ਵਰ ਵਿਸ਼ਵਾਸ ਵਿੱਚ ਪ੍ਰਸੰਨ ਹੁੰਦਾ ਹੈ, ਅਤੇ ਜੋਂ ਪਰਮੇਸ਼ੁਰ ਦੇ ਭੁੱਖੇ ਹਨ ਪ੍ਰਮੇਸ਼ਵਰ ਉਨ੍ਹਾਂ ਲੋਕਾਂ ਨੂੰ ਖੁਆਉਦਾਂ ਹੈ। ਪਵਿੱਤਰ ਆਤਮਾ ਦਾ ਬਪਤਿਸਮਾ ਹਰ ਭੁੱਖੇ ਦਿਲ ਦੀ ਪਹੁੰਚ ਵਿੱਚ ਹੈ। ਉਸ ਵੱਲ ਤੱਕਦੇ ਰਹੋ ਅਤੇ ਉਸ ਤੋਂ ਪ੍ਰਾਪਤ ਕਰੋ!

ਅਧਿਆਇ 6

# ਆਤਮਿਕ ਤੋਹਫ਼ੇ ਭਾਗ 1

## ਗਿਆਨ ਦੇ ਸ਼ਬਦ ਦੁਆਰਾ ਚਮਤਕਾਰ

ਮੈਂ ਐਤਵਾਰ ਸਵੇਰੇ ਕੰਸਾਸ ਸ਼ਹਿਰ ਵਿੱਚ ਆਪਣੇ ਚਰਚ ਵਿੱਚ ਸੀ। ਚਰਚ ਦੀ ਮੀਟਿੰਗ ਤੋਂ ਪਹਿਲਾਂ ਅਸੀਂ ਪ੍ਰਾਰਥਨਾ ਵਿਚ ਰੁੱਝੇ ਹੋਏ ਸੀ। ਜੋਂ ਵਿਸ਼ਵਾਸ ਦੇ ਸੰਦੇਸ਼ ਨੂੰ ਮੈਂ ਸੁਣਾਉਣ ਜਾ ਰਿਹਾ ਸੀ ਉਸ ਦੇ ਕਾਰਣ ਮੈਂ ਬਹੁਤ ਜਿਆਦਾ ਉਤਸ਼ਾਹਿਤ ਸੀ। ਮੈਂ ਜਾਣਦਾ ਸੀ ਕਿ ਪਵਿੱਤਰ ਆਤਮਾ ਦੀ ਮੌਜੂਦਗੀ ਤੋਂ ਬਿਨਾਂ ਮੇਰੇ ਸੰਦੇਸ਼ ਦਾ ਕੋਈ ਲਾਭ ਨਹੀਂ ਹੋਵੇਗਾ, ਅਤੇ ਨਾ ਹੀ ਇਹ ਕਿਸੇ ਦੀ ਜਿੰਦਗੀ ਨੂੰ ਬਦਲ ਸਕਦਾ ਹੈ।

ਮੈਂ ਪ੍ਰਾਰਥਨਾ ਵਿੱਚ ਪਵਿੱਤਰ ਆਤਮਾ ਨਾਲ ਸੰਗਤ ਕਰਦੇ ਹੋਏ ਦਰਸ਼ਨ ਦੇਖਿਆ। ਮੈਂ ਕਿਸੇ ਦਾ ਸ਼ਰੀਰ ਦੇਖਿਆ, ਅਤੇ ਉਸਦਾ ਪੇਟ ਅਤੇ ਅੰਤੜੀਆਂ ਦੋਵੇਂ ਦਿਖਾਈ ਦੇ ਰਹੀਆਂ ਸਨ, ਅਤੇ ਚਮੜੀ ਦੀ ਪਰਤ ਖੁੱਲ੍ਹੀ ਦਿਖਾਈ ਦੇ ਰਹੀ ਸੀ। ਉਹ ਅਸਲੀ ਕੋਈ ਤਸਵੀਰ ਨਹੀਂ, ਪਰ ਇੱਕ ਕਾਰਟੂਨ ਸਕੈਚ ਵਾਂਗ ਦਿਖਾਈ ਦੇ ਰਿਹਾ ਸੀ। ਕਿਉਂਕਿ ਮੈਂ ਉਹ ਦਰਸ਼ਨ ਨੂੰ ਸਮਝ ਨਹੀਂ ਸਕਿਆ, ਇਸ ਲਈ ਮੈਂ ਦੇਖਦੇ- ਦੇਖਦੇ ਇੰਤਜ਼ਾਰ ਕੀਤਾ। ਫਿਰ ਮੈਂ ਇੱਕ ਹੱਥ ਨੂੰ ਦੇਖਿਆ, ਜਿਸਨੇ ਇੱਕ ਲੰਮਾ ਚਾਕੂ ਫੜਿਆ ਹੋਇਆ ਸੀ, ਅਤੇ ਉਹ ਹੱਥ ਨੇ ਵਿਅਕਤੀ ਦੇ ਪੇਟ ਅਤੇ ਅੰਤੜੀਆਂ 'ਤੇ ਵਾਰ ਵਾਰ ਚਾਕੂ ਨਾਲ ਵਾਰ ਕੀਤੇ। ਇਹ ਬਹੁਤ ਅਜੀਬ ਸੀ ਅਤੇ ਸਮਝ ਵਿੱਚ ਨਾਂ ਆਉਣ ਦੇ ਕਾਰਣ, ਮੈਂ ਪਵਿੱਤਰ ਆਤਮਾ ਨੂੰ ਪੁੱਛਿਆ, ''ਪਵਿੱਤਰ ਆਤਮਾ, ਮੈਨੂੰ ਕੁਝ ਸਮਝ ਨਹੀਂ ਆ ਰਿਹਾ ਕਿ ਤੁਸੀਂ ਮੈਨੂੰ ਕੀ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹੋ?''

ਫਿਰ ਮੈਂ ਪਵਿੱਤਰ ਆਤਮਾ ਦੀ ਅਵਾਜ਼ ਸੁਣੀ, ਉਸ ਚਰਚ ਮੀਟਿੰਗ ਵਿੱਚ ਇੱਕ ਔਰਤ ਹੋਵੇਗੀ ਜਿਸ ਦੇ ਪੇਟ ਅਤੇ ਅੰਤੜੀਆਂ ਵਿੱਚ ਇੱਕ ਰੋਗ ਹੈ। ਕੁਝ ਵੀ ਖਾਣ ਤੋਂ ਬਾਅਦ, ਉਹ ਭਿਆਨਕ ਦਰਦ ਮਹਿਸੂਸ ਕਰਦੀ ਹੈ, ਜਿਵੇਂ ਕਿ ਕੋਈ ਉਸਨੂੰ ਚਾਕੂ ਨਾਲ ਮਾਰ ਰਿਹਾ ਹੈ।'' ਜੋ ਵੀ ਪਵਿੱਤਰ ਆਤਮਾ ਨੇ ਕਿਹਾ, ਮੈਂ ਤੁਰੰਤ ਲਿਖ ਲਿਆ।

ਵਚਨ ਦਾ ਪ੍ਰਚਾਰ ਕਰਨ ਦੇ ਅੰਤ ਵਿੱਚ ਮੈਂ 400 ਲੋਕਾਂ ਦੀ ਭੀੜ ਨੂੰ ਕਿਹਾ,''ਇੱਥੇ ਇੱਕ ਔਰਤ ਹੈ ਜਿਸਦੇ ਪੇਟ ਅਤੇ ਅੰਤੜੀਆਂ ਵਿੱਚ ਇੱਕ ਬਿਮਾਰੀ ਹੈ, ਅਤੇ ਤੁਸੀਂ ਭਿਆਨਕ ਦਰਦ ਮਹਿਸੂਸ ਕਰਦੇ ਹੋ, ਜਿਵੇਂ ਕੋਈ ਤੁਹਾਨੂੰ ਚਾਕੂ ਨਾਲ ਮਾਰ ਰਿਹਾ ਹੈ। ਪ੍ਰਭੂ ਯਿਸੂ, ਤੁਹਾਨੂੰ ਹੁਣੇ ਠੀਕ ਕਰਨ ਜਾ ਰਹੇ ਹਨ!'' ਸਮੇਂ ਦੀ ਘਾਟ ਕਾਰਨ ਮੈਂ ਉਸ ਨੂੰ ਖੜ੍ਹੇ ਹੋਣ ਲਈ ਨਹੀਂ ਕਿਹਾ।

ਲਗਭਗ ਦੋ ਹਫ਼ਤਿਆਂ ਬਾਅਦ ਮੈਂ ਭਾਰਤ ਵਾਪਸ ਆਇਆ ਅਤੇ ਮੈਨੂੰ ਇਹ ਈਮੇਲ ਮਿਲੀ।

''ਹੈਲੋ ਰੌਬਰਟ ਜੀ, ਕਿਸੇ ਅਜਿਹੇ ਵਿਅਕਤੀ ਨੂੰ ਈਮੇਲ ਲਿਖਣਾ ਥੋੜਾ ਮੁਸ਼ਕਲ ਹੈ ਜਿਸਨੂੰ ਮੈਂ ਨਹੀਂ ਜਾਣਦੀ, ਪਰ ਮੈਂ ਕੋਸ਼ਿਸ਼ ਕਰ ਰਹੀ ਹਾਂ। 22 ਅਗਸਤ ਨੂੰ, ਤੁਸੀਂ ਰੌਕ ਚਰਚ ਵਿੱਚ ਪ੍ਰਚਾਰ ਕੀਤਾ ਅਤੇ ਕਿਹਾ ਕਿ ਪਰਮੇਸ਼ੁਰ ਨੇ ਤੁਹਾਨੂੰ ਠੀਕ ਕਰਨ ਦੀ ਸਮਰੱਥ ਦਿੱਤੀ ਹੈ। ਤੁਹਾਡਾ ਇਹ ਪ੍ਰਚਾਰ ਸੁਣਦੇ ਸਮੇਂ ਮੈਂ ਬਹੁਤ ਹੈਰਾਨ ਹੋਈ।ਮੈਂ ਪਿਛਲੇ ਡੇਢ ਸਾਲ ਤੋਂ ਬਿਮਾਰ ਸੀ ਅਤੇ ਕਈ ਡਾਕਟਰਾਂ ਕੋਲ ਗਈ ਪਰ ਅੱਜ ਤੱਕ ਡਾਕਟਰਾਂ ਨੂੰ ਪਤਾ ਨਹੀਂ ਲੱਗਾ ਕਿ ਮੈਨੂੰ ਕੀ ਬੀਮਾਰੀ ਹੈ।ਮੇਰੀ ਦੋਸਤ ਮੈਨੂੰ ਲਗਾਤਾਰ ਕਹਿੰਦੀ ਰਹੀ ਕਿ ਮੈਨੂੰ ਚਰਚ ਜਾਂ ਕੇ ਚੰਗਾਈ ਦੀ ਭਾਲ ਕਰਨੀ ਚਾਹੀਦੀ ਹੈ, ਪਰ ਮੈਂ ਕਦੇ ਨਹੀਂ ਸਮਝੀ ਪਾਈ ਕਿ ਪ੍ਰਮੇਸ਼ਵਰ ਇੰਨੀ ਸ਼ਕਤੀ ਵੀ ਕਿਸੇ ਨੂੰ ਦਿੰਦਾ ਹੈ, ਇਸ ਲਈ ਮੇਰੇ ਲਈ ਵਿਸ਼ਵਾਸ ਕਰਨਾ ਮੁਸ਼ਕਲ ਸੀ। ਅੰਤ ਵਿੱਚ ਤੁਸੀਂ ਲੋਕਾਂ ਦੀਆਂ ਬਿਮਾਰੀਆਂ ਨੂੰ ਨਾਮ ਨਾਲ ਬੁਲਾਉਣ ਲੱਗ ਪਏ ਅਤੇ ਜਦੋਂ ਤੁਸੀਂ ਮੇਰੇ ਵੱਲ ਵੇਖ ਰਹੇ ਸੀ, ਤਾਂ ਤੁਸੀਂ ਕਿਹਾ ਕਿ ਤੁਸੀਂ ਕਿਸੇ ਨੂੰ ਦੇਖਿਆ ਹੈ ਜਿਸ ਨੂੰ ਪੇਟ ਦੀ ਬਹੁਤ ਵੱਡੀ ਸਮੱਸਿਆ ਹੈ, ਅਤੇ ਜਦੋਂ ਵੀ ਉਹ ਖਾਂਦੀ ਹੈ, ਉਹ ਬਿਮਾਰ ਹੋ ਜਾਂਦੀ ਹੈ। ਇਹ ਸਮੱਸਿਆ ਪਿਛਲੇ

ਡੇਢ ਸਾਲ ਤੋਂ ਮੇਰੀ ਜਿੰਦਗੀ ਵਿੱਚ ਹੈ, ਅਤੇ ਮੈਂ ਬਿਮਾਰ ਹੋਣ ਕਾਰਨ ਬਹੁਤ ਸਾਰੇ ਕੰਮ ਨਹੀਂ ਕਰ ਸੱਕਦੀ ਸੀ। ਹਰ ਸ਼ੁੱਕਰਵਾਰ ਮੈਂ ਸਾਰਾ ਦਿਨ ਵੱਖ-ਵੱਖ ਡਾਕਟਰਾਂ ਨੂੰ ਮਿਲਦੀ ਸੀ ਅਤੇ ਹਰ ਤਰ੍ਹਾਂ ਦੇ ਟੈਸਟ ਕਰਵਾਏ, ਪਰ ਕੁਝ ਪਤਾ ਨਹੀਂ ਚੱਲਿਆ। ਮੈਂ ਨਹੀ ਜਾਂਣ ਸਕੀ ਕਿ ਮੈਂ ਕਿਉਂ ਬੀਮਾਰ ਕਿਉਂ ਹੋ ਗਈ, ਪਰ ਮੈਂ ਜਾਣਦੀ ਹਾਂ ਕਿ ਪ੍ਰਮੇਸ਼ਵਰ ਨੇ ਮੈਨੂੰ ਤੁਹਾਡੇ ਦੁਆਰਾ ਚੰਗਾ ਕੀਤਾ ਹੈ। ਉਨ੍ਹਾਂ ਦਿਨਾਂ ਵਿਚ ਜਦੋਂ ਮੈਂ ਬਿਮਾਰ ਸੀ, ਮੈਂ ਹਮੇਸ਼ਾ ਸੋਚਦੀ ਸੀ ਕਿ ਸਿਹਤਮੰਦ ਹੋ ਕੇ ਦੁਬਾਰਾ ਜਿੰਦਗੀ ਜੀਉਣ ਦਾ ਕੀ ਤਰੀਕਾ ਹੋਵੇਗਾ, ਅਤੇ ਹੋਣ ਮੈਂ ਦੁਬਾਰਾ ਸਿਹਤਮੰਦ ਹਾਂ, ਧੰਨਵਾਦ। ਸੈਂਡੀ।''

ਹੁਣ ਦੇਖਦੇ ਹਾਂ ਕਿ ਇਹ ਚਮਤਕਾਰ ਕਿਵੇਂ ਹੋਇਆ। ਮੈਂ ਪਵਿੱਤਰ ਆਤਮਾ ਨਾਲ ਸੰਗਤੀ ਕਰ ਰਿਹਾ ਸੀ ਅਤੇ ਉਸਦੀ ਮੌਜੂਦਗੀ ਦਾ ਮਨਨ ਕਰ ਰਿਹਾ ਸੀ ਅਤੇ ਉਸਨੇ ਮੈਨੂੰ ਇੱਕ ਦਰਸ਼ਨ ਦਿਖਾਇਆ. ਦਰਸ਼ਨ ਕੁਝ ਸਕਿੰਟਾਂ ਲਈ ਹੀ ਰਿਹਾ। ਅਕਸਰ ਪਰਕਾਸ਼ ਜਲਦੀ ਮਿਲਦਾ ਹੈ, ਥੋੜੇ ਸਮੇਂ ਵਿੱਚ ਹੀ ਕੋਈ ਚੀਜ਼ ਦਿਖਾਈ ਦਿੰਦੀ ਹੈ, ਫਿਰ ਇਹ ਬਹੁਤ ਜਲਦੀ ਅਲੋਪ ਹੋ ਜਾਂਦੀ ਹੈ। ਇਸ ਲਈ ਮੈਨੂੰ ਹਮੇਸ਼ਾ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ ਕਿ ਕਿਸੇ ਵੀ ਪਲ ਉਹ ਬੋਲੇ ਅਤੇ ਮੈਂ ਸੁਣ ਸਕਾਂ। ਪਵਿੱਤਰ ਆਤਮਾ ਅਕਸਰ ਅਜੀਬ ਅਤੇ ਅਨੋਖੇ ਦਰਸ਼ਣਾਂ ਰਾਹੀਂ ਹੀ ਮੇਰੇ ਨਾਲ ਗੱਲ ਕਰਦਾ ਹੈ। ਜਦੋਂ ਕਦੇ ਵੀ ਮੈਨੂੰ ਸ਼ੱਕ ਹੁੰਦਾ ਹੈ ਕਿ ਮੈਂ ਪ੍ਰਮੇਸ਼ਵਰ ਦੀ ਆਵਾਜ਼ ਸੁਣ ਰਿਹਾ ਹਾਂ ਜਾਂ ਨਹੀਂ, ਅਜਿਹੇ ਸਮੇਂ ਮੈਂ ਅਜੀਬ ਅਤੇ ਅਨੋਖੇ ਦਰਸ਼ਣਾਂ ਨੂੰ ਪ੍ਰਮੇਸ਼ਵਰ ਦੁਆਰਾ ਦਿੱਤੇ ਹੋਏ ਮੰਨਦਾ ਹਾਂ। ਕਿਉਂਕਿ ਮੈਂ ਆਪਣੀ ਕਲਪਨਾ ਨਾਲ ਉਹ ਦਰਸ਼ਨ ਨਹੀਂ ਬਣਾ ਸਕਦਾ। ਜਦੋਂ ਮੈਂ ਇੱਕ ਦਰਸ਼ਨ ਨੂੰ ਵੇਖਦੇ ਹੋਏ ਕੁੱਝ ਸਮਝ ਨਹੀਂ ਪਾਉਂਦਾ, ਤਾਂ ਮੈਂ ਤੁਰੰਤ ਪਵਿੱਤਰ ਆਤਮਾ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਉਹ ਮੈਨੂੰ ਸਮਝਾਉਣ।

ਮੇਰੀਆਂ ਗੱਲਾਂ ਵੱਲ ਧਿਆਨ ਦਿਓ ਅਤੇ ਸਮਝੋ, ਆਪਣੀ ਅਕਲ ਨਾਲ ਦਰਸ਼ਨ ਨੂੰ ਸਮਝਣ ਦੀ ਕੋਸ਼ਿਸ਼ ਨਾ ਕਰੋ! ਪਵਿੱਤਰ ਆਤਮਾ ਜਿਸ ਨੇ ਦਰਸ਼ਣ ਦਿਖਾਇਆ ਹੈ ਉਹੀ ਉਸ ਦਰਸ਼ਣ ਦੀ ਵਿਆਖਿਆ ਕਰਨ ਲਈ ਜ਼ਿੰਮੇਵਾਰ ਹੈ! ਪਵਿੱਤਰ ਆਤਮਾ ਨੇ ਮੈਨੂੰ ਕੁਝ ਪ੍ਰਕਾਸ਼ਨ ਦਿੱਤੇ, ਜਿਵੇਂ ਕਿ ਔਰਤ, ਪੇਟ ਅਤੇ ਆਂਦਰਾਂ ਅਤੇ ਖਾਣ ਤੋਂ ਬਾਅਦ ਗੰਭੀਰ ਦਰਦ। ਧਿਆਨ ਦਿਓ ਕਿ ਉਸਨੇ ਮੈਨੂੰ ਉਸ ਔਰਤ ਦੀ ਉਮਰ, ਨਾਮ ਅਤੇ ਹੋਰ ਜਾਣਕਾਰੀ ਨਹੀਂ ਦਿੱਤੀ। ਪਵਿੱਤਰ ਆਤਮਾ ਸਾਨੂੰ ਉਹ ਜਾਣਕਾਰੀ ਹੀ ਦਿੰਦਾ ਹੈ ਜੋਂ ਉਸ ਨਾਲ ਭਾਈਵਾਲੀ ਕਰਨ ਲਈ ਜਰੂਰੀ ਹੈ। ਵਧੇਰੇ ਪ੍ਰਕਾਸ਼ਨ ਪ੍ਰਾਪਤ ਹੋਣ ਨਾਲ, ਅਕਸਰ ਲੋਕ ਮਸਹ ਕੀਤੇ ਹੋਏ ਮਨੁੱਖ ਦੀ ਵਡਿਆਈ ਕਰਨ ਲੱਗ ਜਾਂਦੇ ਹਨ, ਨਾ ਕਿ ਪਰਮੇਸ਼ੁਰ ਦੀ। ਜੋ ਮੈਂ ਕੀਤਾ ਉਹ ਬਹੁਤ ਸਰਲ ਅਤੇ ਆਸਾਨ ਸੀ, ਮੈਂ ਭੀੜ ਨੂੰ ਉਹ ਦੱਸਿਆ ਜੋ ਮੈਂ ਦੇਖਿਆ, ਅਤੇ ਵਿਸ਼ਵਾਸ ਵਿੱਚ ਹੁਕਮ ਦਿੱਤਾ, ''ਯਿਸੂ ਮਸੀਹ ਤੁਹਾਨੂੰ ਚੰਗਾ ਕਰੇ!'' ਫਿਰ ਇੱਕ ਅਜਿਹੀ ਬਿਮਾਰੀ ਜਿਸ ਦੀ ਪਛਾਣ ਕੋਈ ਡਾਕਟਰ ਨਹੀਂ ਕਰ ਸਕਦਾ ਸੀ ਅਤੇ ਜਿਸਦਾ ਕੋਈ ਇਲਾਜ ਨਹੀਂ ਸੀ, ਤੁਰੰਤ ਠੀਕ ਹੋ ਗਈ। ਡੇਢ ਸਾਲ ਦੀ ਬਿਮਾਰੀ ਉਸੇ ਪਲ ਵਿੱਚ ਅਲੋਪ ਹੋ ਗਈ! ਸਾਡੀ ਹਿੱਸੇਦਾਰੀ ਬਹੁਤ ਹੀ ਘੱਟ ਹੈ, ਪਰ ਉਹ ਹੈ ਜੋ ਹੈਰਾਨੀਜਨਕ ਕੰਮ ਕਰਦਾ ਹੈ!

**ਵਰਦਾਨਾ ਦੇ ਉਦੇਸ਼**

ਇਸ ਪਾਠ ਵਿੱਚ ਮੈਂ ਇਹ ਸਿਖਾਉਣਾ ਚਾਹੁੰਦਾ ਹਾਂ ਕਿ ਪਵਿੱਤਰ ਆਤਮਾ ਦੇ ਵਰਦਾਨ ਕੀ ਹਨ ਅਤੇ ਉਹ ਕਿਵੇਂ ਲਾਗੂ ਹੁੰਦੇ ਹਨ। ਪਰ ਆਓ ਪਹਿਲਾਂ ਉਨ੍ਹਾਂ ਦੇ ਉਦੇਸ਼ਾਂ ਨੂੰ ਸਮਝੀਏ।

*1 ਕੁਰਿੰਥੀਆਂ 12:7 ਪਰ ਅਤਮਾ ਦਾ ਪ੍ਰਕਾਸ਼ਨ ਜੋ ਸਭਨਾਂ ਦੇ ਲਾਭ ਲਈ ਹੈ ਹਰ ਇੱਕ ਨੂੰ ਦਿੱਤਾ ਜਾਦਾਂ ਹੈ।*

*ਰਸੂਲਾਂ ਦੇ ਕਰਤੱਬ 10:38 ਅਤੇ 1 ਯੂਹੰਨਾ 3:8 ਕਿਵੇਂ ਪਰਮੇਸ਼ੁਰ ਨੇ ਨਾਸਰਤ ਦੇ ਯਿਸੂ ਨੂੰ ਪਵਿੱਤਰ ਆਤਮਾ ਅਤੇ ਸ਼ਕਤੀ ਨਾਲ ਮਸਹ ਕੀਤਾ, ਅਤੇ ਉਹ ਚੰਗੇ ਕੰਮ ਕਰਦਾ ਰਿਹਾ ਅਤੇ ਸ਼ੈਤਾਨ ਦੁਆਰਾ ਸਤਾਏ ਗਏ ਸਾਰੇ ਲੋਕਾਂ ਨੂੰ ਚੰਗਾ ਕਰਦਾ ਰਿਹਾ, ਕਿਉਂਕਿ ਪਰਮੇਸ਼ੁਰ ਉਸਦੇ ਨਾਲ ਸੀ ... ਜਿਹੜਾ ਪਾਪ ਕਰਦਾ ਹੈ*

*ਉਹ ਸ਼ੈਤਾਨ ਤੋਂ ਹੈ, ਕਿਉਂਕਿ ਸ਼ੈਤਾਨ ਸ਼ੁਰੂ ਤੋਂ ਹੀ ਪਾਪ ਕਰਦਾ ਆ ਰਿਹਾ ਹੈ। ਪਰਮੇਸ਼ੁਰ ਦਾ ਪੁੱਤਰ ਪ੍ਰਗਟ ਹੋਇਆ ਤਾਂ ਜੋ ਉਹ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰ ਸਕੇ।*

*1 ਕੁਰਿੰਥੀਆਂ 14:3 ਪਰ ਜਿਹੜਾ ਭਵਿੱਖਬਾਣੀ ਕਰਦਾ ਹੈ ਉਹ ਲਾਭ ਅਤੇ ਉਪਦੇਸ਼ ਤਸੱਲੀ ਦੀਆਂ ਗੱਲਾਂ ਮਨੁੱਖ ਨਾਲ ਕਰਦਾ ਹੈ।*

ਆਤਮਾ ਦੇ ਵਰਦਾਨਾ ਦੇ ਉਦੇਸ਼ ਸਾਰਿਆਂ ਦੇ ਲਾਭ ਅਤੇ ਭਲਾਈ ਲਈ ਹਨ। ਜਦੋਂ ਮੈਂ ਸ਼ੁਰੂ ਵਿੱਚ ਚੰਗਾਈ ਅਤੇ ਚਮਤਕਾਰਾਂ ਦੀ ਸ਼ਕਤੀ ਵਿੱਚ ਚੱਲਣਾ ਸ਼ੁਰੂ ਕੀਤਾ, ਤਾਂ ਪ੍ਰਭੂ ਨੇ ਮੈਨੂੰ ਕਿਹਾ, ''ਤੇਰੇ ਲਈ ਨਹੀਂ, ਪਰ ਦੂਜਿਆਂ ਲਈ ਮੈਂ ਤੈਨੂੰ ਮਸਹ ਕੀਤਾ ਹੈ।'' ਮੈਂ ਜਲਦੀ ਹੀ ਸਿੱਖਿਆ ਕਿ ਮਸਹ ਕਦੇ ਵੀ ਮੇਰੇ ਲਈ ਨਹੀਂ ਹੈ, ਪਰ ਦੂਜਿਆਂ ਲਈ ਉਸਦੇ ਮਹਾਨ ਪਿਆਰ ਬਾਰੇ ਹੈ। ਵਰਦਾਨਾਂ ਦਾ ਦੂਜਾ ਉਦੇਸ਼ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰਨਾ ਹੈ। ਸ਼ੈਤਾਨ ਨੇ ਬਹੁਤ ਸਾਰੇ ਵਿਸ਼ਵਾਸੀ ਅਤੇ ਅਵਿਸ਼ਵਾਸੀਆਂ ਨੂੰ ਬੰਦੀ ਬਣਾ ਲਿਆ ਹੈ। ਇਹਨਾਂ ਵਰਦਾਨਾਂ ਦੁਆਰਾ ਸ਼ੈਤਾਨ ਦੀ ਹਰ ਸ਼ਕਤੀ ਟੁੱਟ ਜਾਂਦੀ ਹੈ ਅਤੇ ਉਸਦੇ ਕੰਮ ਨਸ਼ਟ ਹੋ ਜਾਂਦੇ ਹਨ। ਵਰਦਾਨਾਂ ਦਾ ਤੀਜਾ ਉਦੇਸ਼ ਉਨੱਤ ਕਰਨਾ, ਮਜ਼ਬੂਤ ਕਰਨਾ, ਸਥਾਪਿਤ ਕਰਨਾ ਅਤੇ ਤਸੱਲੀ ਦੇਣਾ ਹੈ। ਆਤਮਾ ਦੇ ਵਰਦਾਨ ਹਮੇਸ਼ਾ ਅਜਿਹੇ ਫਲ ਲਿਆਉਦੇਂ ਹਨ। ਜੇਕਰ ਨਹੀਂ, ਤਾਂ ਸਾਨੂੰ ਤੁਰੰਤ ਜਾਂਚ ਕਰਨੀ ਚਾਹੀਦੀ ਹੈ ਕਿ ਇਹ ਪਰਮੇਸ਼ੁਰ ਵੱਲੋਂ ਹੈ ਜਾਂ ਸ਼ੈਤਾਨ ਵੱਲੋਂ।

1 ਕੁਰਿੰਥੀਆਂ 12:4-11 ਵਿੱਚ ਅਸੀਂ ਆਤਮਾ ਦੇ ਨੌ ਵਰਦਾਨਾਂ ਨੂੰ ਦੇਖ ਸਕਦੇ ਹਾਂ। ਉਹਨਾਂ ਵਰਦਾਨਾਂ ਨੂੰ ਆਸਾਨੀ ਨਾਲ ਸਮਝਣ ਲਈ ਇਹਨਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

1. ਪ੍ਰਕਾਸ਼ਨ ਦੇ ਵਰਦਾਨ
2. ਬੋਲਿਆ ਵਰਦਾਨ
3. ਸ਼ਕਤੀ ਦੇ ਤੋਹਫ਼ੇ

ਇਸ ਪਾਠ ਵਿੱਚ ਮੈਂ ਸਿਰਫ਼ ਪਰਕਾਸਨ਼ ਦੇ ਵਰਦਾਨਾਂ ਬਾਰੇ ਸਿਖਾਉਣਾ ਚਾਹੁੰਦਾ ਹਾਂ। ਹੋਰ ਵਰਦਾਨਾਂ ਬਾਰੇ ਅਸੀਂ ਅਧਿਆਇ 7 ਵਿੱਚ ਚਰਚਾ ਕਰਾਂਗੇ।

ਨੋਟ: ਮੈਂ ਪਰਕਾਸਨ਼ ਦੇ ਵਰਦਾਨਾਂ ਦੀ ਚਰਚਾ ਕਰਨ ਲਈ ਯੂਨਾਨੀ ਸ਼ਬਦ ''ਰਹਿਮਾ'' ਕਈ ਵਾਰ ਵਰਤਿਆ ਹੈ। ਯੂਨਾਨੀ ਭਾਸ਼ਾ ਵਿੱਚ ਵਚਨ ਅਤੇ ਸ਼ਬਦ ਦੇ ਦੋ ਵੱਖ-ਵੱਖ ਅਰਥ ਹਨ। ਇਕ ''ਲੋਗੋਸ'' ਹੈ ਜਿਸ ਦਾ ਅਰਥ ਹੈ ''ਲਿਖਤ ਵਚਨ'' ਅਤੇ ਉਹ ਹੈ ਬਾਈਬਲ, ਜਿਸ ਨੂੰ ਅਸੀਂ ਪੜ੍ਹਦੇ ਹਾਂ। ਦੂਸਰਾ ਹੈ ਰਹਿਮਾ ਹੈ ਜਿਸ ਦਾ ਅਰਥ ਹੈ ਪ੍ਰਮੇਸ਼ਵਰ ਦੇ ਮੂੰਹੋਂ ਬੋਲਿਆ ਹੋਇਆ ਵਚਨ, ਜਿਸ ਨੂੰ ਅਸੀਂ ਪ੍ਰਮੇਸ਼ਵਰ ਤੋਂ ਸਿੱਧਾ ਸੁਣਦੇ ਹਾਂ।

ਪਰਕਾਸ਼ ਦੇ ਵਰਦਾਨ - ਬੁੱਧੀ ਦਾ ਬਚਨ

ਬੁੱਧੀ ਦਾ ਵਚਨ - ਪ੍ਰਮੇਸ਼ਵਰ ਦੀ ਬੁੱਧ ਖਾਸ ਹਲਾਤਾਂ ਲਈ ਵਰਤੀ ਜਾਂਦੀ ਹੈ। ਜਿਹਨਾਂ ਵਿੱਚੋਂ ਗਿਆਨ ਲਾਗੂ ਕਰਨ ਦੀ, ਫੈਸਲੇ ਲੈਣ ਦੀ ਅਤੇ ਜਵਾਬ ਦੇਣ ਦੀ ਲੋੜ ਹੁੰਦੀ ਹੈ ਤਾਂ ਜੋ ਪਰਮੇਸ਼ੁਰ ਦੀ ਇੱਛਾ ਪੂਰੀ ਹੋਵੇ।

ਬੁੱਧੀ ਨੂੰ ਸਹੀ ਸਮੇਂ ਅਤੇ ਸਹੀ ਸਥਿਤੀ ਵਿੱਚ ਲਾਗੂ ਕਰਨਾ ਇੱਕ ਯੋਗਤਾ ਹੈ। ਕੁਝ ਲੋਕ ਗਿਆਨਵਾਨ ਹਨ ਪਰ ਫਿਰ ਵੀ ਮੂਰਖ ਹਨ ਕਿਉਂਕਿ ਉਹ ਆਪਣੇ ਗਿਆਨ ਨੂੰ ਲਾਗੂ ਕਰਨ ਵਿੱਚ ਅਸਮਰੱਥ ਹਨ।

ਯਿਸੂ ਨੇ ਕਿਹਾ ਕਿ ਉਹ ਆਪਣੀ ਜਗ੍ਹਾ ਇੱਕ ਹੋਰ ਸਹਾਇਕ ਭੇਜੇਗਾ। ਯਿਸੂ ਹੁਣ ਸਵਰਗ ਵਿੱਚ ਹੈ ਅਤੇ ਪਵਿੱਤਰ ਆਤਮਾ ਧਰਤੀ ਉੱਤੇ ਸਾਡਾ ਵਰਤਮਾਨ ਚਰਵਾਹਾ ਹੈ (ਯੂਹੰਨਾ 16:13)। ਬੁੱਧੀ ਦਾ ਵਚਨ ਪਵਿੱਤਰ ਆਤਮਾ ਵਲੋਂ "ਰਹਿਮਾ" ਹੈ, ਜੋ ਸਾਨੂੰ ਵਿਸ਼ੇਸ਼ ਸਥਿਤੀਆਂ ਵਿੱਚ ਨਿਰਦੇਸ਼ ਦਿੰਦਾ ਹੈ। ਆਓ ਆਪਾਂ ਯਿਸੂ ਦੇ ਜੀਵਨ ਵਿੱਚੋਂ ਇੱਕ ਉਦਾਹਰਣ ਦੇਖੀਏ।

*ਲੂਕਾ 20:21-25 ਤਦ ਉਨ੍ਹਾਂ ਨੇ ਉਸ ਨੂੰ ਪੁੱਛਿਆ, ਗੁਰੂ ਜੀ, ਅਸੀਂ ਜਾਣਦੇ ਹਾਂ ਕਿ ਤੁਸੀਂ ਠੀਕ ਬੋਲਦੇ ਅਤੇ ਸਿਖਾਉਂਦੇ ਹੋ, ਅਤੇ ਕਿਸੇ ਦਾ ਪੱਖਪਾਤ ਨਹੀਂ ਕਰਦੇ, ਸਗੋਂ ਸਚਾਈ ਨਾਲ ਪਰਮੇਸ਼ੁਰ ਦਾ ਰਾਹ ਦੱਸਦੇ ਹੋ, ਕੀ ਕੈਂਸਰ ਨੂੰ ਕਰ ਦੇਣਾ ਸਾਨੂੰ ਯੋਗ ਹੈ ਜਾਂ ਨਹੀਂ? "ਪਰ ਉਸ ਨੇ ਉਨ੍ਹਾਂ ਦੀ ਚਤੁਰਾਈ ਜਾਣ ਕੇ ਉਨ੍ਹਾਂ ਨੂੰ ਕਿਹਾ, " ਮੈਨੂੰ ਇੱਕ ਸਿੱਕਾ ਵਿਖਾਓ।ਇਸ ਉੱਤੇ ਕਿਸ ਦੀ ਮੂਰਤ ਅਤੇ ਲਿਖ਼ਤ ਹੈ?" ਓਹਨਾਂ ਨੇ ਕਿਹਾ, ਕੈਸਰ ਦੀ।" ਉਸ ਨੇ ਉਨ੍ਹਾਂ ਨੂੰ ਕਿਹਾ, ਇਸ ਲਈ ਜਿਹੜੀਆਂ ਚੀਜ਼ਾਂ ਕੈਂਸਰ ਦੀਆਂ ਹਨ ਉਹ ਕੈਸਰ ਨੂੰ ਦਿਓ ਅਤੇ ਜਿਹੜੀਆਂ ਚੀਜ਼ਾਂ ਪਰਮੇਸ਼ੁਰ ਦੀਆਂ ਹਨ ਉਹ ਪਰਮੇਸ਼ੁਰ ਨੂੰ ਦਿਓ।*

ਪ੍ਰਭੂ ਨੇ ਮੈਨੂੰ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਪਰ ਮੈਂ ਵੇਖਿਆ ਹੈ ਕਿ ਹਰ ਇੱਕ ਪਾਦਰੀ ਅਤੇ ਆਗੂ ਚੰਗਾਈ ਦੀ ਸੇਵਕਾਈ ਤੋਂ ਖੁਸ਼ ਨਹੀਂ ਹਨ। ਚਰਚ ਵਿਚ ਬਹੁਤ ਸਾਰੇ ਵਿਸ਼ਵਾਸੀ ਨਿਰਾਸ਼ਾ ਦੁਆਰਾ ਆਤਮਿਕ ਤੌਰ 'ਤੇ ਅਪਾਹਜ ਹਨ ਅਤੇ ਉਨ੍ਹਾਂ ਦੇ ਦਿਲ ਕੌੜੇ ਹਨ। ਕੁਝ ਲੋਕਾਂ ਦੇ ਪਿਆਰੇ ਜਨ ਕੈਂਸਰ ਨਾਲ ਮਰ ਗਏ ਹਨ। ਕਈਆਂ ਦੇ ਵਿਆਹ ਖਰਾਬ ਹੋਏ ਹਨ, ਜਾਂ ਉਨ੍ਹਾਂ ਦੇ ਬੱਚੇ ਪ੍ਰਭੂ ਤੋਂ ਦੂਰ ਹੋ ਗਏ ਹਨ। ਜਦੋਂ ਅਸੀਂ ਅਸੰਭਵ ਕੰਮਾਂ ਨੂੰ ਸੰਭਵ ਹੋਣ ਦੇ ਵਿਸ਼ੇ ਵਿੱਚ ਗੱਲ ਕਰਦੇ ਹਾਂ, ਤਾਂ ਕੁਝ ਅਜਿਹੇ ਲੋਕ ਗੁੱਸੇ ਨਾਲ ਬਹਿਸ ਕਰਦੇ ਹਨ। ਅਜਿਹੀਆਂ ਸਥਿਤੀਆਂ ਵਿੱਚ ਜਦੋਂ ਲੋਕਾਂ ਨੇ ਮੇਰੇ ਨਾਲ ਪਰਮੇਸ਼ੁਰ ਦੀ ਭਲਾਈ ਬਾਰੇ ਬਹਿਸ ਕੀਤੀ , ਪਵਿੱਤਰ ਆਤਮਾ ਨੇ ਮੈਨੂੰ ਕਈ ਵਾਰ ਬੁੱਧੀ ਦੇ ਵਚਨ ਦਿੱਤੇ, ਅਤੇ ਮੈਂ ਜਾਣਦਾ ਸੀ ਕਿ ਕੀ ਕਹਿਣਾ ਹੈ ਅਤੇ ਕੀ ਨਹੀਂ ਕਹਿਣਾ (ਕਹਾਉਤਾਂ 15:1)। ਮੇਰੇ ਮੂੰਹੋਂ ਅਜਿਹੇ ਸ਼ਬਦ ਨਿਕਲੇ ਅਤੇ ਉਹਨਾਂ ਨੂੰ ਸ਼ਾਂਤ ਕੀਤਾ, ਜਿਹਨਾਂ ਨੂੰ ਮੈਂ ਪਹਿਲਾਂ ਨਹੀਂ ਜਾਣਦਾ ਸੀ ਅਤੇ ਨਾਂ ਹੀ ਸੋਚਦਾ ਸੀ।

**ਗਿਆਨ ਦਾ ਵਚਨ**

ਗਿਆਨ ਦਾ ਵਚਨ- ਬ੍ਰਹਮ ਗਿਆਨ ਕਿਸੇ ਵਿਅਕਤੀ, ਘਟਨਾ ਜਾਂ ਜਗ੍ਹਾ ਦੇ ਬਾਰੇ ਕਿਸੇ ਵਿਸ਼ੇਸ਼ ਸਥਿਤੀ ਲਈ ਹਨ। ਇਹ ਗਿਆਨ ਅਤੀਤ ਦਾ ਜਾਂ ਵਰਤਮਾਨ ਦਾ, ਜਾਂ ਦੋਵਾਂ ਬਾਰੇ ਹੋ ਸਕਦਾ ਹੈ, ਪਰ ਭਵਿੱਖ ਬਾਰੇ ਕਦੇ ਨਹੀਂ ਹੋ ਸਕਦਾ। ਇਹ ਗਿਆਨ ਅਕਸਰ ਚੰਗਾਈ, ਛੁਟਕਾਰਾ, ਪ੍ਰਾਰਥਨਾ ਅਤੇ ਖੁਸ਼ਖਬਰੀ ਦੇ ਕੰਮ ਲਈ ਮਾਰਗਦਰਸ਼ਕ ਹੁੰਦਾ ਹੈ।

ਬਾਈਬਲ ਵਿਚ ਇਸ ਵਰਦਾਨ ਬਾਰੇ ਬਹੁਤ ਸਾਰੀਆਂ ਉਦਾਹਰਣਾਂ ਹਨ (ਯੂਹੰਨਾ 4:16-19, ਮੱਤੀ 16:13-17)।ਯਿਸੂ ਦੁਆਰਾ ਅਧਰੰਗੀ ਨੂੰ ਚੰਗਾ ਕਰਨ ਦੀ ਕਹਾਣੀ ਵਿੱਚ ਅਸੀਂ ਹੇਠਾਂ ਪੜ੍ਹਦੇ ਹਾਂ...

*ਮਰਕੁਸ 2:6-8 ਪਰ ਕਈ ਉਪਦੇਸ਼ਕ ਉੱਥੇ ਬੈਠੇ ਆਪਣੇ ਮਨਾਂ ਵਿੱਚ ਵਿਚਾਰ ਕਰਨ ਲੱਗੇ, "ਇਹ ਮਨੁੱਖ ਕਿਉਂ ਇਸ ਤਰਾਂ ਬੋਲਦਾ ਹੈ? ਇਹ ਤਾਂ ਪਰਮੇਸ਼ੁਰ ਦੀ ਨਿੰਦਿਆ ਕਰਦਾ ਹੈ! ਪਰਮੇਸ਼ੁਰ ਤੋਂ ਬਿਨਾਂ ਕੌਣ ਪਾਪ ਮਾਫ਼ ਕਰ ਸਕਦਾ ਹੈ?" ਤੁਰੰਤ ਯਿਸੂ ਨੇ ਆਪਣੀ ਆਤਮਾ ਵਿੱਚ ਜਾਣ ਕੇ ਜੋ ਉਹ ਆਪਣੇ ਮਨਾਂ ਵਿੱਚ ਕੀ ਵਿਚਾਰ ਕਰਦੇ ਹਨ ਉਨ੍ਹਾਂ ਨੂੰ ਕਿਹਾ, "ਤੁਸੀਂ ਕਿਉਂ ਆਪਣੇ ਮਨਾਂ ਵਿੱਚ ਅਜਿਹੇ ਵਿਚਾਰ ਕਰਦੇ ਹੋ?"*

ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ ਯਿਸੂ ਸਭ ਕੁਝ ਜਾਣਦਾ ਸੀ ਕਿਉਂਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ। ਪਰ ਤੀਜੇ ਅਧਿਆਇ ਵਿਚ ਸਾਨੂੰ ਪਤਾ ਲੱਗਾ ਕਿ ਇਹ ਗੱਲ ਸੱਚ ਨਹੀਂ ਹੈ। ਯਿਸੂ ਨੇ ਗਿਆਨ ਦੇ ਵਚਨ ਪ੍ਰਾਪਤ ਕਰਕੇ ਉਸੇ ਸਮੇਂ ਜਾਣ ਲਿਆ ਕਿ ਉਹ ਕੀ ਸੋਚ ਰਹੇ ਸਨ।

ਮੇਰੇ ਜਿਆਦਾਤਰ ਗਿਆਨ ਦੇ ਬਚਨ ਚੰਗਾਈ, ਛੁਟਕਾਰਾ ਅਤੇ ਚਮਤਕਾਰਾਂ ਦੇ ਤਜੁਰਬੇ ਨਾਲ ਜੁੜੇ ਹੋਏ ਹਨ। ਗਿਆਨ ਦਾ ਬਚਨ ਪਵਿੱਤਰ ਆਤਮਾ ਤੋਂ ਉਸੇ ਪਲ ਲਈ 'ਰਹਿਮਾ' ਹੈ।

ਮੈਨੂੰ ਮਹਾਰਾਸ਼ਟਰ ਵਿੱਚ ਤਿੰਨ-ਦਿਨਾ ਦੀ ਚੰਗਾਈ ਮੀਟਿੰਗ ਵਿੱਚ ਪ੍ਰਚਾਰ ਕਰਨ ਲਈ ਸੱਦਾ ਦਿੱਤਾ ਗਿਆ। ਦੂਸਰੇ ਦਿਨ ਸ਼ਾਮ ਨੂੰ ਬੋਲਣ ਤੋਂ ਪਹਿਲਾਂ ਮੈਂ ਦਰਸ਼ਨ ਵੇਖਿਆ। ਦਰਸ਼ਨ ਵਿੱਚ ਮੈਂ ਕਿਸੇ ਦੇ ਪੇਟ ਅਤੇ ਆਂਦਰਾਂ ਨੂੰ ਦੇਖਿਆ, ਅਤੇ ਇੱਕ ਹਰਾ ਸੱਪ ਉਸ ਦੇ ਦੁਆਲੇ ਲਿੱਪਟਿਆ ਹੋਇਆ ਸੀ। ਸੱਪ ਬਾਈਬਲ ਵਿਚ ਦੁਸ਼ਟ ਆਤਮਾਂਵਾ ਦਾ ਸਪੱਸ਼ਟ ਪ੍ਰਤੀਕ ਹੈ (ਲੂਕਾ 10:19)। ਜਿਵੇਂ ਹੀ ਮੈਂ ਦਰਸ਼ਣ ਦੇਖਿਆ, ਮੈਂ ਪਵਿੱਤਰ ਆਤਮਾ ਦੀ ਅਵਾਜ਼ ਸੁਣੀ, ''ਇਸ ਸਭਾ ਵਿੱਚ ਇੱਕ ਅਜਿਹਾ ਆਦਮੀ ਹੈ ਜਿਸ ਨੂੰ ਬਦਹਜ਼ਮੀ ਹੈ, ਕਿਉਂਕਿ ਇੱਕ ਦੁਸ਼ਟ ਆਤਮਾ ਉਸਨੂੰ ਕਸ਼ਟ ਦੇ ਰਿਹਾ ਹੈ।'' ਬਚਨ ਤੋਂ ਬਾਅਦ ਮੈਂ ਗਿਆਨ ਦਾ ਬਚਨ ਇਸ ਤਰ੍ਹਾਂ ਕਿਹਾ, ''ਇੱਥੇ ਇੱਕ ਵਿਅਕਤੀ ਹੈ, ਜਿਸ ਨੂੰ ਪੇਟ ਦੀ ਬਿਮਾਰੀ ਅਤੇ ਬਦਹਜ਼ਮੀ ਹੈ, ਉਹ ਖੜ੍ਹਾ ਹੋਵੇ'' ਦੋ ਹਜ਼ਾਰ ਲੋਕਾਂ ਦੀ ਭੀੜ ਵਿੱਚੋਂ ਇੱਕ ਆਦਮੀ ਪਿੱਛੇ ਖੜ੍ਹਾ ਹੋਇਆ। ਮੈਂ ਉਸ ਵੱਲ ਦੇਖਿਆ ਅਤੇ ਕਿਹਾ, '' ਜਿਵੇਂ ਕਿ ਪ੍ਰਭੂ ਨੇ ਮੈਨੂੰ ਦਿਖਾਇਆ ਹੈ, ਤੇਰੇ ਨਾਲ ਉਸੇ ਤਰ੍ਹਾਂ ਹੀ ਹੋਵੇ। ਯਿਸੂ ਦੇ ਨਾਮ 'ਤੇ, ਤਸੀਹੇ ਦੇਣ ਵਾਲੀ ਆਤਮਾ, ਉਸਨੂੰ ਛੱਡ ਕੇ ਨਿਕਲ ਜਾ!'' ਇਸ ਤੋਂ ਬਾਅਦ ਮੈਂ ਉਸ ਨੂੰ ਬੈਠਣ ਲਈ ਕਿਹਾ।

ਤੀਜੇ ਦਿਨ ਦੀ ਸ਼ਾਮ ਨੂੰ, ਜਦੋਂ ਅਸੀਂ ਚੰਗੇ ਹੋਏ ਲੋਕਾਂ ਤੋਂ ਗਵਾਹੀ ਲੈ ਰਹੇ ਸੀ, ਉਹ ਆਦਮੀ ਵੀ ਸਟੇਜ 'ਤੇ ਆ ਗਿਆ। ਉਹ ਅਵਿਸ਼ਵਾਸੀ ਸੀ। ਉਸ ਨੇ ਕਿਹਾ ਕਿ ਉਹ ਕਈ ਦਿਨਾਂ ਤੋਂ ਕੁਝ ਨਹੀਂ ਖਾ ਸਕਿਆ ਸੀ ਪਰ ਉਹ ਪਹਿਲੇ ਦਿਨ ਦੀਆਂ ਚੰਗਾਈਆਂ ਦੀਆਂ ਗਵਾਹੀਆਂ ਸੁਣ ਕੇ ਇਸ ਮੀਟਿੰਗ ਵਿਚ ਆਇਆ ਸੀ। ਉਸਨੇ ਗਵਾਹੀ ਦਿੱਤੀ ਕਿ ਜਿਵੇਂ ਹੀ ਉਹ ਮੇਰੇ ਗਿਆਨ ਦੇ ਬਚਨ ਕਾਰਨ ਖੜ੍ਹਾ ਹੋਇਆ, ਉਹ ਤੁਰੰਤ ਠੀਕ ਹੋ ਗਿਆ ਸੀ। ਉਹ ਨਹੀਂ ਜਾਣਦਾ ਸੀ ਕਿ ਪਰਮੇਸ਼ੁਰ ਨੇ ਹੀ ਉਸ ਨੂੰ ਚੰਗਾ ਕੀਤਾ ਸੀ, ਇਸ ਲਈ ਉਹ ਮੇਰੇ ਸਾਹਮਣੇ ਸਿਰ ਝੁਕਾ ਕੇ ਡਿੱਗ ਪਿਆ ਅਤੇ ਮੇਰੇ ਪੈਰ ਛੂਹਣ ਦੀ ਕੋਸ਼ਿਸ਼ ਕਰਨ ਲੱਗਾ। ਮੈਂ ਉਸਨੂੰ ਰੋਕਿਆ ਅਤੇ ਸਮਝਾਇਆ ਕਿ ਇਹ ਯਿਸੂ ਹੀ ਸੀ ਜਿਸਨੇ ਉਸਨੂੰ ਚੰਗਾ ਕੀਤਾ ਸੀ।

ਪ੍ਰਮੇਸ਼ਵਰ ਹਮੇਸ਼ਾ ਚੰਗਾ ਕਰਨਾ, ਛੁਟਕਾਰਾ ਦੇਣਾ ਅਤੇ ਹੈਰਾਨੀਜਨਕ ਕੰਮ ਕਰਨਾ ਚਾਹੁੰਦਾ ਹੈ। ਮੈਂ ਲੋਕਾਂ ਨੂੰ ਕਦੇ ਵੀ ਨਹੀਂ ਕਹਿੰਦਾ ਕਿ ਤੁਸੀ ਗਿਆਨ ਦੇ ਬਚਨ ਦੀ ਉਡੀਕ ਕਰੋ ਅਤੇ ਤੁਸੀਂ ਠੀਕ ਹੋ ਜਾਵੋਗੇ। ਪਰ ਮੈਂ ਉਨ੍ਹਾਂ ਨੂੰ ਹੁਣੇ ਪਰਮੇਸੁਰ ਅਤੇ ਉਸਦੇ ਬਚਨ 'ਤੇ ਵਿਸ਼ਵਾਸ ਕਰਨ ਲਈ ਕਹਿੰਦਾ ਹਾਂ। ਪਰ ਗਿਆਨ ਦੇ ਬਚਨ ਖ਼ਾਸ ਕਿਉਂ ਹਨ? ਗਿਆਨ ਦਾ ਬਚਨ ਘੋਸ਼ਣਾ ਕਰਦਾ ਹੈ ਕਿ ਵਿਸ਼ੇਸ਼ ਕਿਰਪਾ ਉਸੇ ਪਲ ਮੌਜੂਦ ਅਤੇ ਉਪਲਬਧ ਹੈ, ਅਤੇ ਪਵਿੱਤਰ ਆਤਮਾ ਸ਼ਕਤੀਸ਼ਾਲੀ ਕੰਮ ਕਰਦਾ ਹੈ ਜਦੋਂ ਅਸੀਂ ਗਿਆਨ ਦੇ ਉਸ ਬਚਨ ਵਿੱਚ ਚੱਲਦੇ ਹਾਂ।

**ਭਵਿੱਖਬਾਣੀ**

ਭਵਿੱਖਬਾਣੀ ਦੇ ਇਸ ਵਰਦਾਨ ਦੇ ਦੋ ਕੰਮ ਹਨ। (1) ਇਹ ਉਹ ਗਿਆਨ ਹੈ, ਜੋ ਕਿਸੇ ਵਿਅਕਤੀ, ਸਥਾਨ ਜਾਂ ਸਥਿਤੀ ਦੇ ਭਵਿੱਖ ਬਾਰੇ ਪ੍ਰਮੇਸ਼ਵਰ ਦੀ ਇੱਛਾ ਨਾਲ ਸੰਬੰਧਿਤ ਹੈ। ਇਸ ਭਵਿੱਖ ਕਾਲ ਦੇ ਗਿਆਨ ਤੇ ਵਿਸ਼ਵਾਸ, ਫੈਸਲੇ ਅਤੇ ਕੰਮ ਦਾ ਪ੍ਰਭਾਵ ਪੈ ਸਕਦਾ ਹੈ। (2) ਪ੍ਰਮੇਸ਼ਵਰ ਦਾ 'ਰਹਿਮਾ' ਦਾ ਬਚਨ ਜਦੋਂ ਬੋਲਿਆ ਜਾਂਦਾ ਹੈ ਤਾਂ ਉਹ ਤਰੱਕੀ ਦਿੰਦਾ ਹੈ, ਮਜ਼ਬੂਤ ਅਤੇ ਸਥਾਪਿਤ ਕਰਦਾ ਹੈ, ਅਤੇ ਸ਼ਾਂਤੀ (ਤਸੱਲੀ) ਦੇਂਦਾ ਹੈ।

ਸ਼ਾਸਤਰਾਂ ਦੀਆਂ ਉਦਾਹਰਣਾਂ ਮੱਤੀ 16:21, ਰਸੂਲਾਂ ਦੇ ਕਰਤੱਬ 13:1-3, 20:22-23, ਅਤੇ 21:10-111 ਹਨ।

ਭਵਿੱਖਬਾਣੀ ਦੇ ਵਰਦਾਨਾਂ ਨੂੰ ਸਮਝਣ ਲਈ ਕੁਝ ਸਿੱਖਿਆ ਅਤੇ ਉਦਾਹਰਣ ਦੀ ਲੋੜ ਹੁੰਦੀ ਹੈ, ਕਿਉਂਕਿ ਬਹੁਤ ਸਾਰੇ ਲੋਕ ਇਸਨੂੰ ਕਿਸਮਤ ਨਾਲ ਜੋੜਦੇ ਹਨ, ਭਾਵ ਇਹ ਹਮੇਸ਼ਾ ਆਪਣੇ ਆਪ ਕੰਮ ਕਰਦਾ ਹੈ। ਕੁਝ ਖਾਸ

ਭਵਿੱਖਬਾਣੀਆਂ ਨੂੰ ਛੱਡ ਕੇ, ਜਿਵੇਂ ਕਿ ਇਜ਼ਰਾਈਲ ਦੀ ਮੁਕਤੀ, ਨਿਆਂ ਦਾ ਦਿਨ, ਯਿਸੂ ਦੀ ਵਾਪਸੀ, ਆਦਿ, ਭਵਿੱਖਬਾਣੀ ਕਿਸਮਤ ਨਹੀਂ ਹੈ, ਪਰ ਪਰਮੇਸ਼ੁਰ ਦੀ ਇੱਛਾ ਦਾ ਸੱਦਾ ਹੈ। ਭਵਿੱਖਬਾਣੀ ਵਿੱਚ ਪਰਮੇਸ਼ੁਰ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਅਤੇ ਤੁਹਾਡੇ ਜੀਵਨ ਲਈ ਉਸਦੀ ਮਹਾਨ ਇੱਛਾ ਨੂੰ ਪ੍ਰਗਟ ਕਰਦਾ ਹੈ। ਭਵਿੱਖਬਾਣੀ ਦਾ ਵਿਰੋਧ ਕੀਤਾ ਜਾ ਸਕਦਾ ਹੈ, ਅਤੇ ਅਵਿਸ਼ਵਾਸ ਇਸ ਨੂੰ ਬੇਅਸਰ ਵੀ ਕਰ ਸਕਦਾ ਹੈ।

ਮੈਂ ਉਨਾਓ, ਉੱਤਰ ਪ੍ਰਦੇਸ਼ ਵਿੱਚ ਇੱਕ ਚਰਚ ਮੀਟਿੰਗ ਵਿੱਚ ਸੀ। ਚਰਚ ਦੇ ਅੰਤ ਵਿੱਚ ਮੈਂ ਬਿਮਾਰਾਂ ਲਈ ਪ੍ਰਾਰਥਨਾ ਕਰ ਰਿਹਾ ਸੀ। ਇੱਕ ਮਹਿਮਾ ਜੋ ਬਾਂਝ ਸੀ ਅਤੇ ਅੱਠ ਸਾਲਾਂ ਤੋਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੀ ਸੀ, ਮੇਰੇ ਕੋਲ ਆਈ। ਉਸ ਲਈ ਪ੍ਰਾਰਥਨਾ ਕਰਨ ਤੋਂ ਬਾਅਦ, ਮੈਂ ਕਿਹਾ, ''ਤੁਸੀਂ ਤੁਰੰਤ ਗਰਭਵਤੀ ਹੋਵੋਗੇ ਅਤੇ ਇਸ ਸਾਲ ਦੇ ਅੰਦਰ ਇੱਕ ਬੱਚੇ ਨੂੰ ਜਨਮ ਦਿਓਗੇ।'' ਮੈਂ ਬਿਨਾਂ ਸੋਚੇ ਸਮਝੇ ਕਹਿ ਦਿੱਤਾ... ਮੇਰੇ ਮੂੰਹੋਂ ਅਚਾਨਕ ਉਹ ਗੱਲ ਨਿਕਲ ਗਈ! ਇਹ ਕਹਿਣ ਤੋਂ ਬਾਅਦ ਮੈਂ ਥੋੜਾ ਘਬਰਾ ਗਿਆ ਅਤੇ ਸੋਚਣ ਲੱਗਾ, ਜੇ ਇਹ ਗੱਲ ਪੂਰੀ ਨਾ ਹੋਈ ਤਾਂ ਕੀ ਹੋਵੇਗਾ?ਮੈਂ ਲਗਭਗ ਇੱਕ ਸਾਲ ਬਾਅਦ ਉਨਾਓ ਵਾਪਸ ਆਇਆ ਅਤੇ ਪਹੁੰਚ ਕੇ ਮੈਨੂੰ ਪਤਾ ਲੱਗਾ ਕਿ ਔਰਤ ਨੇ ਇੱਕ ਬੱਚੇ ਨੂੰ ਜਨਮ ਦਿੱਤਾ ਹੈ।

ਇਹ ਭਵਿੱਖਬਾਣੀ ਸੀ ਜਿਸ ਨੇ ਆਪਣੇ ਭਵਿੱਖ ਲਈ ਪਰਮੇਸ਼ੁਰ ਦੀ ਇੱਛਾ ਨੂੰ ਪ੍ਰਗਟ ਕੀਤੀ ਸੀ। ਪਰ ਸਮਝੋ ਕਿ ਉਸ ਨੇ ਭਵਿੱਖਬਾਣੀ ਦਾ ਬਚਨ ਸੁਣ ਕੇ ਵਿਸ਼ਵਾਸ ਨਾਲ ਕੰਮ ਕੀਤੀ ਸੀ। ਉਸਨੇ ਘਰ ਜਾ ਕੇ ਆਪਣੇ ਪਤੀ ਨੂੰ ਦੱਸਿਆ ਅਤੇ ਬੱਚੇ ਲਈ ਕੋਸ਼ਿਸ਼ ਕੀਤੀ। ਜੇਕਰ ਉਸਨੇ ਉਸੇ ਸਾਲ ਅਵਿਸ਼ਵਾਸ ਵਿੱਚ ਜਾਣਬੁੱਝ ਕੇ ਕੋਸ਼ਿਸ਼ ਨਾ ਕੀਤੀ ਹੁੰਦੀ, ਤਾਂ ਭਵਿੱਖਬਾਣੀ ਕਦੇ ਵੀ ਪੂਰੀ ਨਹੀਂ ਹੋਣੀ ਸੀ, ਅਤੇ ਬੱਚੇ ਦਾ ਜਨਮ ਨਹੀਂ ਹੋਣਾ ਸੀ। ਭਵਿੱਖਬਾਣੀ ਪਰਮੇਸ਼ੁਰ ਦੀ ਇੱਛਾ ਅਤੇ ਸ਼ਕਤੀ ਦੇ ਅਨੁਭਵ ਵਿੱਚ ਇੱਕ ਸੱਦਾ ਹੈ।

ਜਦੋਂ ਵੀ ਅਸੀਂ ਭਵਿੱਖਬਾਣੀ ਦੇ ਵਰਦਾਨ ਦੁਆਰਾ ਕਿਸੇ ਮਾੜੀ ਸਥਿਤੀ ਬਾਰੇ ਕੁਝ ਜਾਣਦੇ ਹਾਂ, ਤਾਂ ਨਿਰਾਸ਼ ਜਾਂ ਉਦਾਸ ਹੋਣਾ ਸਾਡੀ ਕਿਸਮਤ ਨਹੀਂ ਹੈ, ਪਰ ਵਿਸ਼ਵਾਸ ਅਤੇ ਪ੍ਰਾਰਥਨਾਵਾਂ ਦੁਆਰਾ ਅਸੀਂ ਉਸ ਸਥਿਤੀ ਨੂੰ ਰੋਕ ਸਕਦੇ ਹਾਂ ਜਾਂ ਬਦਲ ਸਕਦੇ ਹਾਂ। ਪਰਮੇਸ਼ੁਰ ਇਸ ਲਈ ਹੀ ਇਹ ਦਿਖਾਉਂਦਾ ਹੈ ਕਿ ਅਸੀਂ ਵਿਸ਼ਵਾਸ ਵਿੱਚ ਹੋ ਕੇ ਉਸ ਸਥਿਤੀ ਬਾਰੇ ਪ੍ਰਾਰਥਨਾ ਕਰੀਏ ਤਾਂ ਜੋ ਪਰਮੇਸ਼ੁਰ ਦੀ ਇੱਛਾ ਪੂਰੀ ਹੋਵੇ, ਨਾ ਕਿ ਸ਼ੈਤਾਨ ਦੀ ਇੱਛਾ। ਜਦੋਂ ਵੀ ਅਸੀਂ ਭਵਿੱਖਬਾਣੀ ਦੇ ਵਰਦਾਨ ਦੁਆਰਾ ਇੱਕ ਚੰਗਾ ਅਤੇ ਮੁਬਾਰਕ ਭਵਿੱਖ ਦੇਖਦੇ ਹਾਂ, ਤਾਂ ਸਾਨੂੰ ਵਿਸ਼ਵਾਸ ਨਾਲ ਚੱਲਣਾ ਚਾਹੀਦਾ ਹੈ ਤਾਂ ਜੋ ਉਹ ਭਲਾਈ ਜੋ ਪਰਮੇਸ਼ੁਰ ਕਰਨੀ ਚਾਹੁੰਦਾ ਹੈ ਉਹ ਪ੍ਰਗਟ ਹੋ ਸਕੇ।

ਭਵਿੱਖਬਾਣੀ ਹਮੇਸ਼ਾ ਭਵਿੱਖ ਬਾਰੇ ਨਹੀਂ ਦੱਸਦੀ। ਜਿਆਦਾਤਰ ਭਵਿੱਖਬਾਣੀਆਂ ਜੋ ਮੈਂ ਦਿੱਤੀਆਂ ਜਾਂ ਸੁਣੀਆਂ ਹਨ ਉਹ ਪਰਮੇਸ਼ੁਰ ਦੇ ਦਿਲ ਤੋਂ ਕਿਸੇ ਲਈ ਇੱਕ ਸੰਦੇਸ਼ ਹੰਦਾ ਹੈ, ਅਤੇ ਇਹ ਹਮੇਸ਼ਾ ਭਵਿੱਖ ਨਾਲ ਸਬੰਧਤ ਨਹੀਂ ਹੁੰਦਾ।

*1 ਕੁਰਿੰਥੀਆਂ 14:3 ਪਰ ਜਿਹੜਾ ਭਵਿੱਖਵਾਣੀ ਕਰਦਾ ਹੈ, ਉਹ ਲਾਭ ਅਤੇ ਉਪਦੇਸ਼ ਅਤੇ ਤਸੱਲੀ ਦੀਆਂ ਗੱਲਾ ਮਨੁੱਖ ਨਾਲ ਕਰਦਾ ਹੈ।*

ਉਦਾਹਰਨ ਲਈ, ਜਦੋਂ ਮੈਨੂੰ ਲੋਕਾਂ ਦੀ ਸੇਵਾ ਕਰਦੇ ਸਮੇਂ ਭਵਿੱਖਬਾਣੀ ਦੇ ਵਚਨ ਪ੍ਰਾਪਤ ਹੁੰਦੇ ਹਨ,ਤਾਂ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ, ''ਸਵਰਗੀ ਪਿਤਾ ਕਹਿਣਾ ਚਾਹੁੰਦਾ ਹੈ ਕਿ ਉਹ ਤੁਹਾਨੂੰ ਬਹੁਤ ਪਿਆਰ ਕਰਦਾ ਹੈ, ਅਤੇ ਉਹ ਤੁਹਾਡੇ ਬਾਰੇ ਸੋਚ ਰਿਹਾ ਹੈ, ਅਤੇ ਤੁਹਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਉਹ ਵਫ਼ਾਦਾਰ ਹੈ ਅਤੇ ਉਹ ਤੁਹਾਡੇ ਨਾਲ ਵੀ ਹੈ'' ਜਾਂ ''ਤੁਸੀਂ ਉਸਦੀ ਨਜ਼ਰ ਵਿੱਚ ਅਨਮੋਲ ਹੋ ਅਤੇ ਤੁਸੀਂ ਉਸਦੀ ਪਿਆਰੀ ਧੀ ਜਾਂ ਪੁੱਤਰ ਹੋ'' ਜਾਂ ''ਪ੍ਰਮੇਸ਼ਵਰ ਤੁਹਾਡੇ ਬੋਝ ਨੂੰ ਦੇਖਦਾ ਅਤੇ ਸਮਝਦਾ ਹੈ, ਅਤੇ ਉਹ ਤੁਹਾਨੂੰ ਕਹਿੰਦਾ ਹੈ ਕਿ ਇਸ ਨੂੰ ਇਕੱਲੇ ਨਾ

ਝੱਲੋ। ਮੈਂ ਤੁਹਾਡੇ ਨਾਲ ਹਾਂ ਅਤੇ ਮੇਰੇ ’ਤੇ ਭਰੋਸਾ ਕਰੋ।ਮੈਂ ਤੁਹਾਡੇ ਬੋਝ ਨੂੰ ਹਲਕਾ ਕਰਨਾ ਚਾਹੁੰਦਾ ਹਾਂ, ਮੇਰੇ ਕੋਲ ਆਓ।”

ਮੇਰੇ ਤਜਰਬੇ ਵਿੱਚ, ਲਗਭਗ ਨੱਬੇ ਪ੍ਰਤੀਸ਼ਤ ਭਵਿੱਖਬਾਣੀਆਂ ਪਰਮੇਸ਼ੁਰ ਦੇ ਦਿਲ ਤੋਂ ਸੰਦੇਸ਼ ਹਨ ਜੋ ਦਿਲਾਸਾ, ਮਜ਼ਬੂਤ, ਅਤੇ ਸੁਧਾਰ ਕਰਦੀਆਂ ਹਨ। ਤਕਰੀਬਨ ਦਸ ਫੀਸਦੀ ਭਵਿੱਖ ਨਾਲ ਸਬੰਧਤ ਹਨ।

ਭਵਿੱਖਬਾਣੀ ਪ੍ਰਮੇਸ਼ਵਰ ਵੱਲੋਂ ਇੱਕ ’ਰਹਿਮਾ’ ਸੰਦੇਸ਼ ਹੈ, ਜੋ ਤੁਹਾਨੂੰ ਉਸਦੀ ਇੱਛਾ ਨੂੰ ਜਾਣਨ ਅਤੇ ਅਨੁਭਵ ਕਰਨ ਲਈ ਸੱਦਾ ਦਿੰਦਾ ਹੈ। ਗਿਆਨ ਦਾ ਬਚਨ ਭਵਿੱਖਬਾਣੀ ਨਾਲੋਂ ਇਸ ਤਰ੍ਹਾ ਵੱਖਰਾ ਹੈ ਕਿ ਗਿਆਨ ਦਾ ਬਚਨ ਇੱਕ ਵਿਅਕਤੀ ਬਾਰੇ ਪ੍ਰਕਾਸ਼ਨ ਅਤੇ ਜਾਣਕਾਰੀ ਹੈ, ਪਰ ਭਵਿੱਖਬਾਣੀ ਇੱਕ ਵਿਅਕਤੀ ਲਈ ਪਰਮੇਸ਼ੁਰ ਦੇ ਦਿਲ ਤੋਂ ਇੱਕ ਸੰਦੇਸ਼ ਹੈ।

**ਆਤਮਾਂਵਾ ਦੀ ਪ੍ਰੀਖਿਆ**

ਆਤਮਾਵਾਂ ਦੀ ਪਰਖ - ਇਸ ਪ੍ਰਮੇਸ਼ਵਰ, ਸਵਰਗਦੂਤਾਂ ਜਾਂ ਦੁਸ਼ਟ ਆਤਮਾਂਵਾ ਨੂੰ ਆਤਮਿਕ ਵਾਤਾਵਰਣ ਵਿੱਚ ਖਾਸ ਸਥਿਤੀਆਂ ਨੂੰ ਸਮਝਣ ਅਤੇ ਜਵਾਬ ਦੇਣ ਦੀ ਯੋਗਤਾ ਹੈ।

ਬਾਈਬਲ ਦੀਆਂ ਉਦਾਹਰਣਾਂ ਲੂਕਾ 13:10-16, ਰਸੂਲਾਂ ਦੇ ਕਰਤੱਬ 13:8-12, ਅਤੇ 2 ਰਾਜਿਆਂ 6:8-18 ਹਨ।

ਮੇਰਾ ਮੰਨਣਾ ਹੈ ਕਿ , ਪ੍ਰਮੇਸ਼ਵਰ, ਉਸਦੇ ਸਵਰਗਦੂਤ ਅਤੇ ਦੁਸ਼ਟ ਆਤਮਾਂਵਾ ਜਿਆਦਾਤਰ ਥਾਵਾਂ ’ਤੇ ਮੌਜੂਦ ਰਹਿੰਦੇ ਹਨ, ਪਰ ਅਸੀਂ ਉਨ੍ਹਾਂ ਤੋਂ ਜਾਣੂ ਨਹੀਂ ਹਾਂ। ਜਦੋਂ ਮੈਂ ਹਜ਼ਾਰਾਂ ਦੀ ਭੀੜ ਨੂੰ ਪ੍ਰਚਾਰ ਕਰਦਾ ਹਾਂ, ਤਾਂ ਸਵਰਗਦੂਤ ਮੌਜੂਦ ਹੁੰਦੇ ਹਨ, ਅਤੇ ਦੁਸ਼ਟ ਆਤਮਾਂਵਾ ਵੀ ਮੌਜੂਦ ਹੁੰਦੀਆਂ ਹਨ। ਕਈ ਵਾਰ ਅਸੀਂ ਕੁਝ ਸਮੇਂ ਲਈ ਉਹਨਾਂ ਨੂੰ ਦੇਖ ਕੇ ਪਛਾਣ ਸਕਦੇ ਹਾਂ, ਫਿਰ ਅਸੀਂ ਉਤਸ਼ਾਹਿਤ ਹੋ ਕੇ ਕਹਿ ਸਕਦੇ ਹਾਂ, ”ਮੈਂ ਉਸਨੂੰ ਦੇਖ ਸਕਦਾ ਹਾਂ!” ਹੋ ਸਕਦਾ ਹੈ ਕਿ ਅਸੀਂ ਸਿਰਫ ਇੱਕ ਜਾਂ ਦੋ ਹੀ ਵੇਖ ਰਹੇ ਹਾਂ, ਪਰ ਮੇਰੇ ਤੇ ਵਿਸ਼ਵਾਸ ਕਰੋ, ਜਿਹਨੇ ਸਾਨੂੰ ਦਿੱਖਦੇ ਹਨ ਉਸ ਤੋਂ ਕਿਧੱਰੇ ਜਿਆਦਾ ਹੁੰਦੇ ਹਨ।

ਆਤਮਾਵਾਂ ਨੂੰ ਪਰਖਣ ਦਾ ਵਰਦਾਨ ਪਵਿੱਤਰ ਆਤਮਾ ਦੀ ਕਿਰਪਾ ਹੈ ਜੋ ਸਾਨੂੰ ਕੁਝ ਸਮੇਂ ਲਈ ਆਤਮਿਕ ਵਾਤਾਵਰਣ ਵਿੱਚ ਵੇਖਣ ਦੀ ਆਗਿਆ ਦਿੰਦਾਂ ਹੈ। ਅਸੀਂ ਸਾਰੀਆਂ ਦੁਸ਼ਟ ਆਤਮਾਂਵਾ ਅਤੇ ਉਨ੍ਹਾਂ ਦੇ ਕੰਮਾਂ ਨੂੰ ਨਹੀਂ ਦੇਖਾਂਗੇ, ਪਰ ਸਿਰਫ਼ ਉਹਨਾਂ ਨੂੰ ਹੀ ਜਿਨ੍ਹਾਂ ਦਾ ਅਸੀਂ ਸਾਹਮਣਾ ਕਰਕੇ ਉਨ੍ਹਾਂ ਦੇ ਕੰਮਾਂ ਨੂੰ ਨਸ਼ਟ ਕਰ ਸਕਦੇ ਹਾਂ।

ਮੈਂ ਸਿੱਖਣ ਲਈ ਰੈਡਿੰਗ ਕੈਲੀਫੋਰਨੀਆ ਬੈਥਲ ਚਰਚ ਦੇ ਆਗੂਆਂ ਦੀ ਕਾਨਫਰੰਸ ਵਿੱਚ ਆਇਆ ਸੀ। ਇੱਕ ਸੈਸ਼ਨ ਦੇ ਅੰਤ ਵਿੱਚ ਅਸੀਂ ਆਪਣੇ ਲਈ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰ ਰਹੇ ਸੀ ਕਿ ਪੁਨਰ ਸੁਰਜੀਤੀ ਅਤੇ ਆਤਮਿਕ ਵਿਕਾਸ ਸਾਡੇ ਜੀਵਨ ਵਿੱਚ ਹੋਵੇ। ਪ੍ਰਾਰਥਨਾ ਦੇ ਦੌਰਾਨ ਮੈਂ ਆਪਣੇ ਸਾਹਮਣੇ ਇੱਕ ਭਾਰੀ ਅਤੇ ਸ਼ਕਤੀਸ਼ਾਲੀ ਮੌਜੂਦਗੀ ਨੂੰ ਮਹਿਸੂਸ ਕੀਤੀ। ਉਹ ਜਿੰਨੀ ਨੇੜੇ ਆਈ, ਉਸ ਦੀ ਮੌਜੂਦਗੀ ਮੈਨੂੰ ਓਨੀ ਹੀ ਭਾਰੀ ਲੱਗ ਰਹੀ ਸੀ। ਜਦੋਂ ਉਹ ਮੇਰੇ ਤੋਂ ਸਿਰਫ਼ 5-6 ਫੁੱਟ ਦੀ ਦੂਰੀ ’ਤੇ ਸੀ ਤਾਂ ਉਸ ਦੇ ਅੰਦਰੋਂ ਬਿਜਲੀ ਨਿਕਲੀ ਅਤੇ ਮੈਨੂੰ ਲੱਗੀ। ਮੈਂ ਬੁਰੀ ਤਰ੍ਹਾਂ ਹਿੱਲ ਗਿਆ ਅਤੇ ਪਿੱਛੇ ਡਿੱਗ ਪਿਆ। ਜ਼ਮੀਨ ’ਤੇ ਵੀ ਮੇਰਾ ਸਰੀਰ ਕੁਝ ਸਕਿੰਟਾਂ ਲਈ ਕੰਬਦਾ ਰਿਹਾ, ਫਿਰ ਮੈਂ ਸ਼ਾਂਤ ਹੋ ਗਿਆ। ਮੈਂ ਇੱਕ ਸਵਰਗਦੂਤ ਨੂੰ ਮੇਰੇ ਸਾਹਮਣੇ ਖੜ੍ਹਾ ਦੇਖਿਆ। ਉਸ ਨੇ ਗੋਡਿਆਂ ਤੱਕ ਚਿੱਟਾ ਕੁੜਤਾ ਪਾਇਆ ਹੋਇਆ ਸੀ। ਉਸਦਾ ਚਿਹਰਾ ਇੰਨਾ ਚਮਕ ਰਿਹਾ ਸੀ ਕਿ ਮੈਂ ਉਸਦਾ ਚਿਹਰਾ ਸਾਫ਼ ਨਹੀਂ ਦੇਖ ਸਕਦਾ ਸੀ। ਉਸ ਦੇ ਖੰਭ ਪਿੱਛੇ ਸਨ ਅਤੇ ਉਸ ਦੀਆਂ ਬਾਹਾਂ ਅਤੇ ਲੱਤਾਂ ’ਤੇ ਕੋਈ ਵਾਲ ਨਹੀਂ ਸੀ। ਉਸ ਦੀ ਚਮੜੀ ਬਹੁਤ ਖੂਬਸੂਰਤ ਲੱਗ ਰਹੀ ਸੀ।

ਫਿਰ ਉਸ ਸਵਰਗਦੂਤ ਨੇ ਮੇਰੇ ਨਾਲ ਸ਼ਬਦਾਂ ਨਾਲ ਨਹੀਂ, ਸਗੋਂ ਮਾਨਸਿਕ ਤੌਰ ’ਤੇ ਗੱਲ ਕੀਤੀ। ਉਸ ਦੇ ਵਿਚਾਰਾਂ ਨੇ ਉਸਦੇ ਮਨ ਵਿਚੋਂ ਨਿਕਲ ਕੇ ਮੇਰੇ ਮਨ ਵਿੱਚ ਆ ਕੇ ਕਿਹਾ, ਮੈਂ ਪ੍ਰਭੂ ਵੱਲੋਂ ਭੇਜਿਆ ਗਿਆ ਚਮਤਕਾਰ ਕਰਨ ਵਾਲਾ ਸਵਰਗਦੂਤ ਹਾਂ, ਤੁਸੀਂ ਮੈਨੂੰ ਸਦਾ ਲਈ ਨਹੀਂ ਵੇਖੋਂਗੇ, ਪਰ ਇਹ ਜਾਣ ਲਵੋ ਕਿ ਮੈਂ ਤੁਹਾਡੇ ਨਾਲ ਹਾਂ। ”ਪਲਕ ਝਪਕਦਿਆਂ ਹੀ ਉਹ ਗਾਇਬ ਹੋ ਗਿਆ। ਉਸ ਹਾਲ ਵਿਚ ਸੌ ਤੋਂ ਵੱਧ ਲੋਕ ਸਨ, ਪਰ ਉਨ੍ਹਾਂ ਨੇ ਉਸ ਨੂੰ ਨਹੀਂ ਦੇਖਿਆ। ਸਿਰਫ਼ ਮੈਂ ਹੀ ਉਸ ਨੂੰ ਕਿਉਂ ਦੇਖ ਸਕਦਾ ਸੀ ਅਤੇ ਸੁਣ ਸਕਦਾ ਸੀ? ਕਿਉਂਕਿ ਉਸ ਲਈ ਆਤਮਾਵਾਂ ਦੀ ਪਰਖ਼ ਗਿਆਨ ਸਿਰਫ਼ ਮੇਰੇ ਲਈ ਹੀ ਸੀ, ਪਰ ਖਾਸ ਸਥਿਤੀ ਲਈ।

ਉਸ ਸ਼ਕਤੀਸ਼ਾਲੀ ਤਜਰਬੇ ਤੋਂ ਬਾਅਦ ਮੈਂ ਮਹਾਰਾਸ਼ਟਰ ਚਲਾ ਗਿਆ ਅਤੇ ਇੱਕ ਚੰਗਾਈ ਮੀਟਿੰਗ ਵਿੱਚ ਸੀ। ਸ਼ਾਮ ਨੂੰ ਮੈਂ ਲਗਭਗ ਤਿੰਨ ਹਜ਼ਾਰ ਲੋਕਾਂ ਦੀ ਭੀੜ ਨੂੰ ਬਚਨ ਦਾ ਪ੍ਰਚਾਰ ਕਰ ਰਿਹਾ ਸੀ। ਬਚਨ ਤੋਂ ਬਾਅਦ ਮੈਂ ਬਿਮਾਰਾਂ ਲਈ ਪੂਲਪਿਟ ਤੋਂ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ, ਅਤੇ ਉਸੇ ਸਮੇਂ ਮੈਂ ਭੀੜ ਦੇ ਵਿਚਕਾਰ ਸਵਰਗਦੂਤਾਂ ਨੂੰ ਦੇਖਿਆ। ਪ੍ਰਾਰਥਨਾ ਦੌਰਾਨ ਮੈਂ ਇੱਕ ਪਾਸੇ ਇੱਕ ਆਦਮੀ ਨੂੰ ਦੇਖਿਆ ਜੋ ਬਹੁਤ ਬੀਮਾਰ ਲੱਗ ਰਿਹਾ ਸੀ, ਆਪਣੇ ਹੱਥ ਚੁੱਕੇ ਦੇਖਿਆ। ਥੋੜ੍ਹੀ ਦੇਰ ਬਾਅਦ ਜਦੋਂ ਮੈਂ ਦੁਬਾਰਾ ਮੁੜ ਕੇ ਉਸ ਵੱਲ ਦੇਖਿਆ ਤਾਂ ਉਹ ਜ਼ਮੀਨ ’ਤੇ ਬੇਹੋਸ਼ ਪਿਆ ਸੀ।

ਪ੍ਰਾਰਥਨਾ ਤੋਂ ਬਾਅਦ ਅਸੀਂ ਉਨ੍ਹਾਂ ਲੋਕਾਂ ਨੂੰ ਆਪਣੀ ਗਵਾਹੀ ਦੇਣ ਲਈ ਸਟੇਜ ’ਤੇ ਬੁਲਾਇਆ। ਉਹੀ ਵਿਅਕਤੀ ਆ ਕੇ ਦੱਸਣ ਲੱਗਾ ਕਿ ਉਸ ਨੂੰ ਲੱਗਿਆ ਕਿ ਕਿਸੇ ਨੇ ਉਸ ਨੂੰ ਛੂਹਿਆ ਅਤੇ ਜਿਵੇਂ ਹੀ ਉਸ ਨੂੰ ਛੂਹਿਆ ਤਾਂ ਉਸ ਦੇ ਸਰੀਰ ਵਿਚ ਬਿਜਲੀ ਦੀ ਸ਼ਕਤੀ ਆ ਗਈ ਅਤੇ ਇਸ ਕਾਰਨ ਉਹ ਜ਼ਮੀਨ ’ਤੇ ਡਿੱਗ ਪਿਆ। ਜਦੋਂ ਉਹ ਜਾਗਿਆ ਤਾਂ ਉਸਨੇ ਮਹਿਸੂਸ ਕੀਤਾ ਕਿ ਸਰੀਰ ਦਾ ਦਰਦ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ, ਅਤੇ ਸਾਰੇ ਰੋਗ ਦੂਰ ਹੋ ਗਏ ਹਨ! ਉਸਨੇ ਗਵਾਹੀ ਦਿੱਤੀ ਕਿ ਉਸਨੂੰ ਕਈ ਸਾਲਾਂ ਤੋਂ ਬਹੁਤ ਸਾਰੀਆਂ ਬਿਮਾਰੀਆਂ ਸਨ, ਪਰ ਹੁਣ ਉਹਨਾਂ ਦੇ ਸਾਰੇ ਲੱਛਣ ਦੂਰ ਹੋ ਗਏ ਸਨ!

ਇਕ ਹੋਰ ਮੌਕੇ ’ਤੇ ਮੈਂ ਇਕ ਔਰਤ ਲਈ ਪ੍ਰਾਰਥਨਾ ਕਰ ਰਿਹਾ ਸੀ ਜਿਸ ਨੂੰ ਕੋਈ ਭਾਵਨਾਤਮਕ ਸਮੱਸਿਆਵਾਂ ਅਤੇ ਉਦਾਸੀ ਸੀ। ਪਵਿੱਤਰ ਆਤਮਾ ਦੀ ਮੌਜੂਦਗੀ ਨੂੰ ਸੱਦਾ ਦਿੰਦੇਂ ਹੀ ਮੈਂ ਇੱਕ ਦਰਸ਼ਣ ਦੇਖਿਆ।ਦਰਸ਼ਨ ਵਿੱਚ ਮੇਰੀ ਨਜ਼ਰ ਕੈਮਰੇ ਵਰਗੀ ਸੀ। ਮੈਂ ਇੱਕ ਖਾਲੀ ਕਮਰੇ ਵਿੱਚ ਸੀ, ਅਤੇ ਸਾਹਮਣੇ ਇੱਕ ਬੰਦ ਦਰਵਾਜ਼ਾ ਸੀ। ਜਿਵੇਂ ਹੀ ਮੇਰੀ ਨਜ਼ਰ ਉਸ ਦਰਵਾਜ਼ੇ ’ਤੇ ਪਈ, ਮੈਨੂੰ ਇੱਕ ਚਾਬੀ ਦਾ ਸੁਰਾਖ ਦਿਖਾਈ ਦਿੱਤਾ, ਅਤੇ ਮੈਂ ਉਸ ਮੋਰੀ ਵਿੱਚੋਂ ਦਾਖਲ ਹੋ ਕੇ ਦੂਜੇ ਕਮਰੇ ਵਿੱਚ ਆ ਗਿਆ ਜੋ ਪਹਿਲੇ ਕਮਰੇ ਵਰਗਾ ਸੀ। ਜਦੋਂ ਮੈਂ ਦੂਜੇ ਕਮਰੇ ਦੇ ਦਰਵਾਜ਼ੇ ਦੇ ਨੇੜੇ ਆਇਆ ਤਾਂ ਮੈਂ ਉਸੇ ਤਰ੍ਹਾਂ ਕੀ-ਹੋਲ ਰਾਹੀਂ ਅਗਲੇ ਕਮਰੇ ਵਿੱਚ ਦਾਖਲ ਹੋ ਗਿਆ। ਅਜਿਹਾ ਚਾਰ ਵਾਰ ਹੋਇਆ। ਚੌਥੇ ਕਮਰੇ ਦੇ ਦਰਵਾਜ਼ੇ ਦੀ ਮੋਰੀ ਵਿੱਚੋਂ ਅੰਦਰ ਵੜ ਕੇ ਮੈਂ ਇੱਕ ਵੱਖਰੇ ਕਮਰੇ ਵਿੱਚ ਆ ਕੇ ਦੇਖਿਆ ਕਿ ਰਾਤ ਨੂੰ ਮੰਜੇ ’ਤੇ ਇੱਕ ਚਾਰ ਸਾਲ ਦੀ ਛੋਟੀ ਬੱਚੀ ਸੁੱਤੀ ਪਈ ਸੀ। ਫਿਰ ਮੈਂ ਦੁਸ਼ਟ ਆਤਮਾ ਨੂੰ ਮੰਜੇ ’ਤੇ ਚੜ੍ਹਦਿਆਂ ਅਤੇ ਲੜਕੀ ਦੇ ਉੱਪਰ ਖਲੋਤਾ ਦੇਖਿਆ। ਫਿਰ ਕੁੜੀ ਸੌਂਦੇ ਹੋਏ ਡਰ ਗਈ ਅਤੇ ਚੀਕਣ ਲੱਗੀ। ਉਹ ਆਤਮਾ ਉਸਦੇ ਅੰਦਰ ਆ ਗਈ ਅਤੇ ਕੁੜੀ ਤੁਰੰਤ ਉੱਠ ਕੇ ਬੈਠ ਗਈ ਅਤੇ ਚੀਕਣ ਲੱਗੀ।

ਇਹ ਦੇਖ ਕੇ ਤੁਰੰਤ ਮੈਂ ਉਸ ਵੱਲ ਦੇਖਿਆ ਅਤੇ ਪੁੱਛਿਆ, ”ਕਰੀਬ ਚਾਰ ਸਾਲ ਦੀ ਉਮਰ ਵਿੱਚ, ਕੀ ਤੁਹਾਨੂੰ ਰਾਤ ਨੂੰ ਭਿਆਨਕ ਸੁਪਨੇ ਆਉਣੇ ਸ਼ੁਰੂ ਹੋ ਗਏ ਸਨ ਅਤੇ ਅਤੇ ਤੁਸੀਂ ਰਾਤ ਨੂੰ ਡਰਨਾ ਸ਼ੁਰੂ ਕਰ ਦਿੱਤਾ?” ਉਹ ਹੈਰਾਨ ਹੋਈ ਅਤੇ ਬੋਲੀ, ਹਾਂ, ਪਰ ਤੁਹਾਨੂੰ ਕਿਵੇਂ ਪਤਾ ਲੱਗਾ? ਫਿਰ ਮੈਂ ਹੁਕਮ ਦਿੱਤਾ, ਡਰ ਦੀ ਆਤਮਾ ਜੋ ਇਸ ਦੀ ਚੌਥੀ ਪੀੜ੍ਹ ਤੋਂ ਆਈ ਸੀ, ਉਨ੍ਹਾਂ ਵਿੱਚੋਂ ਬਾਹਰ ਨਿੱਕਲ ਜਾ!ਤਦ ਉਹ ਆਤਮਾ ਪ੍ਰਗਟ ਹੋਈ ਅਤੇ ਤੁਰੰਤ ਚਲੀ ਗਈ।

ਜੋ ਦਰਸ਼ਨ ਮੈਂ ਦੇਖਿਆ, ਉਹ ਸਿਰਫ਼ 5-10 ਸਕਿੰਟਾਂ ਲਈ ਹੀ ਰਿਹਾ। ਦਰਸ਼ਨ ਦੇਖਦੇ ਸਮੇਂ ਹੀ ਮੈਨੂੰ ਅਹਿਸਾਸ ਹੋਇਆ ਕਿ ਚਾਰ ਖਾਲੀ ਕਮਰਿਆਂ ਦਾ ਅਰਥ ਚਾਰ ਪੀੜ੍ਹਆਂ ਸਨ, ਜਿਨ੍ਹਾਂ ਰਾਹੀਂ ਉਹ ਆਤਮਾ ਆਈ ਸੀ। ਹਰ ਕਮਰੇ ਦੇ ਦਰਵਾਜ਼ੇ ਦੀ ਚਾਬੀ ਵਾਲੇ ਛੇਦ ਦਾ ਅਰਥ ਅਧਿੱਕਾਰ ਸੀ। ਭਾਵ, ਹਰ ਪੀੜ੍ਹ ਨੇ ਉਸ ਆਤਮਾ ਨੂੰ ਰਹਿਣ ਦਾ ਹੱਕ ਦਿੱਤਾ। ਆਤਮਾਵਾਂ ਦੀ ਪਰਖ ਦਾ ਇਹ ਵਰਦਾਨ ਇਸ ਸਥਿਤੀ ਵਿੱਚ ਬਹੁਤ ਹੀ ਵਿਸਥਾਰ ਨਾਲ ਫੈਲਿਆ। ਪਰ ਕਈ ਵਾਰ ਇਹ ਵਰਦਾਨ ਇੰਨਾ ਵਿਆਪਕ ਨਹੀਂ ਹੁੰਦਾ, ਪਰ ਫਿਰ ਵੀ ਪ੍ਰਭਾਵਸ਼ਾਲੀ ਹੁੰਦਾ ਹੈ।

ਜਦੋਂ ਆਤਮਾਵਾਂ ਦੀ ਪਰਖ ਦਾ ਵਰਦਾਨ ਕੰਮ ਕਰ ਰਿਹਾ ਹੁੰਦਾ ਹੈ, ਤਾਂ ਅਸੀਂ ਆਤਮਿਕ ਵਾਤਾਵਰਣ ਨੂੰ ਵਿਸ਼ੇਸ਼ ਤਰੀਕਿਆਂ ਨਾਲ ਦੇਖ, ਸੁਣ, ਪਛਾਣ ਅਤੇ ਪ੍ਰਭਾਵਿਤ ਕਰ ਸਕਦੇ ਹਾਂ। ਇਹ ਵਰਦਾਨ ਸ਼ੈਤਾਨੀ ਕੰਮਾਂ ਨੂੰ ਨਸ਼ਟ ਕਰਨ ਅਤੇ ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢਣ ਲਈ ਬਹੁਤ ਪ੍ਰਭਾਵਸ਼ਾਲੀ ਹੈ।

ਮੈਂ ਤੁਹਾਨੂੰ ਇੱਕ ਹੋਰ ਉਦਾਹਰਣ ਦਿੰਦਾ ਹਾਂ। ਮੈਂ ਵਾਰਾਣਸੀ ਵਿੱਚ ਇੱਕ ਕਾਨਫਰੰਸ ਵਿੱਚ ਪ੍ਰਮੇਸ਼ਵਰ ਦੇ ਪਿਆਰ ਬਾਰੇ ਸਿੱਖਾ ਰਿਹਾ ਸੀ। ਇਹ ਚੰਗਾਈ ਜਾਂ ਮੁਕਤੀ ਦੀ ਕਾਨਫਰੰਸ ਨਹੀਂ ਸੀ। ਲੋਕ ਨੇ ਆ ਕੇ  ਪਰਮੇਸੁਰ ਪਿਤਾ ਦੇ ਮਹਾਨ ਪਿਆਰ ਬਾਰੇ ਸਿੱਖਿਆ। ਕਾਨਫਰੰਸ ਦੇ ਅੰਤ ਵਿੱਚ ਲੋਕਾਂ ਨੇ ਆ ਕੇ ਆਪਣੀਆਂ ਆਤਮਿਕ ਲੋੜਾਂ ਲਈ ਪ੍ਰਾਰਥਨਾ ਕਰ ਰਹੇ ਸੀ। ਮੈਂ ਇੱਕ ਆਦਮੀ ਨੂੰ ਲਾਈਨ ਵਿੱਚ ਇੰਤਜ਼ਾਰ ਕਰਦੇ ਵੇਖਿਆ ਜਿਸਨੂੰ ਮੈਂ ਦੋ ਸਾਲ ਪਹਿਲਾਂ ਮਿਲਿਆ ਸੀ। ਪਰ ਉਹ ਬਹੁਤ ਬੀਮਾਰ ਲੱਗ ਰਿਹਾ ਸੀ। ਦੂਰੋਂ ਮੈਂ ਉਸਦੀਆਂ ਅੱਖਾਂ ਦੇਖ ਸਕਦਾ ਸੀ ਕਿ ਉਹ ਪੀਲੀਆਂ ਸਨ ਅਤੇ ਉਹ ਬਹੁਤ ਕਮਜ਼ੋਰ ਲੱਗ ਰਿਹਾ ਸੀ।

ਪ੍ਰਾਰਥਨਾ ਕਰਵਾਉਣ ਲਈ ਜਦੋਂ ਉਸਦੀ ਵਾਰੀ ਆਈ , ਮੈਂ ਉਸਨੂੰ ਪੁੱਛਿਆ ਕਿ ਕੀ ਸਮੱਸਿਆ ਹੈ। ਉਸ ਨੇ ਦੱਸਿਆ ਕਿ ਉਹ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਪੀਲੀਆ ਤੋਂ ਪੀੜਤ ਸੀ। ਉਸਦਾ ਲੀਵਰ ਦੁਖਦਾ ਹੈ ਅਤੇ ਉਸਦਾ ਭਾਰ ਵੀ ਕਾਫੀ ਘੱਟ ਗਿਆ ਹੈ। ਉਹ ਕਈ ਡਾਕਟਰਾਂ ਨੂੰ ਮਿਲਿਆ ਅਤੇ ਦਵਾਈਆਂ ਲੈਂਦਾ ਰਿਹਾ ਪਰ ਕੋਈ ਰਾਹਤ ਨਹੀਂ ਮਿਲੀ। ਉਸ ਦੀ ਹਾਲਤ ਇੰਨੀ ਖ਼ਰਾਬ ਸੀ ਕਿ ਮੈਨੂੰ ਲੱਗਾ ਕਿ ਜੇ ਇਹ ਚੰਗਾ ਨਾ ਹੋਇਆ ਤਾਂ ਉਹ ਮਰ ਜਾਵੇਗਾ।

ਉਸ ਲਈ ਪ੍ਰਾਰਥਨਾ ਕਰਨ ਤੋਂ ਪਹਿਲਾਂ ਮੈਂ ਪਵਿੱਤਰ ਆਤਮਾ ਨੂੰ ਬੁਲਾਇਆ,

''ਪਵਿੱਤਰ ਆਤਮਾ, ਮੇਰੇ ਪਿਆਰੇ, ਮੇਰੇ ਉੱਤੇ ਆਓ, ਅਤੇ ਮੇਰੇ ਨਾਲ ਰਹੋ. ਮੈਂ ਤੁਹਾਨੂੰ ਪਹਿਲਾ ਸਥਾਨ ਦਿੰਦਾ ਹਾਂ।'' ਫਿਰ ਮੈਂ ਆਪਣਾ ਹੱਥ ਉਸਦੇ ਲੀਵਰ 'ਤੇ ਰੱਖਿਆ।ਹੱਥ ਰੱਖਦੇ ਹੀ ਸਮਾਰਥ ਮੇਰੇ ਮੋਢਿਆਂ ਤੋਂ ਹੱਥਾਂ ਤੱਕ ਵਗਣ ਲੱਗੀ। ਸ਼ਕਤੀ ਦਾ ਵਹਾਅ ਇੰਨਾ ਸ਼ਕਤੀਸ਼ਾਲੀ ਸੀ ਕਿ ਮੇਰੀ ਬਾਂਹ ਇੰਨੀ ਹਿੱਲਣ ਲੱਗੀ ਕਿ ਮੇਰੀ ਸਾਰਾ ਸਰੀਰ ਕੰਬਣ ਲੱਗਾ ਅਤੇ ਮੈਂ ਪ੍ਰਾਰਥਨਾ ਕਰਨ ਲਈ ਬੋਲ ਵੀ ਨਹੀਂ ਸਕਿਆ। ਮੈਂ 1-2 ਮਿੰਟ ਤੱਕ ਉਸ ਉੱਤੇ ਹੱਥ ਰੱਖ ਕੇ ਹਿਲਦਾ ਰਿਹਾ। ਉਹ ਵਿਅਕਤੀ ਵੀ ਥੋੜ੍ਹਾ ਜਿਹਾ ਹਿਲ ਰਿਹਾ ਸੀ। ਤਦ ਉਸ ਸ਼ਕਤੀ ਦਾ ਉਹ ਪ੍ਰਵਾਹ ਆਪਣੇ ਆਪ ਬੰਦ ਹੋ ਗਿਆ। ਮੈਂ ਉਸਨੂੰ ਪੁੱਛਿਆ, ''ਤੁਸੀਂ ਹੁਣ ਕਿਵੇਂ ਹੋ?'' ਉਸਨੇ ਉਸ ਸ਼ਕਤੀ ਦੇ ਕਾਰਨ ਹੈਰਾਨ ਹੋ ਕੇ ਦੱਸਿਆ ਕਿ ਸਾਰਾ ਦਰਦ ਤੇ ਕਮਜ਼ੋਰੀ ਦੂਰ ਹੋ ਗਈ ਅਤੇ ਉਸਨੇ ਮਹਿਸੂਸ ਕੀਤਾ ਕਿ ਉਹ ਪੂਰੀ ਤਰ੍ਹਾਂ ਠੀਕ ਹੋ ਗਿਆ ਹੈ।

ਮੈਂ ਮੁਸਕਰਾ ਕੇ ਕਿਹਾ, ''ਤੁਸੀਂ ਹੁਣ ਜਾ ਸਕਦੇ ਹੋ।'' ਜਿਵੇਂ ਹੀ ਉਹ ਮੁੜ ਕੇ  ਜਾਣ ਲੱਗਾ, ਪਵਿੱਤਰ ਆਤਮਾ ਨੇ ਮੈਨੂੰ ਸਾਫ਼-ਸਾਫ਼ ਕਿਹਾ, ''ਉਸਨੂੰ ਜਾਣ ਨਾ ਦਿਓ! ਜੰਗ ਖਤਮ ਨਹੀਂ ਹੋਈ ਹੈ, ਇਸ ਵਿੱਚੋਂ ਮੌਤ ਦੀ ਆਤਮਾਂ ਨੂੰ ਕੱਢ ਦਿਓ।'' ਮੈਂ ਚੀਕਿਆ, ''ਭਾਈ! ਵਾਪਸ ਆ ਜਾ! ਮੇਂ ਅਜੇ ਤੁਹਾਡੇ ਲਈ ਹੋਰ ਪ੍ਰਾਰਥਨਾ ਕਰਨੀ ਹੈ।'' ਫਿਰ ਮੈਂ ਉਸਦੀਆਂ ਅੱਖਾਂ ਵਿੱਚ ਦੇਖਿਆ ਅਤੇ ਕਿਹਾ, ਮੌਤ ਦੀ ਆਤਮਾ!  ਮੈਂ ਯਿਸੂ ਦੇ ਨਾਮ ਵਿੱਚ  ਤੁਹਾਨੂੰ ਹੁਕਮ ਦਿੰਦਾ ਹਾਂ, ਇਸਨੂੰ ਪੂਰੀ ਤਰ੍ਹਾਂ ਛੱਡ ਅਤੇ ਚਲੇ ਜਾਓ!'' ਇਹ ਕਹਿੰਦੇ ਹੀ ਉਹ ਹਿੱਲ ਗਿਆ। ਮੈਂ ਉਸਨੂੰ

ਪੁੱਛਿਆ ਕਿ ਕੀ ਹੋਇਆ? ਉਸ ਨੇ ਕਿਹਾ ਕਿ ਉਸ ਦੇ ਪੇਟ ਦੇ ਨੇੜਿਓਂ ਇੱਕ ਦੁਸ਼ਟ ਸ਼ਕਤੀ ਨਿਕਲੀ ਅਤੇ ਚਲੀ ਗਈ। ਉਸਤੋਂ ਬਾਅਦ ਵਿੱਚ, ਕਿਉਂਕਿ ਮੈਨੂੰ ਕੋਈ ਹੋਰ ਪ੍ਰਕਾਸ਼ਨ ਨਹੀਂ ਮਿਲਿਆ, ਇਸ ਲਈ ਮੈਂ ਉਸਨੂੰ ਜਾਣ ਦਿੱਤਾ। ਅਗਲੇ ਦਿਨ ਬਨਾਰਸ ਰੇਲਵੇ ਸਟੇਸ਼ਨ 'ਤੇ ਅਸੀਂ ਅਚਾਨਕ ਮਿਲੇ ਅਤੇ ਉਹ ਬਹੁਤ ਖੁਸ਼ੀ ਨਾਲ ਸਾਰਿਆਂ ਨੂੰ ਦੱਸ ਰਿਹਾ ਸੀ ਕਿ ਯਿਸੂ ਨੇ ਉਸਨੂੰ ਚੰਗਾ ਕੀਤਾ ਹੈ। ਉਸਦੀ ਤਾਕਤ ਵਾਪਸ ਆ ਗਈ, ਉਸਦੀ ਸਿਹਤ ਵਿੱਚ ਸੁਧਾਰ ਹੋਇਆ ਅਤੇ ਉਸਦੀ ਅੱਖਾਂ, ਜੋ ਪੀਲੀਆਂ ਸਨ, ਚੌਵੀ ਘੰਟਿਆਂ ਵਿੱਚ ਚਿੱਟੀਆਂ ਹੋ ਗਈਆਂ!

ਉਸ ਸਥਿਤੀ ਵਿੱਚ, ਮੈਨੂੰ ਆਤਮਾਵਾਂ ਨੂੰ ਸਮਝਣ ਦਾ ਵਰਦਾਨ ਇਸ ਲਈ ਮਿਲਿਆ ਤਾਂ ਜੋ ਮੈਂ ਉਸ ਦੁਸ਼ਟ ਸ਼ਕਤੀ ਨੂੰ ਪਛਾਣ ਸਕਾਂ ਅਤੇ ਦੂਰ ਕਰ ਸਕਾਂ। ਜਦੋਂ ਇਹ ਵਰਦਾਨ ਪ੍ਰਗਟ ਹੁੰਦਾ ਹਨ, ਤਾਂ ਦੁਸ਼ਟ ਆਤਮਾਂਵਾ ਬਿਨਾਂ ਕਿਸੇ ਸੰਘਰਸ਼ ਦੇ ਬਾਹਰ ਨਿੱਕਲ ਜਾਂਦੀਆ ਹਨ, ਕਿਉਂਕਿ ਪਵਿੱਤਰ ਆਤਮਾ ਦੀ ਸ਼ਕਤੀ ਮੌਜੂਦ ਹੁੰਦੀ ਹੈ।

**ਭਾਸ਼ਾਵਾਂ ਦੀ ਵਿਆਖਿਆ (ਅਨੁਵਾਦ)**

ਭਾਸ਼ਾਵਾਂ ਦੀ ਵਿਆਖਿਆ ਕਰਨਾ ਅਣਜਾਣ ਭਾਸ਼ਾ ਦੇ ਅਰਥਾਂ ਨੂੰ ਸਮਝਾਉਣ ਦੀ ਯੋਗਤਾ ਹੈ।

ਮੈਂ ਇਸ ਵਰਦਾਨ ਨੂੰ 'ਬੋਲੇ ਜਾਣ ਵਾਲੇ ਵਰਦਾਨਾਂ" ਦੀ ਸ਼੍ਰੇਣੀ ਵਿਚ ਨਹੀਂ ਰੱਖਦਾ, ਪਰ 'ਪ੍ਰਕਾਸਨ਼ ਦੇ ਵਰਦਾਨਾਂ' ਦੀ ਸ਼੍ਰੇਣੀ ਵਿਚ ਰੱਖਦਾ ਹਾਂ ਕਿਉਂਕਿ ਇਹ ਵਿਆਖਿਆ (ਗੈਰ ਭਾਸ਼ਾ ਦੇ ਅਰਥ) ਪ੍ਰਕਾਸ਼ਨ ਦੇ ਰੂਪ ਵਿਚ ਮਿਲਦਾ ਹੈ, ਜਿਵੇਂ ਕਿ ਹੋਰ ਪ੍ਰਕਾਸ਼ਨ ਦੇ ਵਰਦਾਨ ਪ੍ਰਕਾਸ਼ਨ ਦੇ ਰੂਪ ਵਿਚ ਮਿਲਦੇ ਹਨ। ..

*1 ਕੁਰਿੰਥੀਆਂ 14:26-27 ਸੋ ਭਰਾਵੋ, ਗੱਲ ਕੀ ਹੈ? ਜਦੋਂ ਤੁਸੀਂ ਇਕੱਠੇ ਹੁੰਦੇ ਹੋ, ਤਾਂ ਕਿਸੇ ਦੇ ਕੋਲ ਭਜਨ,ਕਿਸੇ ਦੇ ਕੋਲ ਸਿੱਖਿਆ, ਕਿਸੇ ਦੇ ਕੋਲ ਅਗੰਮ ਗਿਆਨ, ਕਿਸੇ ਦੇ ਕੋਲ ਪਰਾਈ ਭਾਸ਼ਾ ਅਤੇ ਕਿਸੇ ਦੇ ਕੋਲ ਅਰਥ ਹੈ।ਸਭ ਕੁਝ ਲਾਭ ਦੇ ਲਈ ਹੋਣਾ ਚਾਹੀਦਾ ਹੈ। ਜੇ ਕੋਈ ਪਰਾਈ ਭਾਸ਼ਾ ਵਿੱਚ ਬੋਲੇ ਤਾਂ ਦੋ-ਦੋ ਅਥਵਾ ਵੱਧ ਤੋਂ ਵੱਧ ਤਿੰਨ-ਤਿੰਨ ਕਰਕੇ ਬੋਲਣ ਸੋ ਵਾਰੀ ਵਾਰੀ ਅਤੇ ਇੱਕ ਜਣਾ ਅਰਥ ਕਰੇ।*

ਇਹ ਵਰਦਾਨ ਪਰਾਈ ਭਾਸ਼ਾ ਦੇ ਵਰਦਾਨ ਨਾਲ ਕੰਮ ਕਰਦੇ ਹਨ। ਜਦੋਂ ਕੋਈ ਅਣਜਾਣ ਜਾਂ ਸਵਰਗੀ ਭਾਸ਼ਾ ਵਿੱਚ ਬੋਲਦਾ ਹੈ ਤਾਂ ਬੋਲਣ ਵਾਲਾ ਵਿਅਕਤੀ, ਜਾਂ ਕੋਈ ਹੋਰ ਮੌਜੂਦ ਵਿਅਕਤੀ, ਪ੍ਰਕਾਸ਼ਨ ਦੁਆਰਾ ਉਸ ਭਾਸ਼ਾ ਦਾ ਅਰਥ ਸਮਝਾਉਂਦਾ ਹੈ। ਉਸ ਭਾਸ਼ਾ ਦੇ ਵੱਖੋ ਵੱਖਰੇ ਅਰਥ ਹੋ ਸਕਦੇ ਹਨ, ਜਿਸ ਬਾਰੇ ਅਸੀਂ ਥੋੜੀ ਦੇਰ ਵਿੱਚ ਸਿੱਖਾਂਗੇ। ਮੈਂ ਦੇਖਿਆ ਕਿ ਪਰਾਈ ਭਾਸ਼ਾ ਦੀ ਵਿਆਖਿਆ ਕਰਨਾ ਭਵਿੱਖਬਾਣੀ ਦੇ ਵਰਦਾਨਾ ਦੇ ਸਮਾਨ ਹੈ ਕਿਉਂਕਿ ਦੋਵੇਂ ਪਰਮੇਸੁਰ ਦੇ ਦਿਲ ਤੋਂ ਸੰਦੇਸ਼ ਹਨ।ਪਰਾਈ ਭਾਸ਼ਾ ਦੀ ਵਿਆਖਿਆ ਕਰਨਾ ਭਵਿੱਖਬਾਣੀ ਦੇ ਵਰਦਾਨਾਂ ਤੋਂ ਇਸ ਕਰਕੇ ਵੱਖਰੀ ਹੈ ਕਿਉਂਕਿ ਉਹ ਵੱਖ-ਵੱਖ ਤਰੀਕਿਆਂ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਕਿਸੇ ਨੂੰ ਪਰਾਈ ਭਾਸ਼ਾ ਦਾ ਅਰਥ ਸਮਝਾਉਣਾ ਲਈ ਪਹਿਲਾਂ ਉਸ ਨੂੰ ਪਰਾਈ ਭਾਸ਼ਾ ਵਿੱਚ ਗੱਲ ਕਰਨੀ ਪੇਂਦੀ ਹੈ। ਇਹ ਬੋਲਣ ਇਕ ਤੁਰਹੀ ਵਾਂਗ ਹੈ ਜੋ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ ਅਤੇ ਉਨ੍ਹਾਂ ਨੂੰ ਪਰਮੇਸੁਰ ਦੇ ਬਚਨ ਸੁਣਨ ਲਈ ਤਿਆਰ ਕਰਦੀ ਹੈ।

**ਪਰਕਾਸ਼ਨ ਦੇ ਵਰਦਾਨਾਂ ਦੇ ਕਈ ਰੂਪ**

ਅਸੀਂ ਪ੍ਰਕਾਸਨ਼ ਦੇ ਹਰੇਕ ਵਰਦਾਨ ਦਾ ਅਰਥ ਸਮਝ ਲਿਆ ਹੈ ਤਾਂ ਜੋ ਅਸੀਂ ਉਸਨੂੰ ਅਤੇ ਉਸਦੇ ਉਦੇਸ਼ਾਂ ਨੂੰ ਆਸਾਨੀ ਨਾਲ ਪਛਾਣ ਸਕੀਏ। ਆਓ ਹੁਣ ਸਿੱਖੀਏ ਕਿ ਇਹ ਵਰਦਾਨ ਕਿਵੇਂ ਪ੍ਰਾਪਤ ਹੁੰਦੇਂ ਹਨ। ਮੈਂ ਉਹਨਾਂ ਦੇ ਸਭ ਤੋਂ ਆਮ ਅਤੇ ਸਧਾਰਨ ਰੂਪਾਂ ਬਾਰੇ ਸਿਖਾਵਾਂਗਾ। ਇਹ ਸੂਚੀ ਪੂਰੀ ਨਹੀਂ ਹੈ, ਪਰ ਇਹ ਵਰਦਾਨਾਂ ਵਿੱਚ ਚੱਲਣ ਦੀ ਸ਼ੁਰੂਆਤ ਹੈ। ਉਨ੍ਹਾਂ ਦੇ ਰੂਪ ਹਨ ਦਰਸ਼ਨ, ਸੁਪਨੇ, ਆਵਾਜ਼ਾਂ ਸੁਣਨਾ, ਅਭਿਆਸ, ਸਰੀਰਕ ਅਤੇ ਭਾਵਨਾਤਮਕ ਅਨੁਭਵ ਹਨ। ਸਾਨੂੰ ਇਹ ਸਮਝਣਾ ਹੈ ਕਿ ਪ੍ਰਕਾਸਨ਼ ਦਾ ਕੋਈ ਵੀ ਵਰਦਾਨ ਇਹਨਾਂ ਸਾਧਨਾਂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ, ਭਾਵੇਂ ਇਹ ਗਿਆਨ ਦਾ ਬਚਨ ਹੋਵੇ ਜਾਂ ਆਤਮਾਵਾਂ ਦੀ ਪਰਖ਼ ਜਾਂ ਪਰਾਈ ਭਾਸ਼ਾ ਦੀ

ਵਿਆਖਿਆ। ਭਾਵ, ਭਵਿੱਖਬਾਣੀ ਕਈ ਵਾਰ ਦਰਸ਼ਨ ਦੁਆਰਾ ਮਿਲੱਦੀ ਹੈ, ਪਰ ਹੋਰ ਸਥਿਤੀਆਂ ਵਿੱਚ ਅਭਿਆਸ ਦੁਆਰਾ । ਜੇਕਰ ਅਸੀਂ ਉਨ੍ਹਾਂ ਤਰੀਕਿਆਂ ਨੂੰ ਜਾਣਦੇ ਹਾਂ ਜਿਨ੍ਹਾਂ ਵਿੱਚ ਪਵਿੱਤਰ ਆਤਮਾ ਲੋਕਾਂ ਨਾਲ ਗੱਲ ਕਰਦਾ ਹੈ, ਤਾਂ ਅਸੀਂ ਉਸਦੀ ਆਵਾਜ਼ ਸੁਣਨ ਲਈ ਹੋਰ ਜਿਆਦਾ ਤਿਆਰ ਹੋ ਸਕਦੇ ਹਾਂ।

ਦਰਸ਼ਨ – ਇਹ ਦੋ ਤਰੀਕਿਆਂ ਨਾਲ ਪਾਇਆ ਜਾ ਸਕਦਾ ਹੈ, ਖੁੱਲ੍ਹਾ ਹੋਇਆ ਜਾਂ ਬੰਦ। ਖੁੱਲ੍ਹਾ ਦਰਸ਼ਨ ਭੌਤਿਕ ਅੱਖਾਂ ਰਾਹੀਂ ਦਿਖਾਈ ਦਿੰਦੀ ਹੈ, ਪਰ ਬੰਦ ਦਰਸ਼ਨ ਦਿਲ ਅਤੇ ਆਤਮਾ ਦੀਆਂ ਅੱਖਾਂ ਰਾਹੀਂ ਦਿਖਾਈ ਦਿੰਦੀ ਹੈ, ਜੋ ਸਾਡੀ ਕਲਪਨਾ ਵਾਂਗ ਦਿਖਾਈ ਦਿੰਦੀ ਹੈ। ਬਹੁਤੇ ਦਰਸ਼ਨ ਬੰਦ ਹਨ। ਦਰਸ਼ਨ ਪਵਿੱਤਰ ਆਤਮਾ ਦੀ ਇੱਕ ਤਸਵੀਰ ਜਾਂ ਵੀਡੀਓ ਹੈ, ਜਿਸਨੂੰ ਸਮਝਣ ਲਈ ਸਾਨੂੰ ਪਵਿੱਤਰ ਆਤਮਾ ਦੀ ਮਦਦ ਦੀ ਲੋੜ ਹੈ।

ਸੁਪਨਾ- ਸੁਪਨੇ ਦਰਸ਼ਨਾਂ ਵਰਗੇ ਹੁੰਦੇ ਹਨ, ਪਰ ਸੌਂਦਿਆਂ ਹੀ ਪ੍ਰਾਪਤ ਹੁੰਦੇ ਹਨ

ਆਵਾਜ਼ ਸੁਣਨਾ – ਇਹ ਦੋ ਤਰੀਕਿਆਂ ਨਾਲ ਸੁਣੀ ਜਾਂਦੀ ਹੈ, ਬਾਹਰੀ ਆਵਾਜ਼ ਜਾਂ ਅੰਦਰੂਨੀ। ਬਾਹਰੀ ਆਵਾਜ਼ ਭੌਤਿਕ ਕੰਨਾਂ ਦੁਆਰਾ ਸੁਣੀ ਜਾਂਦੀ ਹੈ, ਪਰ ਅੰਦਰਲੀ ਆਵਾਜ਼ ਦਿਲ ਅਤੇ ਆਤਮਾ ਦੇ ਕੰਨਾਂ ਦੁਆਰਾ ਸੁਣੀ ਜਾਂਦੀ ਹੈ।

ਅਭਿਆਸ- ਅਭਿਆਸ ਬਿਨਾਂ ਦਰਸਨ ਦੇਖੇ ਅਤੇ ਬਿਨਾਂ ਆਵਾਜ਼ ਸੁਣੇ  ਕਿਸੇ ਵੀ ਅਣਜਾਣ ਗੱਲ ਨੂੰ ਜਾਣਨਾ।

ਸਰੀਰਕ ਅਤੇ ਭਾਵਨਾਤਮਕ ਅਨੁਭਵ- ਸਰੀਰ ਜਾਂ ਭਾਵਨਾ ਦੁਆਰਾ ਅਚਾਨਕ ਮਹਿਸੂਸ ਕਰਨਾ ਜੋ ਸਮਝ ਅਤੇ ਅਦਰੂਨੀ ਸਮਝ ਪ੍ਰਦਾਨ ਕਰਦਾ ਹੈ।

ਆਉ ਬਚਨ ਵਿੱਚੋਂ ਕੁਝ ਉਦਾਹਰਣਾਂ ਨੂੰ ਵੇਖੀਏ।

*ਰਸੂਲਾਂ ਦੇ ਕਰਤੱਬ 11:5-10 ਕਿ ਮੈਂ ਯਾਪਾ ਦੇ ਨਗਰ ਵਿੱਚ ਪ੍ਰਾਰਥਨਾ ਕਰ ਰਿਹਾ ਸੀ।*

ਮੈਂ ਇੱਕ ਦਰਸ਼ਣ ਦੇਖਿਆ ਕਿ ਇੱਕ ਚੀਜ਼, ਵੱਡੀ ਚਾਦਰ ਦੇ ਸਮਾਨ, ਜਿਸ ਦੇ ਚਾਰ ਪੱਲੇ ਸਨ ਅਕਾਸ਼ ਤੋਂ ਧਰਤੀ ਦੀ ਵੱਲ ਉਤਰਦੀ ਮੇਰੇ ਕੋਲ ਆਈ। ਜਦੋਂ ਮੈਂ ਉਸ ਦੀ ਵੱਲ ਧਿਆਨ ਦਿੱਤਾ, ਤਾਂ ਧਰਤੀ ਦੇ ਚੌਪਾਏ ਅਤੇ ਜੰਗਲੀ ਜਾਨਵਰ ਅਤੇ ਰੇਂਗਣ ਵਾਲੇ ਜੀਵ-ਜੰਤੂ ਅਤੇ ਅਕਾਸ਼ ਦੇ ਪੰਛੀ ਵੇਖੇ। ਫਿਰ ਮੈਂ ਇੱਕ ਆਵਾਜ਼ ਵੀ ਸੁਣੀ ਜੋਂ ਮੈਨੂੰ ਆਖਦੀ ਸੀ, " ਹੈ ਪਤਰਸ, ਉੱਠ, ਮਾਰ ਅਤੇ ਖਾ।" ਪਰ ਮੈਂ ਕਿਹਾ,'ਨਾ ਪ੍ਰਭੂ ਜੀ, ਇਸ ਤਰ੍ਹਾਂ ਨਹੀ ਹੋ ਸਕਦਾ ਕਿਉਂ ਜੋ ਕੋਈ ਅਸ਼ੁੱਧ ਜਾਂ ਬੁਰੀ ਚੀਜ਼ ਮੈਂ ਕਦੇ ਨਹੀ ਖਾਧੀ।' ਅਤੇ ਦੂਜੀ ਵਾਰ ਅਕਾਸ਼ ਤੋਂ ਅਵਾਜ਼ ਆਈ ਕਿ ਜ਼ੋ ਕੁਝ ਪ੍ਰਮੇਸ਼ਵਰ ਨੇ ਸ਼ੁੱਧ ਕੀਤਾ ਹੈ ਉਹ ਨੂੰ ਤੂੰ ਅਸ਼ੁੱਧ ਨਾ ਕਹਿ। ਇਸ ਤਰ੍ਹਾਂ ਤਿੰਨ ਵਾਰ ਹੋਇਆ ਅਤੇ ਉਹ ਸਭ ਕੁਝ ਅਕਾਸ਼ ਵੱਲ ਖਿੱਚਿਆ ਗਿਆ।

ਇਹਨਾਂ ਬਚਨਾਂ ਨੂੰ ਦੇਖਣ ਤੋਂ ਬਾਅਦ ਸਾਨੂੰ ਪਤਾ ਲੱਗਾ ਕਿ ਪਤਰਸ ਨੇ ਇੱਕ ਦਰਸ਼ਣ ਦੇਖਿਆ ਸੀ, ਪਰ ਅਸੀਂ ਨਹੀਂ ਜਾਣਦੇ ਕਿ ਇਹ ਉਸਨੇ ਆਪਣੀਆਂ ਸਰੀਰਕ ਅੱਖਾਂ ਜਾਂ ਆਪਣੀਆਂ ਆਤਮਿਕ ਅੱਖਾਂ ਨਾਲ ਦੇਖਿਆ । ਦਰਸ਼ਣ ਦੇਖਦੇ ਹੋਏ ਉਸਨੂੰ ਪਵਿੱਤਰ ਆਤਮਾ ਦੀ ਅਵਾਜ਼ ਸੁਣਾਈ ਦਿੱਤੀ। ਪਤਰਸ ਨੇ ਦਰਸ਼ਣ ਦੇਖ ਕੇ ਅਤੇ ਆਵਾਜ਼ਾਂ ਸੁਣ ਕੇ ਭਵਿੱਖਬਾਣੀ ਨੂੰ ਪ੍ਰਾਪਤ ਕੀਤਾ। ਇਹ ਇਸ ਲਈ ਭਵਿੱਖਬਾਣੀ ਸੀ ਕਿਉਂਕਿ ਪਰਮੇਸ਼ੁਰ ਨੇ ਪਤਰਸ ਨੂੰ ਸੰਦੇਸ਼ ਦਿੱਤਾ ਸੀ। ਇਸ ਸੰਦੇਸ਼ ਨੇ ਪਤਰਸ ਨੂੰ ਗ਼ੈਰ-ਯਹੂਦੀ ਲੋਕਾਂ ਕੋਲ ਜਾਣ ਅਤੇ ਉਨ੍ਹਾਂ ਦੀ ਸੇਵਾ ਕਰਨ ਲਈ ਤਿਆਰ ਕੀਤਾ।

*ਰਸੂਲਾਂ ਦੇ ਕਰਤੱਬ 16:6-10 ਫਿਰ ਉਹ ਫ਼ਰੂਗਿਯਾ ਅਤੇ ਗਲਾਤਿਯਾ ਦੇ ਇਲਾਕਿਆਂ ਵਿੱਚੋਂ ਦੀ ਲੰਘੇ, ਕਿਉਂਕਿ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਏਸ਼ੀਆ ਵਿੱਚ ਬਚਨ ਦਾ ਪ੍ਰਚਾਰ ਕਰਨ ਤੋਂ ਮਨ੍ਹਾ ਕੀਤਾ ਸੀ। ਤਦ ਉਨ੍ਹਾਂ ਨੇ ਮੁਸਿਯਾ ਦੇ ਸਾਹਮਣੇ ਆ ਕੇ ਬਿਥੁਨਿਯਾ ਵਿੱਚ ਜਾਣ ਦਾ ਯਤਨ ਕੀਤਾ, ਪਰ ਯਿਸੂ ਦੇ ਆਤਮਾ ਨੇ ਉਨ੍ਹਾਂ ਨੂੰ ਜਾਣ ਨਹੀਂ ਦਿੱਤਾ।ਤਾਂ ਉਹ ਮੁਸਿਯਾ ਕੋਲੋਂ ਜਾ ਕੇ ਤ੍ਰੋਆਸ ਵਿੱਚ ਗਏ। ਅਤੇ ਪੌਲੁਸ ਨੇ ਰਾਤ ਨੂੰ ਇੱਕ ਦਰਸ਼ਣ ਵੇਖਿਆ ਕਿ ਇੱਕ ਮਕਦੂਨੀ ਮਨੁੱਖ ਖੜ੍ਹਾ ਉਸਦੀ ਮਿੰਨਤ ਕਰ ਕੇ ਕਹਿੰਦਾ ਹੈ, ਜੋ ਇਸ ਪਾਰ ਮਕਦੂਨਿਯਾ ਵਿੱਚ ਆ ਕੇ ਸਾਡੀ ਸਹਾਇਤਾ ਕਰੇ।*

ਆਓ ਅਤੇ ਸਾਡੀ ਮਦਦ ਕਰੋ।'' ਜਿਵੇਂ ਹੀ ਅਸੀਂ ਇਹ ਦਰਸ਼ਣ ਦੇਖਿਆ, ਅਸੀਂ ਤੁਰੰਤ ਮੈਸੇਡੋਨੀਆ ਜਾਣਾ ਚਾਹੁੰਦੇ ਹਾਂ ਅਤੇ ਸਮਝ ਗਏ ਕਿ ਪਰਮੇਸ਼ੁਰ ਨੇ ਸਾਨੂੰ ਉਨ੍ਹਾਂ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਬੁਲਾਇਆ ਸੀ।

ਕਿਉਂਕਿ ਬਚਨ ਸਾਨੂੰ ਖਾਸ ਤੌਰ 'ਤੇ ਨਹੀਂ ਦੱਸਦਾ, ਇਸ ਲਈ ਅਸੀਂ ਨਹੀਂ ਜਾਣਦੇ ਕਿ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਕਿਵੇਂ ਮਨ੍ਹਾ ਕੀਤਾ ਸੀ। ਉਸ ਤੋਂ ਬਆਦ ਪੌਲੁਸ ਨੇ ਇੱਕ ਦਰਸ਼ਣ ਦੇਖ ਕੇ ਭਵਿੱਖਬਾਣੀ ਕੀਤੀ। ਇਹ ਭਵਿੱਖਬਾਣੀ ਪਰਮੇਸ਼ੁਰ ਵੱਲੋਂ ਇੱਕ ਸੰਦੇਸ਼ ਸੀ ਜਿਸ ਨੇ ਪੌਲੁਸ ਨੂੰ ਸੇਧ ਦਿੱਤੀ ਅਤੇ ਹਿਦਾਇਤ ਦਿੱਤੀ।

*ਰਸੂਲਾਂ ਦੇ ਕਰਤੱਬ 14:8-10 ਲੁਸਤਰਾ ਵਿੱਚ ਇੱਕ ਮਨੁੱਖ ਬੈਠਾ ਸੀ ਜੋਂ ਪੈਰਾ ਤੋਂ ਨਿਰਬਲ ਸੀ। ਜਿਹੜਾ ਜਮਾਂਦਰੂ ਲੰਗੜਾ ਸੀ ਅਤੇ ਕਦੇ ਤੁਰਿਆ ਨਹੀਂ ਸੀ। ਇਹ ਆਦਮੀ ਪੌਲੁਸ ਦੀ ਗੱਲ ਸੁਣ ਰਿਹਾ ਸੀ। ਉਸ ਨੇ ਪੌਲੁਸ ਨੂੰ ਗੱਲਾਂ ਕਰਦੇ ਸੁਣਿਆ ਅਤੇ ਪੌਲੁਸ ਨੇ ਉਹ ਦੀ ਵੱਲ ਧਿਆਨ ਕਰ ਕੇ ਵੇਖਿਆ ਕਿ ਇਹ ਦੇ ਵਿੱਚ ਚੰਗਾ ਹੋਣ ਦਾ ਵਿਸ਼ਵਾਸ ਹੈ ਤਾਂ ਉਚੀ ਅਵਾਜ਼ ਨਾਲ ਬੋਲਿਆ ਕਿ ਆਪਣੇ ਪੈਰਾਂ ਉੱਤੇ ਸਿੱਧਾ ਖੜ੍ਹਾ ਹੋ।ਤਦ ਉਹ ਉਸੇ ਵੇਲੇ ਖੜ੍ਹਾ ਹੋਇਆ ਅਤੇ ਤੁਰਨ ਲੱਗ ਪਿਆ।*

ਪੌਲੁਸ ਨੇ ਉਸ ਲੰਗੜੇ ਆਦਮੀ ਦੀ ਅੰਨ੍ਹੀ ਨਿਹਚਾ ਨੂੰ ਪਛਾਣਿਆ। ਉਸ ਨੇ ਕਿਵੇਂ ਦੇਖਿਆ? ਪੌਲੁਸ ਨੇ ਦਰਸ਼ਣ ਵਿੱਚ ਇਹ ਦੇਖਿਆ। ਉਸ ਨੇ ਆਤਮਿਕ ਮਾਹੌਲ ਵਿਚ ਉਸਦੀ ਆਸਥਾ ਨੂੰ ਦੇਖਿਆ। ਇਹ ਪਰਕਾਸ਼ਨ ਗਿਆਨ ਦਾ ਬਚਨ ਸੀ, ਕਿਉਂਕਿ ਪੌਲੁਸ ਨੂੰ ਪਰਮੇਸ਼ੁਰ ਦੀ ਚੰਗਾਈ  ਦੀ ਸਮਾਰੱਥ ਨੂੰ ਪ੍ਰਾਪਤ ਕਰਨ ਲਈ ਉਸ ਮਨੁੱਖ ਦੀ ਆਤਮਿਕ ਸਮਰੱਥਾ ਦਾ ਗਿਆਨ ਪ੍ਰਾਪਤ ਹੋਇਆ। ਜਿਸ ਤਰ੍ਹਾਂ ਗਿਆਨ ਦੇ ਬਚਨ ਮਿਲਦੇ ਹਨ, ਪੌਲੁਸ ਨੇ ਵੀ ਉਸੇ ਗਿਆਨ ਦੇ ਅਨੁਸਾਰ ਕਿਹਾ, 'ਆਪਣੇ ਪੈਰਾ ਦੇ ਸਿੱਧੇ ਖੜ੍ਹੇ ਹੋ ਜਾਓ' ਅਤੇ ਤੁਰੰਤ ਇੱਕ ਚਮਤਕਾਰ ਹੋਇਆ।

*ਮਰਕੁਸ 2:6-8 ਪਰ ਕਈ ਉਪਦੇਸ਼ਕ ਉੱਥੇ ਬੈਠੈ ਆਪਣੇ ਮਨਾਂ ਵਿੱਚ ਵਿਚਾਰ ਕਰਨ ਲੱਗੇ ਜੋ ਇਹ ਮਨੁੱਖ ਕਿਉਂ ਇਸ ਤਰ੍ਹਾਂ ਬੋਲਦਾ ਹੈ? ਇਹ ਤਾਂ ਪਰਮੇਸ਼ੁਰ ਦੀ ਨਿੰਦਿਆ ਕਰਦਾ ਹੈ! ਪਰਮੇਸ਼ੁਰ ਤੋਂ ਬਿਨਾਂ ਕੌਣ ਪਾਪ ਮਾਫ਼ ਕਰ ਸਕਦਾ ਹੈ?'' ਅਤੇ ਯਿਸੂ ਨੇ ਆਪਣੇ ਆਤਮਾ ਨਾਲ ਇਹ ਜਾਣ ਕੇ ਜੋ ਉਹ ਆਪਣੇ ਮਨਾਂ ਵਿੱਚ ਕੀ ਵਿਚਾਰ ਕਰਦੇ ਹਨ ਉਨ੍ਹਾਂ ਨੂੰ ਕਿਹਾ, ਤੁਸੀਂ ਕਿਉਂ ਆਪਣੇ ਮਨਾਂ ਵਿੱਚ ਅਜਿਹਾ ਅਜਿਹਾ ਵਿਚਾਰ ਕਰਦੇ ਹੋ?*

ਯਿਸੂ ਨੇ ਉਨ੍ਹਾਂ ਲੋਕਾਂ ਦੇ ਵਿਚਾਰਾਂ ਨੂੰ ਗਿਆਨ ਦੇ ਬਚਨਾਂ ਦੁਆਰਾ ਜਾਣਿਆ ਜੋ ਇੱਕ ਅਭਿਆਸ ਦੇ ਰੂਪ ਵਿੱਚ ਆਇਆ ਸੀ। ਯਿਸੂ ਨੇ ਨਾ ਤਾਂ ਦਰਸ਼ਣ ਦੇਖਿਆ ਅਤੇ ਨਾ ਹੀ ਅਵਾਜ਼ ਸੁਣੀ। ਉਸ ਨੇ ਤੁਰੰਤ ਆਪਣੀ ਆਤਮਾ ਵਿੱਚ ਅਜਿਹੀਆਂ ਗੱਲਾਂ ਜਾਣ ਲਈਆਂ, ਜਿਨ੍ਹਾਂ ਨੂੰ ਪ੍ਰਕਾਸ਼ਨ ਤੋਂ ਬਿਨਾਂ ਜਾਣਨਾ ਅਸੰਭਵ ਹੈ। ਇਹ ਇੱਕ ਅਭਿਆਸ ਹੈ।

*ਲੂਕਾ 13:10-16 ਯਿਸੂ ਸਬਤ ਦੇ ਦਿਨ ਕਿਸੇ ਪ੍ਰਾਰਥਨਾ ਘਰ ਵਿੱਚ ਉਪਦੇਸ਼ ਦੇ ਰਿਹਾ ਸੀ। ਉੱਥੇ ਇੱਕ ਔਰਤ ਸੀ ਜਿਸ ਨੂੰ ਅਠਾਰਾਂ ਸਾਲਾਂ ਤੋਂ ਕਮਜ਼ੋਰੀ ਦਾ ਆਤਮਾਂ ਚਿੰਬੜਿਆ ਹੋਇਆ ਸੀ, ਅਤੇ ਓਹ ਕੁੱਬੀ ਸੀ ਅਤੇ ਕਿਸੇ ਤਰ੍ਹਾਂ ਸਿੱਧੀ ਨਹੀਂ ਹੋ ਸਕਦੀ ਸੀ। ਯਿਸੂ ਨੇ ਉਸਨੂੰ ਦੇਖ ਕੇ ਬੁਲਾਇਆ ਅਤੇ ਉਸ ਨੂੰ ਕਿਹਾ, ਹੇ ਔਰਤ, ਤੂੰ ਆਪਣੀ ਕਮਜ਼ੋਰੀ ਤੋਂ ਮੁਕਤ ਹੋ ਗਈ ਹੈ।ਤਦ ਯਿਸੂ ਨੇ ਉਸ ਉੱਤੇ ਆਪਣੇ ਹੱਥ ਰੱਖੇ, ਅਤੇ ਉਹ ਤੁਰੰਤ ਸਿੱਧੀ ਖੜ੍ਹੀ ਹੋ ਗਈ ਅਤੇ ਪਰਮੇਸ਼ੁਰ ਦੀ ਵਡਿਆਈ ਕਰਨ ਲੱਗੀ ... ਇਹ ਸੁਣ ਕੇ ਪ੍ਰਭੂ ਨੇ ਉੱਤਰ ਦਿੱਤਾ ... ''ਕੀ ਇਹ ਔਰਤ ਜੋਂ ਅਬਰਾਹਮ ਦੀ ਸੰਤਾਨ ਵਿੱਚੋਂ ਹੈ , ਜਿਸ ਨੂੰ ਸ਼ੈਤਾਨ ਨੇ ਅਠਾਰਾਂ ਸਾਲਾਂ ਤੋਂ ਬੰਨ੍ਹਿਆ ਹੋਇਆ ਸੀ, ਇਸ ਨੂੰ ਸਬਤ ਦੇ ਦਿਨ ਇਸ ਬੰਧਨ ਤੋਂ ਛੁਡਾਉਣ ਯੋਗ ਨਹੀ ਸੀ?*

ਅਸੀਂ ਨਹੀਂ ਜਾਣਦੇ ਕਿ ਯਿਸੂ ਨੇ ਤਸੀਹੇ ਦੇਣ ਵਾਲੀ ਦੁਸ਼ਟ ਆਤਮਾਂ ਦੀ ਪਛਾਣ ਕਿਵੇਂ ਕੀਤੀ, ਜਿਵੇਂ ਕਿ ਦਰਸ਼ਣ ਜਾਂ ਅਭਿਆਸ ਦੁਆਰਾ, ਪਰ ਅਸੀਂ ਜਾਣਦੇ ਹਾਂ ਕਿ ਯਿਸੂ ਨੇ ਉਸ ਨੂੰ ਆਤਮਾਵਾਂ ਦੀ ਪਰਖ ਦੇ ਵਰਦਾਨ ਦੁਆਰਾ ਪਛਾਣਿਆ ਸੀ। ਇਸ ਵਰਦਾਨ ਰਾਹੀਂ ਯਿਸੂ ਨੇ ਉਸ ਸਮੱਸਿਆ ਦੀ ਜੜ੍ਹ ਨੂੰ ਜੋਂ ਦੁਸ਼ਟ ਆਤਮਾਂ ਵੱਲੋਂ ਸੀ, ਪਛਾਣ ਕੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦਿੱਤਾ।

2009 ਵਿੱਚ ਮੈਂ ਸੌ ਆਗੂਆ ਲਈ ਪਵਿੱਤਰ ਆਤਮਾ ਬਾਰੇ ਇੱਕ ਸੈਮੀਨਾਰ ਦੀ ਅਗਵਾਈ ਕਰ ਰਿਹਾ ਸੀ। ਗਿਆਨ ਦੇ ਬਚਨਾਂ ਬਾਰੇ ਸਿਖਾਉਣ ਤੋਂ ਬਾਅਦ, ਮੈਂ ਖੁਦ ਗਿਆਨ ਦੇ ਬਚਨ ਪ੍ਰਾਪਤ ਕਰਕੇ ਉਸ ਅਨੁਸਾਰ ਪ੍ਰਾਰਥਨਾ ਕੀਤੀ, ਅਤੇ ਬਹੁਤ ਸਾਰੇ ਲੋਕ ਤੁਰੰਤ ਠੀਕ ਹੋ ਗਏ। ਫਿਰ ਮੈਂ ਦਸ ਲੋਕਾਂ ਨੂੰ ਅੱਗੇ ਬੁਲਾਇਆ ਤਾਂ ਜੋ ਉਹ ਸਿਖਾਉਣ ਲਈ ਗਿਆਨ ਦੇ ਬਚਨ ਪ੍ਰਾਪਤ ਕਰ ਸਕਣ। ਉਹ ਥੋੜ੍ਹਾ ਜਿਹਾ ਘਬਰਾ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਕਦੇ ਵੀ ਗਿਆਨ ਦੇ ਬਚਨ ਨਹੀਂ ਮਿਲੇ ਸਨ, ਨਾ ਹੀ ਉਨ੍ਹਾਂ ਨੂੰ ਉਨ੍ਹਾਂ ਬਾਰੇ ਪਤਾ ਸੀ। ਮੈਂ ਆਪਣੇ ਹੱਥ ਉਨ੍ਹਾਂ ਤੇ ਰੱਖ ਕੇ ਵਿਸ਼ਵਾਸ ਨਾਲ ਉਸ ਵਰਦਾਨ ਦੀ ਕਿਰਪਾ ਉਨ੍ਹਾਂ ਨੂੰ ਦਿੱਤੀ। ਮੈਂ ਉਹਨਾ ਨੂੰ ਸ਼ਾਂਤ ਰਹਿਣ ਅਤੇ ਪਵਿੱਤਰ ਆਤਮਾ ਤੇ ਧਿਆਨ ਕਰਨਾ ਜਾਰੀ ਰੱਖਣ ਲਈ ਕਿਹਾ।

ਇੱਕ ਆਦਮੀ ਨੇ ਤੁਰੰਤ ਆਪਣੇ ਮੱਥੇ ਅਤੇ ਛਾਤੀ ਵਿੱਚ ਦਰਦ ਮਹਿਸੂਸ ਕੀਤਾ। ਉਹ ਜਾਣਦਾ ਸੀ ਕਿ ਇਹ ਦਰਦ ਉਸ ਦਾ ਆਪਣਾ ਨਹੀਂ ਸੀ, ਕਿਉਂਕਿ ਅਜਿਹਾ ਦਰਦ ਉਸ ਨੂੰ ਪਹਿਲਾਂ ਕਦੇ ਮਹਿਸੂਸ ਨਹੀਂ ਹੋਇਆ ਸੀ। ਮੈਂ ਭੀੜ ਨੂੰ ਪੁੱਛਿਆ ਕਿ ਕੋਈ ਅਜਿਹਾ ਦਰਦ ਮਹਿਸੂਸ ਕਰ ਰਿਹਾ ਹੈ? ਇੱਕ ਔਰਤ ਨੇ ਖੜ੍ਹੀ ਹੋ ਕੇ ਕਿਹਾ, ''ਇਹ ਤਾਂ ਮੈਂ ਹੀ ਹਾਂ, ਜਿਸਦੇ ਮੱਥੇ ਅਤੇ ਛਾਤੀ ਦੋਵੇਂ ਦੁਖ ਰਹੇ ਹਨ।'' ਮੈਂ ਉਸ ਆਦਮੀ ਨੂੰ ਉਸਦੇ ਲਈ ਪ੍ਰਾਰਥਨਾ ਕਰਨ ਲਈ ਕਿਹਾ। ਜਦੋਂ ਉਹ ਉਸ ਦੇ ਮੱਥੇ ਲਈ ਪ੍ਰਾਰਥਨਾ ਕਰ ਰਿਹਾ ਸੀ ਤਾਂ ਔਰਤ ਦਾ ਸਿਰ ਦਰਦ ਦੂਰ ਹੋ ਗਿਆ। ਗਿਆਨ ਦੇ ਬਚਨ ਕਾਰਨ ਜੋ ਦਰਦ ਮਨੁੱਖ ਮਹਿਸੂਸ ਕਰ ਰਿਹਾ ਸੀ ਉਹ ਵੀ ਤੁਰੰਤ ਦੂਰ ਹੋ ਗਿਆ। ਪਰ ਛਾਤੀ ਵਿੱਚ ਦਰਦ ਬਰਕਰਾਰ ਸੀ। ਫਿਰ ਉਸਨੇ ਉਸਦੀ ਛਾਤੀ ਦੇ ਦਰਦ ਲਈ ਪ੍ਰਾਰਥਨਾ ਕੀਤੀ ਅਤੇ ਦੋਵਾਂ ਲਈ ਦਰਦ ਦੂਰ ਹੋ ਗਿਆ। ਉਹ ਤੁਰੰਤ ਠੀਕ ਹੋ ਗਈ।

ਇਹ ਇੱਕ ਉਦਾਹਰਣ ਹੈ ਕਿ ਕਿਵੇਂ ਪਵਿੱਤਰ ਆਤਮਾ ਦੂਜਿਆਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਕਰਨ ਲਈ ਸਰੀਰਕ ਅਤੇ ਭਾਵਨਾਤਮਕ ਤਜ਼ਰਬਿਆਂ ਦੁਆਰਾ ਸਾਡੀ ਅਗਵਾਈ ਕਰਦਾ ਹੈ।

**ਅੰਤਮ ਵਿਚਾਰ**

ਜਦੋਂ ਅਸੀਂ ਵਰਦਾਨਾਂ ਦੇ ਉਦੇਸ਼ ਨੂੰ ਸਮਝਦੇ ਹਾਂ ਅਤੇ ਜਾਣਦੇ ਹਾਂ ਕਿ ਉਹ ਕਿਵੇਂ ਕੰਮ ਕਰਦੇ ਹਨ, ਤਾਂ ਅਸੀਂ ਪਵਿੱਤਰ ਆਤਮਾ ਨਾਲ ਭਾਈਵਾਲੀ ਕਰਨ ਲਈ ਤਿਆਰ ਹੋ ਸਕਦੇ ਹਾਂ। ਜੇਕਰ ਮੈਨੂੰ ਗਿਆਨ ਦਾ ਬਚਨ ਪ੍ਰਾਪਤ ਹੋ ਰਿਹਾ ਹੈ, ਤਾਂ ਮੈਂ ਸਮਝ ਸਕਦਾ ਹਾਂ ਕਿ ਉਸੇ ਸਮੇਂ ਪਰਮਾਤਮਾ ਕੀ ਕਰਨਾ ਚਾਹੁੰਦਾ ਹੈ, ਅਤੇ ਮੇਰਾ ਵਿਸ਼ਵਾਸ ਵਧਦਾ ਹੈ ਅਤੇ ਮਜ਼ਬੂਤ ਹੁੰਦਾ ਹੈ। ਪਰਮੇਸ਼ੁਰ ਸਾਡੇ ਤੋਂ ਸਧਾਰਨ ਵਿਸ਼ਵਾਸ ਅਤੇ ਆਗਿਆਕਾਰੀ ਦੀ ਆਸ ਰੱਖਦਾ ਹੈ। ਜਦੋਂ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹਾਂ, ਤਾਂ ਉਹ ਮਹਾਨ ਅਤੇ ਸ਼ਾਨਦਾਰ

ਕੰਮ ਕਰਦਾ ਹੈ! ਆਤਮਿਕ ਵਰਦਾਨਾਂ ਦਾ ਪਿੱਛਾ ਕਰੋ (1 ਕੁਰਿੰਥੀਆਂ 14:1), ਪਰ ਇਸ ਤੋਂ ਵੱਧ, ਪਵਿੱਤਰ ਆਤਮਾ ਨੂੰ ਕੀਮਤੀ ਸਮਝ ਕੇ ਉਸ ਨੂੰ ਲਭੋ, ਜੋ ਸਾਰੀਆਂ ਦਾਤਾਂ ਦਾ ਸਰੋਤ ਹੈ!

ਅਧਿਆਇ 7

# ਆਤਮਿਕ ਤੋਹਫ਼ੇ ਭਾਗ 2

**ਬੋਲੇ ਜਾਣ ਵਾਲੇ ਵਰਦਾਨ**

ਇਸ ਅਧਿਆਇ ਵਿੱਚ ਮੈਂ ਹੋਰ ਦੋ ਕਿਸਮਾਂ ਦੇ ਵਰਦਾਨਾਂ ਬਾਰੇ ਸਮਾਝਾਂਵਾਗਾ ਜੋ ਹਨ ਬੋਲੇ ਜਾਣ ਵਾਲੇ ਵਰਦਾਨ ਅਤੇ ਸਮਾਰੱਥ ਦੇ ਵਰਦਾਨ।

ਵੱਖ-ਵੱਖ ਕਿਸਮਾਂ ਦੀਆਂ ਭਾਸ਼ਾਵਾਂ - ਇਹ ਪਰਾਈ ਭਾਸ਼ਾਵਾਂ ਬੋਲਣ ਦੀ ਸ਼ਕਤੀ ਹੈ।

ਰਸੂਲਾਂ ਦੇ ਕਰਤੱਬ 10:44-46 ਪਤਰਸ ਇਹ ਗੱਲ ਕਰਦਾ ਹੀ ਸੀ ਕਿ ਪਵਿੱਤਰ ਆਤਮਾ ਬਚਨ ਦੇ ਸਭ ਸੁਣਨ ਵਾਲਿਆ ਤੇ ਉਤਰਿਆ। ਅਤੇ ਸੁੰਨਤ ਕੀਤੇ ਹੋਏ ਵਿਸ਼ਵਾਸੀ ਜਿੰਨੇ ਪਤਰਸ ਦੇ ਨਾਲ ਆਏ ਸਨ ਸਭ ਹੈਰਾਨ ਹੋ ਗਏ ਕਿ ਪਰਾਈਆਂ ਕੌਮਾਂ ਦੇ ਲੋਕਾਂ ਉੱਤੇ ਵੀ ਪਵਿੱਤਰ ਆਤਮਾ ਨੂੰ ਵਹਾਇਆ ਗਿਆ ਹੈ। ਕਿਉਂਕਿ ਉਨ੍ਹਾਂ ਨੇ ਉਹਨਾਂ ਨੂੰ ਵੱਖੋ-ਵੱਖਰੀਆਂ ਭਾਸ਼ਾਵਾਂ ਵਿੱਚ ਬੋਲਦੇ ਅਤੇ ਪਰਮੇਸ਼ੁਰ ਦੀ ਵਡਿਆਈ ਕਰਦੇ ਸੁਣਿਆ ਸੀ।

*ਰਸੂਲਾਂ ਦੇ ਕਰਤੱਬ 19:6 ਜਦੋਂ ਪੌਲੁਸ ਨੇ ਉਨ੍ਹਾਂ ਉੱਤੇ ਹੱਥ ਰੱਖੇ ਤਾਂ ਪਵਿੱਤਰ ਆਤਮਾ ਉਨ੍ਹਾਂ ਉੱਤੇ ਉੱਤਰਿਆ ਅਤੇ ਉਹ ਤਰ੍ਹਾਂ-ਤਰ੍ਹਾਂ ਭਾਸ਼ਾ ਬੋਲਣ ਲੱਗੇ ਅਤੇ ਭਵਿੱਖਬਾਣੀ ਕਰਨ ਲੱਗੇ।*

ਪਰਾਈ ਭਾਸ਼ਾ ਦਾ ਵਰਦਾਨ ਦੋ ਵੱਖ-ਵੱਖ ਤਰੀਕਿਆਂ ਨਾਲ ਕੰਮ ਕਰਦਾ ਹੈ। ਇੱਕ ਨਿੱਜੀ ਪ੍ਰਾਰਥਨਾਵਾਂ ਲਈ ਹੈ, ਅਤੇ ਦੂਜਾ ਪਰਾਈ ਭਾਸ਼ਾ ਦੇ ਅਰਥ ਦੱਸਣ ਦੇ ਵਰਦਾਨ ਦੇ ਨਾਲ ਕੰਮ ਕਰਕੇ ਸੰਦੇਸ਼ ਪਹੁੰਚਾਉਂਦਾ ਹੈ।

'ਨਿੱਜੀ ਪ੍ਰਾਰਥਨਾ' ਸਵਰਗੀ ਭਾਸ਼ਾ - ਜਿਸ ਤਰ੍ਹਾਂ ਅਸੀਂ ਹਿੰਦੀ, ਉਰਦੂ, ਅੰਗਰੇਜ਼ੀ ਆਦਿ ਭਾਸ਼ਾਵਾਂ ਵਿੱਚ ਪ੍ਰਮੇਸ਼ਵਰ ਦੀ ਪ੍ਰਾਰਥਨਾ ਅਤੇ ਅਰਾਧਨਾ ਕਰਦੇ ਹਾਂ, ਉਸੇ ਤਰ੍ਹਾਂ ਇਹ ਵਰਦਾਨ ਪਰਾਈ ਭਾਸ਼ਾਵਾਂ ਵਿੱਚ ਪ੍ਰਾਰਥਨਾ ਅਤੇ ਅਰਾਧਨਾ ਕਰਨ ਦੀ ਸਮਰੱਥਾ ਪ੍ਰਦਾਨ ਕਰਦੇ ਹਨ। ਜਦੋਂ ਵੀ ਕੋਈ ਪ੍ਰਾਰਥਨਾ ਕਰਦਾ ਹੈ ਜਾਂ ਅਰਾਧਨਾ ਕਰਦਾ ਹੈ ਤਾਂ ਉਹ ਪਰਮੇਸ਼ੁਰ ਨਾਲ ਅਜਿਹੀ ਭਾਸ਼ਾ ਵਿੱਚ ਗੱਲ ਕਰਦਾ ਹੈ ਜੋ ਸਮਝ ਆਉਂਦੀ ਹੈ। ਜਦੋਂ ਵੀ ਕੋਈ ਸਵਰਗੀ ਭਾਸ਼ਾਵਾਂ ਵਿੱਚ ਪ੍ਰਾਰਥਨਾ ਜਾਂ ਅਰਾਧਨਾ ਕਰਦਾ ਹੈ, ਤਾਂ ਉਹ ਕਿਸੇ ਅਣਜਾਣ ਭਾਸ਼ਾ ਵਿੱਚ ਸਿੱਧੀ ਪ੍ਰਭੂ ਨਾਲ ਗੱਲ ਕਰਦਾ ਹੈ। ਉਹ ਆਪਣੇ ਮਨ ਜਾਂ ਬੁੱਧੀ ਤੋਂ ਨਹੀਂ, ਸਗੋਂ ਆਪਣੀ ਆਤਮਾ ਦੀਆਂ ਗਹਿਰਾਈਆਂ ਤੋਂ ਬੋਲਦਾ ਹੈ। ਅਸੀਂ ਕਿਸੇ ਵੀ ਸਮੇਂ ਜਾਂ ਹਾਲਾਤਾਂ ਵਿੱਚ ਪਰਾਈ ਭਾਸ਼ਾ ਵਿੱਚ ਪ੍ਰਾਰਥਨਾ ਅਤੇ ਉਪਾਸਨਾ ਕਰ ਸਕਦੇ ਹਾਂ, ਜਿੱਥੇ ਵੀ ਸਾਨੂੰ ਭਾਸ਼ਾ ਵਿੱਚ ਪ੍ਰਾਰਥਨਾ ਅਤੇ ਅਰਾਧਨਾ ਕਰਨਾ ਉਚਿਤ ਹੋਵੇ। ਬਾਈਬਲ ਸਾਨੂੰ ਦੱਸਦੀ ਹੈ ਕਿ ਅਸੀ ਆਪਣੀ ਬੁੱਧੀ ਨਾਲ ਜਾਣਨਵਾਲੀ ਭਾਸ਼ਾ ਅਤੇ ਪਰਾਈ ਭਾਸ਼ਾ ਦੋਨਾ ਵਿੱਚ ਪ੍ਰਾਰਥਨਾ ਕਰੀਏ: ਆਪਣੀ ਅਕਲ ਅਤੇ ਸਮਝ ਨਾਲ ਅਤੇ ਆਪਣੀ ਆਤਮਾ ਨਾਲ ਵੀ।

*1 ਕੁਰਿੰਥੀਆਂ ਨੂੰ 14:2 ਜਿਹੜਾ ਪਰਾਈ ਭਾਸ਼ਾ ਬੋਲਦਾ ਹੈ, ਉਹ ਮਨੁੱਖਾ ਨਾਲ ਨਹੀਂ ਸਗੋਂ ਪਰਮੇਸ਼ਵਰ ਨਾਲ ਬੋਲਦਾ ਹੈ, ਇਸ ਲਈ ਕੋਈ ਨਹੀਂ ਸਮਝਦਾ ਹੈ ਪਰ ਉਹ ਆਤਮਾ ਵਿੱਚ ਭੇਦ ਦੀਆਂ ਗੱਲਾ ਕਰਦਾ ਹੈ।*

*1 ਕੁਰਿੰਥੀਆਂ 14:15 ਤਾਂ ਫਿਰ ਕੀ ਕੀਤਾ ਜਾਣਾ ਚਾਹੀਦਾ ਹੈ? ਮੈਂ ਆਤਮਾ ਨਾਲ ਵੀ ਪ੍ਰਾਰਥਨਾ ਕਰਾਂਗਾ, ਅਤੇ ਮੈਂ ਸਮਝ ਨਾਲ ਵੀ ਪ੍ਰਾਰਥਨਾ ਕਰਾਗਾਂ: ਮੈਂ ਆਪਣੀ ਆਤਮਾ ਨਾਲ ਗਾਵਾਂਗਾ ਅਤੇ ਸਮਝ ਨਾਲ ਵੀ ਗਾਵਾਂਗਾ।*

*1 ਕੁਰਿੰਥੀਆਂ 14:39 ਸੋ ਹੇ ਭਰਾਵੋ, ਭਵਿੱਖਬਾਣੀ ਕਰਨ ਨੂੰ ਭਾਲੋ ਅਤੇ ਪਰਾਈ ਭਾਸ਼ਾਵਾਂ ਬੋਲਣ ਤੋਂ ਨਾ ਰੋਕੋ।*

**ਪਰਾਈ ਭਾਸ਼ਾਵਾਂ ਵਿੱਚ ਬੋਲਣ ਦੇ ਚਾਰ ਲਾਭ**

1. ਅੰਦਰਲੇ ਮਨੁੱਖ ਨੂੰ ਮਜ਼ਬੂਤ ਕਰਨਾ (1 ਕੁਰਿੰਥੀਆਂ 14:4)

2. ਵਿਸ਼ਵਾਸ ਵਧਾਉਣਾ (ਯਹੂਦਾਹ 20)

3. ਪਵਿੱਤਰ ਆਤਮਾ ਦੀ ਅਗਵਾਈ ਵਿੱਚ ਪ੍ਰਮਾਤਮਾ ਦੀ ਸੰਪੂਰਨ ਇੱਛਾ ਦੇ ਅਨੁਸਾਰ ਪ੍ਰਾਰਥਨਾ ਕਰਨਾ

4. ਪਰਮਾਤਮਾ ਦੀ ਮੌਜੂਦਗੀ ਅਤੇ ਆਤਮਿਕ ਵਾਤਾਵਰਣ ਪ੍ਰਤੀ ਸੰਵੇਦਨਸ਼ੀਲ ਹੋਣਾ

**'ਸੰਦੇਸ਼' ਪਰਾਈ ਭਾਸ਼ਾ**- ਭਾਸ਼ਾਵਾਂ ਵਿੱਚ 'ਸੰਦੇਸ਼' ਇਸ ਕਿਸਮ ਦੀਆਂ ਪਰਾਈ ਭਾਸ਼ਾ ਵਿੱਚ ਪ੍ਰਾਰਥਨਾ ਕਰਨ ਜਾਂ ਅਰਾਧਨਾ ਕਰਨ ਲਈ ਨਹੀਂ ਹਨ, ਨਾ ਹੀ ਇਹ ਪ੍ਰਮੇਸ਼ਵਰ ਨਾਲ ਗੱਲ ਕਰਨ ਲਈ ਹਨ, ਪਰ ਇੱਕ ਵਿਅਕਤੀ ਜਾਂ ਸਮੂਹ ਲਈ ਸੰਦੇਸ਼ ਹਨ। ਸੰਦੇਸ਼ ਨੂੰ ਸਮਝਣ ਲਈ ਪਰਾਈ ਭਾਸ਼ਾ ਦੀ ਵਿਆਖਿਆ ਕਰਨ ਦਾ ਵਰਦਾਨ ਜ਼ਰੂਰੀ ਹੈ। ਇਹ ਪਰਾਈ ਭਾਸ਼ਾ ਦਾ ਵਰਦਾਨ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਪਰਮੇਸ਼ੁਰ ਨੇ ਲੋਕਾਂ ਤੋਂ ਕੁਝ ਬੁਲਾਉਣਾ ਹੋਵੇ।ਪਰਾਈ ਭਾਸ਼ਾ ਵਿੱਚ ਬੋਲਣ ਤੋਂ ਬਾਅਦ, ਪਵਿੱਤਰ ਆਤਮਾ ਉਸੇ ਵਿਅਕਤੀ ਨੂੰ, ਜਾਂ ਮੌਜੂਦ ਕਿਸੇ ਹੋਰ ਵਿਅਕਤੀ ਨੂੰ ਪਰਾਈ ਭਾਸ਼ਾ ਦੀ ਵਿਆਖਿਆ ਕਰਨ ਦਾ ਵਰਦਾਨ ਦਿੰਦਾ ਹੈ। ਇਸਦਾ ਅਨੁਵਾਦ ਤਰੱਕੀ ਕਰਨ ਲਈ, ਮਜ਼ਬੂਤ ਬਣਾਉਣ ਲਈ ਅਤੇ ਕੰਸੋਲ ਕਰਨ ਲਈ ਆਉਂਦਾ ਹੈ। ਜੇਕਰ ਅਜਿਹੇ ਕੋਈ ਨਹੀ ਜਿਹੜਾ ਵਿਸ਼ਵਾਸ ਨਾਲ ਅਨੁਵਾਦ ਕਰ ਸਕਦਾ ਹੈ, ਤਾਂ ਪੌਲੁਸ ਰਸੂਲ ਨੇ ਚੁੱਪ ਰਹਿਣ ਦੀ ਹਿਦਾਇਤ ਦਿੱਤੀ ਹੈ। ਇਹ ਵਰਦਾਨ ਭਵਿੱਖਬਾਣੀ ਵਾਂਗ ਹੈ ਕਿਉਂਕਿ ਇਹ ਲੋਕਾਂ ਲਈ ਪਰਮੇਸ਼ੁਰ ਦਾ ਸੰਦੇਸ਼ ਹੈ।

*1 ਕੁਰਿੰਥੀਆਂ 14:18-19 ਮੈਂ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ ਕਿ ਮੈਂ ਤੁਹਾਡੇ ਸਾਰਿਆਂ ਨਾਲੋਂ ਵੱਧ ਭਾਸ਼ਾਵਾਂ ਵਿੱਚ ਬੋਲਦਾ ਹਾਂ। ਤਾਂ ਵੀ ਕਲੀਸੀਯਾ ਵਿੱਚ ਪੰਜ ਗੱਲਾਂ ਆਪਣੀ ਸਮਝ ਨਾਲ ਬੋਲਣੀਆਂ ਕਿ ਹੋਰਨਾ ਨੂੰ ਵੀ ਸਿਖਾਵਾਂ ਇਹ ਮੈਨੂੰ ਇਸ ਨਾਲੋਂ ਬਹੁਤ ਪਸੰਦ ਆਉਂਦਾ ਹੈ ਜੋਂ ਦੱਸ ਹਜ਼ਾਰ ਗੱਲਾਂ ਪਰ ਚਰਚ ਵਿੱਚ ਭਾਸ਼ਾਵਾਂ ਵਿੱਚ ਦਸ ਹਜ਼ਾਰ ਗੱਲਾਂ ਪਰਾਈ ਭਾਸ਼ਾ ਵਿੱਚ ਬੋਲਾ।*

*1 ਕੁਰਿੰਥੀਆਂ 14:27-28 ਜੇ ਕੋਈ ਪਰਾਈ ਭਾਸ਼ਾ ਵਿੱਚ ਬੋਲੇ ਤਾਂ ਦੋ-ਦੋ ਅਥਵਾ ਵੱਧ ਤੋਂ ਵੱਧ ਤਿੰਨ-ਤਿੰਨ ਕਰਕੇ ਬੋਲਣ ਸੋ ਵਾਰੀ ਵਾਰੀ ਅਤੇ ਇੱਕ ਜਣਾ ਅਰਥ ਕਰੇ। ਪਰ ਜੇ ਕੋਈ ਅਰਥ ਕਰਨ ਵਾਲਾ ਨਾ ਹੋਵੇ ਤਾਂ ਉਹ ਕਲੀਸਿਯਾ ਵਿੱਚ ਚੁੱਪ ਰਹੇ ਅਤੇ ਆਪਣੇ ਨਾਲ ਅਤੇ ਪ੍ਰਮੇਸ਼ਵਰ ਨਾਲ ਬੋਲੇ।*

**ਸਮਰੱਥ ਦੇ ਵਰਦਾਨ**

ਵਰਦਾਨਾ ਦਾ ਆਖਰੀ ਵਿਭਾਗ ਸਮਰੱਥ ਦਾ ਵਰਦਾਨ ਹੈ। ਇਹ ਵਰਦਾਨ ਵਿਸ਼ਵਾਸ, ਚਮਤਕਾਰ ਅਤੇ ਚੰਗਾਈਆਂ ਦੇ ਹਨ. ਇਹ ਵਰਦਾਨ ਕਲੀਸਿਯਾ ਲਈ ਕਿਰਪਾ ਹਨ, ਅਤੇ ਪਵਿੱਤਰ ਆਤਮਾ ਦੀ ਇੱਛਾ ਦੇ ਅਨੁਸਾਰ ਖਾਸ ਸਮਿਆਂ ਤੇ ਪ੍ਰਗਟ ਹੁੰਦੇ ਹਨ (1 ਕੁਰਿੰਥੀਆਂ 12:11)। ਇਹ ਵਰਦਾਨ 'ਰਹਿਮਾ' ਸ਼ਬਦਾਂ ਦੇ ਅਨੁਸਾਰ ਹਨ। ਸਮਰੱਥ ਦੇ ਵਰਦਾਨ ਦੇ ਪ੍ਰਗਟ ਹੋਣ ਤੋਂ ਪਹਿਲਾਂ ਅਕਸਰ ਪ੍ਰਕਾਸਨ਼ ਦੇ ਵਰਦਾਨ ਦਿੱਤੇ ਜਾਂਦੇ ਹਨ, ਦੋਵੇਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਦੇ ਹਨ।

ਪ੍ਰਮੇਸ਼ਵਰ ਦੇ ਬਚਨ ਅਨੁਸਾਰ ਆਮ ਵਿਸ਼ਵਾਸ ਵਿੱਚ ਚੱਲਣ ਅਤੇ ਇਹਨਾਂ ਵਰਦਾਨਾ ਵਿੱਚ ਚੱਲਣ ਵਿੱਚ ਬਹੁਤ ਅੰਤਰ ਹੈ। ਕਿਸੇ ਵੀ ਸਮੇਂ, ਕਿਸੇ ਵੀ ਸਥਿਤੀ ਵਿੱਚ, ਮੈਂ ਪ੍ਰਮੇਸ਼ਵਰ ਦੇ ਲਿਖੇ ਹੋਏ ਬਚਨ ਨੂੰ ਆਮ ਵਿਸ਼ਵਾਸ ਦੇ ਨਾਲ ਮੰਨ ਸਕਦਾ ਹਾਂ, ਅਤੇ ਮੈਨੂੰ ਉਮੀਦ ਹੈ ਕਿ ਚੰਗਾਈ ਅਤੇ ਚਮਤਕਾਰ ਹੋਣਗੇ। ਇਹ ਸਮਰੱਥ ਦਾ ਵਰਦਾਨ ਨਹੀਂ ਹੈ। ਇਹ ਦੋਵਾਂ ਵਿਚਕਾਰ ਮੁੱਖ ਅੰਤਰ ਹਨ।

1. ਸਮਰੱਥ ਦੇ ਵਰਦਾਨ ਪਵਿੱਤਰ ਆਤਮਾ ਦੀ 'ਰਹਿਮਾ' ਆਵਾਜ਼ ਦੁਆਰਾ ਆਉਂਦੇ ਹਨ, ਪਰ ਆਮ ਵਿਸ਼ਵਾਸ ਲਿਖਤੀ ਬਚਨ ਦੁਆਰਾ ਆਉਂਦਾ ਹੈ।

2. ਸਮਰੱਥ ਦੇ ਵਰਦਾਨ ਪਵਿੱਤਰ ਆਤਮਾ ਦੀ ਇੱਛਾ ਨਾਲ ਆਉਂਦੇ ਹਨ, ਪਰ ਆਮ ਵਿਸ਼ਵਾਸ ਕਿਸੇ ਵੀ ਸਥਿਤੀ ਵਿੱਚ ਕੰਮ ਕਰ ਸਕਦਾ ਹੈ ਜਦੋਂ ਤੱਕ ਅਸੀਂ ਬਾਈਬਲ ਦੀ ਪਾਲਣਾ ਕਰਦੇ ਹਾਂ।

3. ਸਮਰੱਥ ਦੇ ਵਰਦਾਨ ਵਿਸ਼ੇਸ਼ ਹਾਲਾਤਾਂ ਲਈ ਹਨ, ਪਰ ਆਮ ਵਿਸ਼ਵਾਸ ਕਿਧਰੇ ਵੀ ਅਤੇ ਕਿਸੇ ਵੀ ਸਮੇਂ ਕੰਮ ਕਰ ਸਕਦਾ ਹੈ।

ਉਦਾਹਰਨ ਲਈ, ਹਰ ਵਿਅਕਤੀ ਜੋ ਚੰਗਾ ਕੀਤਾ ਗਿਆ ਹੈ, ਉਹ ਚੰਗਾਈ ਦੇ ਵਰਦਾਨ ਦੇ ਕਾਰਨ ਚੰਗਾ ਨਹੀਂ ਹੁੰਦਾ ਹੈ। ਯਿਸੂ ਨੇ ਕਿਹਾ ਕਿ ਉਹ ਬਿਮਾਰਾਂ ਉੱਤੇ ਹੱਥ ਰੱਖਣਗੇ ਅਤੇ ਬਿਮਾਰ ਠੀਕ ਹੋ ਜਾਣਗੇ (ਮਰਕੁਸ 16:18)। ਇਹ ਚੰਗਾਈ ਪ੍ਰਮੇਸ਼ਵਰ ਉੱਤੇ ਸਧਾਰਨ ਵਿਸ਼ਵਾਸ, ਭਰੋਸੇ ਅਤੇ ਆਗਿਆਕਾਰੀ ਦੁਆਰਾ ਹੋ ਸਕਦੀ ਹੈ, ਚੰਗਾਈ ਦੇ ਵਰਦਾਨਾ ਦੁਆਰਾ ਨਹੀਂ। ਇਸ ਅੰਤਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਤਾਂ ਜੋ ਅਸੀਂ ਉਨ੍ਹਾਂ ਵਰਦਾਨਾ ਵਿੱਚ ਚੱਲ ਸਕੀਏ। ਸਮਰੱਥ ਦੇ ਇਹ ਵਰਦਾਨ ਕਿਰਪਾ ਦੁਆਰਾ ਹਨ ਅਤੇ ਇਹ ਸਾਡੇ ਆਮ ਵਿਸ਼ਵਾਸ, ਭਰੋਸਾ ਅਤੇ ਆਗਿਆਕਾਰੀ ਤੋਂ ਬਾਹਰ ਕੰਮ ਕਰਦੇ ਹਨ।

**ਵਿਸ਼ਵਾਸ ਦਾ ਵਰਦਾਨ**

ਵਿਸ਼ਵਾਸ ਦਾ ਵਰਦਾਨ - ਬ੍ਰਹਮ ਵਿਸ਼ਵਾਸ ਜਿਸ ਵਿੱਚ ਕੋਈ ਸ਼ੱਕ ਜਾਂ ਅਵਿਸ਼ਵਾਸ ਨਹੀਂ ਹੈ। ਇਹ ਵਿਸ਼ਵਾਸ ਕਿਸੇ ਵਿਸ਼ੇਸ਼ ਸਥਿਤੀ ਲਈ ਦਿੱਤਾ ਜਾਂਦਾ ਹੈ, ਜਦੋਂ ਉਸ ਵਿਅਕਤੀ ਦਾ ਆਮ ਵਿਸ਼ਵਾਸ ਉਸ ਲੋੜ ਲਈ ਕਾਫੀ ਨਹੀਂ ਹੁੰਦਾ।

ਵਿਸ਼ਵਾਸ ਦਾ ਇਹ ਵਰਦਾਨ ਕਿਸੇ ਵਿਸ਼ਵਾਸੀ ਦੇ ਆਮ ਵਿਸ਼ਵਾਸ ਤੋਂ ਵੱਖਰਾ ਹੁੰਦਾ ਹੈ, ਅਤੇ ਕੇਵਲ ਕੁੱਝ ਸਮੇਂ ਲਈ ਬੰਣਿਆ ਰਹਿੰਦਾ ਹੈ। ਆਮ ਵਿਸ਼ਵਾਸ ਪਰਮੇਸ਼ੁਰ ਦੇ ਬਚਨ ਅਤੇ ਅਵਾਜ਼ ਨੂੰ ਸੁਣਨ ਨਾਲ ਆਉਂਦਾ ਹੈ, ਅਤੇ ਇਹ ਵਿਸ਼ਵਾਸ ਵਧ ਸਕਦਾ ਹੈ (ਰੋਮੀਆਂ 10:17, ਮੱਤੀ 14:22-31)। ਪਰ ਵਿਸ਼ਵਾਸ ਦਾ ਵਰਦਾਨ ਅਜਿਹਾ ਨਹੀਂ ਹੈ। ਇਹ ਪਰਮੇਸ਼ੁਰ ਦੇ ਸਿੱਧ ਵਿਸ਼ਵਾਸ ਦਾ ਵਰਦਾਨ ਹੈ।

ਇਸ ਵਰਦਾਨ ਨੂੰ ਅਨੁਭਵ ਕਰਨ ਤੋਂ ਬਾਅਦ ਗਵਾਹੀ ਦੇਣ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਦਾ ਵਿਸ਼ਵਾਸ ਉਸ ਸਮੇਂ ਮਜ਼ਬੂਤ ਹੋਇਆ ਸੀ, ਅਤੇ ਉਹ ਮੁਸ਼ਕਲਾਂ ਦੇ ਸਾਹਮਣੇ ਨਿਡਰ ਰਹੇ ਅਤੇ ਜਿਸ ਕੰਮ ਲਈ ਉਹ ਵਿਸ਼ਵਾਸ ਕਰਦੇ ਸਨ, ਉਹ ਹਮੇਸ਼ਾ ਪੂਰਾ ਹੁੰਦਾ ਸੀ। ਜਦੋਂ ਇਹ ਵਰਦਾਨ ਬੰਦ ਹੋ ਜਾਂਦਾ ਹੈ, ਤਾਂ ਉਨ੍ਹਾਂ ਦਾ ਵਿਸ਼ਵਾਸ ਆਪਣੇ ਪਿਛਲੇ ਪੱਧਰ 'ਤੇ ਵਾਪਸ ਆ ਜਾਂਦਾ ਹੈ। ਇਹ ਵਰਦਾਨ ਚਮਤਕਾਰਾਂ, ਚੰਗਾਈ, ਵਿੱਤੀ ਲੋੜਾਂ ਅਤੇ ਕਿਸੇ ਵੀ ਸਥਿਤੀ ਲਈ ਹੈ, ਜਿਹੜੀਆਂ ਅਸੰਭਵ ਹਨ।

*ਮਰਕੁਸ 11:22-23 ਪ੍ਰਭੂ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸੁਰ ਵਿੱਚ ਵਿਸ਼ਵਾਸ ਰੱਖੋ। ਮੈਂ ਤੁਹਾਨੂੰ ਸੱਚ ਆਖਦਾ ਹਾਂ, ਜੋ ਕੋਈ ਇਸ ਪਹਾੜ ਨੂੰ ਕਹੇ, 'ਉੱਠ ਅਤੇ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਵਿਸ਼ਵਾਸ ਕਰੇ, ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ, ਤਾਂ ਉਸ ਦੇ ਲਈ ਹੋ ਜਾਵੇਗਾ'।*

ਬਾਈਬਲ ਦੇ ਜਿਆਦਾਤਰ ਅਨੁਵਾਦਾਂ ਵਿੱਚ ਬਾਈਵੀ ਆਇਤ ਦਾ ਸਹੀ ਅਨੁਵਾਦ ਨਹੀਂ ਕੀਤਾ ਗਿਆ ਹੈ। ਯੂਨਾਨੀ ਭਾਸ਼ਾ ਦੇ ਅਨੁਸਾਰ, ਸਹੀ ਅਨੁਵਾਦ ਇਹ ਹੋਣਾ ਚਾਹੀਦਾ ਹੈ, ''ਜਿਸ ਤਰ੍ਹਾਂ ਪਰਮੇਸੁਰ ਦਾ ਵਿਸ਼ਵਾਸ ਹੈ, ਓਸੇ ਤਰ੍ਹਾਂ ਹੀ ਰੱਖੋ ਜਾਂ ਪਰਮੇਸੁਰ ਦਾ ਵਿਸ਼ਵਾਸ ਰੱਖੋ।'' ਭਾਵੇਂ ਅਸੀਂ ਇਸ ਆਇਤ ਦੁਆਰਾ ਰੋਜ਼ਾਨਾ ਚੱਲ ਤਾਂ ਸਕਦੇ ਹਾਂ, ਪਰ ਇਹ ਆਇਤ ਵਿਸ਼ਵਾਸ ਦੇ ਵਿਸ਼ੇਸ਼ ਵਰਦਾਨ ਬਾਰੇ ਗੱਲਾਂ ਕਰ ਰਹੀ ਹੈ। ਇਹ ਪਰਮੇਸੁਰ ਦੇ ਵਿਸ਼ਵਾਸ ਦਾ ਵਰਦਾਨ ਹੈ, ਜੋ ਕਿ ਸੰਪੂਰਨ ਵਿਸ਼ਵਾਸ ਦਾ ਹੈ। ਜਦੋਂ ਅਸੀਂ ਪਰਮੇਸੁਰ ਦੇ ਵਿਸ਼ਵਾਸ ਵਿੱਚ ਚੱਲ ਰਹੇ ਹੁੰਦੇ ਹਾਂ, ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਜੋ ਵੀ ਅਸੀਂ ਕਹਿੰਦੇ ਹਾਂ ਜਾਂ ਐਲਾਨ ਕਰਦੇ ਹਾਂ ਉਹ ਹਮੇਸ਼ਾ ਪੂਰਾ ਹੁੰਦਾ ਹੈ। ਵਿਸ਼ਵਾਸ ਦਾ ਵਰਦਾਨ ਸਾਨੂੰ ਪੂਰਾ ਭਰੋਸਾ ਦਿੰਦਾ ਹੈ ਕਿ ਅਸੀਂ ਜਿਸ ਲਈ ਵਿਸ਼ਵਾਸ ਕਰਦੇ ਹਾਂ ਉਹ ਪੂਰਾ ਹੋਵੇਗਾ।

ਇੱਕ ਵਿਹਾਰਕ ਉਦਾਹਰਣ ਲਈ, ਮੈਂ ਪਾਸਟਰ ਅੰਕਿਤ ਸਾਜਵਾਨ ਦੀ ਗਵਾਹੀ ਦੇਣਾ ਚਾਹਾਂਗਾ। ਉਸ ਦੇ ਚਰਚ ਵਿਚ ਦੋ ਨੌਜਵਾਨ ਸਾਥੀ ਸਨ ਜਿਨ੍ਹਾਂ ਨੂੰ ਉਹ ਚੇਲਾ ਬਣਾ ਰਿਹਾ ਸੀ। ਇੱਕ ਦਿਨ ਅੰਕਿਤ ਨੂੰ ਫੋਨ ਆਇਆ ਤਾਂ ਉਹ ਔਰਤ ਫੁੱਟ-ਫੁੱਟ ਕੇ ਰੋ ਰਹੀ ਸੀ। ਪਾਦਰੀ ਅੰਕਿਤ ਨੇ ਉਸ ਨੂੰ ਪੁੱਛਿਆ ਕਿ ਕੀ ਹੋਇਆ। ਉਸਨੇ ਜਵਾਬ ਦਿੱਤਾ ਕਿ ਉਸਦੀ ਮੰਗੇਤਰ ਪਿਛਲੇ ਕੁਝ ਦਿਨਾਂ ਤੋਂ ਬਹੁਤ ਦਰਦ ਵਿੱਚ ਸੀ, ਇਸ ਲਈ ਉਹ ਡਾਕਟਰ ਕੋਲ ਗਏ। ਜਾਂਚ ਕਰਨ 'ਤੇ ਡਾਕਟਰ ਨੇ ਕਿਹਾ ਕਿ ਤੁਰੰਤ ਆਪ੍ਰੇਸ਼ਨ ਕਰਵਾਉਣਾ ਪਵੇਗਾ। ਕਿਉਂਕਿ ਉਸ ਦਾ ਅਪੈਂਡਿਕਸ ਕਿਸੇ ਵੀ ਸਮੇਂ ਫਟ ਸਕਦਾ ਹੈ। ਰੋਂਦੇ ਹੋਏ ਉਸ ਨੇ ਅੰਕਿਤ ਨੂੰ ਦੱਸਿਆ ਕਿ ਉਸ ਕੋਲ ਅਪਰੇਸ਼ਨ ਲਈ ਪੈਸੇ ਵੀ ਨਹੀਂ ਹਨ।

ਇਕਦਮ ਅੰਕਿਤ ਦੇ ਦਿਲ ਵਿਚ ਅਥਾਹ ਵਿਸ਼ਵਾਸ ਪੈਦਾ ਹੋ ਗਿਆ ਅਤੇ ਉਸ ਨੇ ਕਿਹਾ, ''ਕੋਈ ਸਰਜੀਕਲ ਚਾਕੂ ਉਸ ਦੇ ਸਰੀਰ ਨੂੰ ਨਹੀਂ ਛੂਹੇਗਾ! ਅਪਰੇਸ਼ਨ ਨਾ ਕਰਵਾਓ! ਮੈਂ ਹੁਣੇ ਉਹਦੇ ਲਈ ਪ੍ਰਾਰਥਨਾ ਕਰਨ ਲਈ ਆ ਰਿਹਾ ਹਾਂ।''

ਅੰਕਿਤ ਨੇ ਗਵਾਹੀ ਦਿੱਤੀ ਕਿ ਇਹ ਉਸਦਾ ਆਮ ਵਿਸ਼ਵਾਸ ਨਹੀਂ ਸੀ, ਕਿਉਂਕਿ ਉਹ ਸਥਿਤੀ ਬਹੁਤ ਹੀ ਗੰਭੀਰ ਸੀ, ਅਤੇ ਅਪਰੇਸ਼ਨ ਤੋਂ ਬਿਨਾਂ ਉਸਦੀ ਜਿੰਦਗੀ ਹਰ ਬੀਤਦੇ ਮਿੰਟ ਦੇ ਨਾਲ ਖ਼ਤਰੇ ਵਿੱਚ ਹੁੰਦੀ ਜਾ ਰਹੀ ਸੀ। ਅੰਕਿਤ ਨੇ ਕਿਹਾ, ''ਇਹ ਵਿਸ਼ਵਾਸ ਖਾਸ ਅਤੇ ਵੱਖਰਾ ਸੀ'', ਅਜਿਹਾ ਲੱਗਾ ਜਿਵੇਂ ਮੈਂ ਜੋ ਕਿਹਾ ਉਸ ਵਿੱਚ ਕੋਈ ਸ਼ੱਕ ਨਹੀਂ ਸੀ।

ਪਾਦਰੀ ਅੰਕਿਤ ਕੁਝ ਲੋਕਾਂ ਦੇ ਨਾਲ ਹਸਪਤਾਲ ਪਹੁੰਚੇ, ਅਤੇ ਉਨ੍ਹਾਂ ਨੇ ਯਾਕੂਬ 5:14 ਦੇ ਅਨੁਸਾਰ ਉਸ ਲਈ ਪ੍ਰਾਰਥਨਾ ਕੀਤੀ। ਪ੍ਰਾਰਥਨਾ ਤੋਂ ਤੁਰੰਤ ਬਾਅਦ ਉਸ ਦਾ ਸਾਰਾ ਦਰਦ ਦੂਰ ਹੋ ਗਿਆ ਅਤੇ ਉਹ ਬਿਨਾਂ ਅਪ੍ਰੇਸ਼ਨ ਜਾਂ ਦਵਾਈ ਦੇ ਪੂਰੀ ਤਰ੍ਹਾਂ ਠੀਕ ਹੋ ਗਿਆ।

**ਚਮਤਕਾਰ ਕਰਨ ਦੀ ਸ਼ਕਤੀ**

<u>ਚਮਤਕਾਰ ਕਰਨ ਦੀ ਸ਼ਕਤੀ </u> - ਵਿਸ਼ੇਸ਼ ਸਥਿਤੀਆਂ ਵਿੱਚ ਚਮਤਕਾਰ ਕਰਨ ਦੀ ਸ਼ਕਤੀ।

ਕੁਝ ਬਾਈਬਲ ਦੀਆਂ ਉਦਾਹਰਣਾਂ ਮੱਤੀ 14:22-32, ਯੂਹੰਨਾ 2:1-11, 6:1-14, 2 ਰਾਜਿਆਂ 6:1-6 ਹਨ।

ਚਮਤਕਾਰ ਉਦੋਂ ਵਾਪਰਦੇ ਹਨ ਜਦੋਂ ਅਸੀਂ ਪਵਿੱਤਰ ਆਤਮਾ ਦੀ ਅਗਵਾਈ ਅਨੁਸਾਰ ਬੋਲਦੇ ਜਾਂ ਕੰਮ ਕਰਦੇ ਹਾਂ।

ਇੱਕ ਵਾਰ ਮੈਂ ਮਹਾਰਾਸ਼ਟਰ ਦੇ ਮਨਮਾਡ ਵਿੱਚ ਸੀ ਅਤੇ ਇੱਕ ਔਰਤ ਸਾਡੀ ਪ੍ਰਾਰਥਨ ਸਭਾ ਵਿੱਚ ਆਈ ਜਿਸਦੀ ਦੋ ਸਾਲ ਪਹਿਲਾਂ ਬਾਂਹ ਅਤੇ ਹੱਥ ਟੁੱਟ ਗਏ ਸਨ। ਡਾਕਟਰ ਨੇ ਸਰਜਰੀ ਕੀਤੀ ਅਤੇ ਉਸ ਦੇ ਹੱਥ ਵਿਚ ਸਟੀਲ ਦੀ ਰਾਡ ਪਾਈ। ਸਰਜਰੀ ਤੋਂ ਬਾਅਦ ਉਹ ਆਪਣਾ ਗੁੱਟ ਨੂੰ ਨਹੀਂ ਮੋੜ ਸਕਦੀ ਸੀ।

ਪ੍ਰਾਰਥਨਾ ਤੋਂ ਬਾਅਦ ਇੱਕ ਅਦਭੁਤ ਚਮਤਕਾਰ ਹੋਇਆ। ਉਹ ਆਪਣੇ ਗੁੱਟ ਨੂੰ ਮੋੜਨ ਦੇ ਯੋਗ ਸੀ! ਉਸਨੇ ਗਵਾਹੀ ਦਿੱਤੀ ਕਿ ਸਰਜਰੀ ਤੋਂ ਬਾਅਦ ਸਟੀਲ ਦੀਆਂ ਰਾਡ ਕਾਰਨ ਇਹ ਅਸੰਭਵ ਸੀ। ਪਵਿੱਤਰ ਆਤਮਾ ਨੇ ਚੰਗਾਈ ਦੇ ਕੇ ਉਸ ਸਟੀਲ ਦੀ ਰਾੜ ਨੂੰ ਗਾਇਬ ਕਰ ਦਿੱਤਾ, ਕਿਉਂਕਿ ਉਸਦੀ ਗੁੱਟ ਪੂਰੀ ਤਰ੍ਹਾਂ ਠੀਕ ਹੋ ਗਈ ਸੀ ਅਤੇ ਠੀਕ ਤਰ੍ਹਾਂ ਮੁੜ ਰਹੀ ਸੀ! ਇਹ ਨਾ ਸਿਰਫ਼ ਇੱਕ ਚੰਗਾਈ ਸੀ, ਸਗੋਂ ਇੱਕ ਚਮਤਕਾਰ ਵੀ ਸੀ!

### ਚੰਗਾਈ ਦੇ ਵਰਦਾਨ

ਚੰਗਾਈ ਦੇ ਵਰਦਾਨ - ਇੱਕ ਖਾਸ ਸਥਿਤੀ ਲਈ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਨੂੰ, ਭਾਵੇਂ ਸਰੀਰਕ, ਮਾਨਸਿਕ, ਜਾਂ ਭਾਵਨਾਤਮਕ ਹੋਣ, ਨੂੰ ਚੰਗਾ ਕਰਨ ਲਈ ਪਰਮੇਸੁਰ ਦੀ ਸ਼ਕਤੀ ਹੈ।

ਸਿਰਫ਼ ਇਹੀ ਵਰਦਾਨ ਯੂਨਾਨੀ ਮੂਲ ਵਿੱਚ ਬਹੁਵਚਨ ਹੈ,'ਚੰਗਾਈਆਂ' ਦੇ 'ਵਰਦਾਨ'। ਇਸਦਾ ਅਰਥ ਹੈ ਕਿ ਵੱਖ ਵੱਖ ਕਿਸਮਾਂ ਦੀਆਂ ਬਿਮਾਰੀਆਂ ਹਨ ਅਤੇ ਉਹਨਾਂ ਨੂੰ ਠੀਕ ਕਰਨ ਲਈ ਵੱਖੋ-ਵੱਖਰੇ ਚੰਗਾਈ ਦੀ ਸਮਰੱਥ ਹੈ।

ਮੈਂ ਚੰਗਾਈ ਕਰਨ ਵਾਲੀਆਂ ਮੀਟਿੰਗਾਂ ਵਿੱਚ ਵਾਰ-ਵਾਰ ਦੇਖਿਆ ਹੈ ਕਿ ਪਵਿੱਤਰ ਆਤਮਾ ਕਈ ਵਾਰ ਕਿਸੇ ਖਾਸ ਬੀਮਾਰੀ ਨੂੰ ਜਿਆਦਾ ਠੀਕ ਕਰਦਾ ਹੈ, ਜਿਵੇਂ ਕਿ ਜੋੜਾਂ ਦਾ ਦਰਦ, ਪਿੱਠ ਦਰਦ, ਜਾਂ ਬੋਲੇਪਣ। ਕਈ ਵਾਰ ਇਹ ਬਿਮਾਰੀ ਭਾਵਨਾਤਮਕ ਵੀ ਹੋ ਸਕਦੀ ਹੈ, ਜਿਵੇਂ ਡਰ ਜਾਂ ਘਬਰਾਹਟ। ਅਜਿਹੀਆਂ ਵਿਸ਼ੇਸ਼ ਬਿਮਾਰੀਆਂ ਨੂੰ ਠੀਕ ਕਰਨ ਲਈ, ਅਕਸਰ ਗਿਆਨ ਦਾ ਬਚਨ ਪਹਿਲਾਂ ਮਿਲਦਾ ਹੈ। ਪਰ ਗਿਆਨ ਦੇ ਬਚਨ ਹਮੇਸ਼ਾ ਨਹੀਂ ਮਿਲਦੇ। ਕਈ ਵਾਰ ਗਵਾਹੀ ਦਿੰਦੇ ਹੋਏ, ਸਾਨੂੰ ਪਤਾ ਲੱਗਦਾ ਹੈ ਕਿ ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਇੱਕੋ ਕਿਸਮ ਦੀ ਬਿਮਾਰੀ ਸੀ ਉਹ ਠੀਕ ਹੋ ਗਏ ਸਨ। ਜਦੋਂ ਅਸੀਂ ਇਸ ਤਰ੍ਹਾਂ ਵਰਦਾਨ ਦੇ ਕੰਮਾਂ ਨੂੰ ਪਛਾਣਦੇ ਹਾਂ, ਤਾਂ ਅਸੀਂ ਉਨ੍ਹਾਂ ਲੋਕਾਂ ਲਈ ਹੀ ਪ੍ਰਾਰਥਨਾ ਕਰਦੇ ਹਾਂ, ਅਤੇ ਬਹੁਤ ਸਾਰੀਆਂ ਚੰਗਾਈਆਂ ਅਤੇ ਛੁਟਕਾਰਾ ਹੁੰਦੇ ਹਨ।

### ਉਸਦੀ ਇੱਛਾ ਦੇ ਅਧੀਨ ਰਹਿ ਕੇ ਵਰਦਾਨਾ ਦੀ ਖੋਜ਼ ਕਰੋ

ਪੌਲੁਸ ਰਸੂਲ ਨੇ ਕਲੀਸਿਯਾ ਨੂੰ ਵਰਦਾਨਾ ਦਾ ਪਿੱਛਾ ਕਰਨ ਲਈ ਕਿਹਾ। ਸਾਨੂੰ ਉਨ੍ਹਾਂ ਵਰਦਾਨਾ ਬਾਰੇ ਪੜ੍ਹਨਾ ਚਾਹੀਦਾ ਹੈ, ਆਪਣੀਆਂ ਗਵਾਹੀਆਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ, ਉਨ੍ਹਾਂ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ, ਅਤੇ ਉਨ੍ਹਾਂ ਦੀ ਭਾਲ ਕਰਨੀ ਚਾਹੀਦੀ ਹੈ। ਸਾਡੀਆਂ ਰੂਹਾਂ ਨੂੰ ਉਨ੍ਹਾਂ ਵਰਦਾਨਾ ਦੀ ਧੁੰਨ ਵਿੱਚ ਰਹਿਣਾ ਚਾਹੀਦਾ ਹੈ। ਕਿਉਂ? ਕਿਉਂਕਿ ਪਰਮੇਸ਼ਵਰ ਭੁੱਖਿਆਂ ਨੂੰ ਰੱਜਦਾ ਹੈ।

*ਮੱਤੀ 5:6 ਧੰਨ ਹਨ ਉਹ ਜਿਹੜੇ ਧਰਮ ਦੇ ਭੁੱਖੇ ਅਤੇ ਪਿਆਸੇ ਹਨ, ਕਿਉਂਕਿ ਉਹ ਰਜਾਏ ਜਾਣਗੇ।*

ਵਰਦਾਨਾ ਵਿੱਚ ਚੱਲਣ ਲਈ ਸਾਨੂੰ ਦੋ ਮਹੱਤਵਪੂਰਣ ਗੱਲਾਂ ਨੂੰ ਸਮਝਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਾਨੂੰ ਉਨ੍ਹਾਂ ਵਰਦਾਨਾ ਨੂੰ ਉਸ ਤੋਂ ਵੱਧ ਪਿਆਰਾ ਨਹੀਂ ਸਮਝਣਾ ਚਾਹੀਦਾ ਜਿਸ ਨੇ ਉਨ੍ਹਾਂ ਨੂੰ ਦਿੱਤਾ ਹੈ। ਜਦੋਂ ਵੀ ਵਰਦਾਨਾ ਲਈ ਸਾਡਾ ਜੋਸ਼ ਪਵਿੱਤਰ ਆਤਮਾ ਨਾਲੋਂ ਵੱਧ ਜਾਂਦਾ ਹੈ, ਅਸੀਂ ਸੁਆਰਥ ਅਤੇ ਮਨੁੱਖੀ ਵਡਿਆਈ ਦੇ ਗਲਤ ਰਸਤੇ 'ਤੇ ਤੁਰਨਾ ਸ਼ੁਰੂ ਕਰ ਦਿੰਦੇ ਹਾਂ। ਮੈਂ ਪਵਿੱਤਰ ਆਤਮਾ ਨੂੰ ਜਾਣਨ ਅਤੇ ਪਿਆਰ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਅਤੇ ਉਸ ਲਈ ਉਪਲਬਧ ਹਾਂ। ਜੇਕਰ ਮੇਰੀ ਉਸ ਨਾਲ ਨਿਰੰਤਰ ਸੰਗਤ ਹੈ, ਤਾਂ ਉਸ ਦੇ ਵਰਦਾਨ ਮੇਰੇ ਰਾਹੀਂ ਸਹਿਜੇ ਹੀ ਪ੍ਰਗਟ ਹੋ ਜਾਂਦੇ ਹਨ।

ਦੂਜਾ, ਉਸ ਦੇ ਵਰਦਾਨ ਸਾਡੀ ਇੱਛਾ ਅਨੁਸਾਰ ਨਹੀਂ, ਸਗੋਂ ਉਸ ਦੀ ਇੱਛਾ ਅਨੁਸਾਰ ਪ੍ਰਗਟ ਹੁੰਦੇ ਹਨ। ਅਸੀਂ ਇਹ ਫੈਸਲਾ ਨਹੀਂ ਕਰ ਸਕਦੇ ਕਿ ਕਿਸ ਸਥਿਤੀ ਵਿੱਚ ਪਵਿੱਤਰ ਆਤਮਾ ਕੀ ਕੰਮ ਕਰਦਾ ਹੈ। ਸਾਨੂੰ ਉਸ ਤੋਂ ਸੇਧ ਮਿਲਦੀ ਹੈ, ਨਾ ਕਿ ਉਹ ਸਾਡੇ ਤੋਂ!

*1 ਕੁਰਿੰਥੀਆਂ 12:11 ਪਰ ਉਹ ਇੱਕੋ ਆਤਮਾ ਹੀ ਸਭ ਕੁਝ ਕਰਦਾ ਹੈ ਅਤੇ ਉਹ ਜਿਸ ਤਰ੍ਹਾਂ ਚਾਹੁੰਦਾ ਹੈ ਹਰੇਕ ਨੂੰ ਇੱਕ-ਇੱਕ ਕਰਕੇ ਵੰਡ ਦਿੰਦਾ ਹੈ।*

ਪਰ ਸ਼ਾਇਦ ਕੋਈ ਆਖ ਸਕਦਾ ਹੈ, ''ਜਦੋਂ ਉਹ ਸਭ ਕੁਝ ਆਪਣੀ ਮਰਜ਼ੀ ਅਨੁਸਾਰ ਕਰਦਾ ਹੈ ਤਾਂ ਵਰਦਾਨਾ ਦੀ ਧੁੰਨ ਵਿੱਚ ਕਿਉਂ ਰਹਿਣਾ? ਮੇਰੇ ਜੋਸ਼ ਦਾ ਕੀ ਫਾਇਦਾ?'' ਉਹ ਤਾਂ ਖਾਸ ਹਾਲਤਾਂ ਵਿਚ ਆਪਣੀ ਇੱਛਾ ਅਨੁਸਾਰ ਹੀ ਕੰਮ ਕਰਵਾ ਲੈਂਦਾ ਹੈ। ਪਰ ਅਕਸਰ ਉਹ ਇਹ ਕੰਮ ਉਹਨਾਂ ਦੁਆਰਾ ਕਰਵਾਉਦਾਂ ਜੋ ਉਸ ਨਾਲ ਸੰਗਤ ਕਰਦੇ ਹਨ ਅਤੇ ਉਸ ਦੇ ਵਰਦਾਨਾ ਦੀ ਮੰਗ ਕਰਦੇ ਹਨ, ਜਿਨ੍ਹਾਂ ਦੀ ਇੱਛਾ ਉਸ ਦੀ ਇੱਛਾ ਦੇ ਅਧੀਨ ਹੁੰਦੀ ਹੈ।

ਮੇਰੀ ਗੱਲ ਸਮਝੋ, ਜਦੋਂ ਤੁਸੀਂ ਵਰਦਾਨਾ ਵਿੱਚ ਚੱਲਣਾ ਸ਼ੁਰੂ ਕਰਦੇ ਹੋ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਹ ਤੁਹਾਡੀ ਸੋਚ ਜਾਂ ਤੁਹਾਡੀ ਉਮੀਦ ਨਾਲੋਂ ਕੀਤੇ ਕਿੱਤੇ ਵੱਧ ਤੁਹਾਡੇ ਦੁਆਰਾ ਕੰਮ ਕਰਨਾ ਚਾਹੁੰਦਾ ਹੈ! ਉਹ ਤੁਹਾਡੇ ਨਾਲ ਉਸ ਤੋਂ ਕਿਤੇ ਵੱਧ ਗੱਲ ਕਰਨਾ ਚਾਹੁੰਦਾ ਹੈ ਜਿੰਨਾ ਤੁਸੀਂ ਸੁਣ ਸਕਦੇ ਹੋ। ਇਸ ਲਈ ਭਰੋਸਾ ਬਹੁਤ ਜ਼ਰੂਰੀ ਹੈ। ਜੇ ਮੈਂ ਮੰਨਦਾ ਹਾਂ ਕਿ 'ਸ਼ਾਇਦ' ਉਹ ਬੋਲਣਾ ਚਾਹੁੰਦਾ ਹੈ, ਤਾਂ ਮੇਰਾ ਵਿਸ਼ਵਾਸ ਕਮਜ਼ੋਰ ਹੈ। ਜੇਕਰ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ 'ਯਕੀਨਨ' ਬੋਲਣਾ ਚਾਹੁੰਦਾ ਹੈ, ਅਤੇ ਮੈਂ ਸੁਣਨ ਲਈ ਤਿਆਰ ਹਾਂ ਅਤੇ ਮੇਰਾ ਵਿਸ਼ਵਾਸ ਮਜ਼ਬੂਤ ਹੈ। ਇਹ ਤੁਹਾਡੇ ਵਿਸ਼ਵਾਸ ਦੇ ਅਨੁਸਾਰ ਤੁਹਾਡੇ ਨਾਲ ਹੋਵੇ (ਮੱਤੀ 8:13)!

ਮੇਰਾ ਵਿਸ਼ਵਾਸ ਕਹਿੰਦਾ ਹੈ ਕਿ ਪ੍ਰਮੇਸ਼ਵਰ ਹੁਣੇ ਬਿਮਾਰਾਂ ਨੂੰ ਚੰਗਾ ਕਰਨਾ ਚਾਹੁੰਦਾ ਹੈ, ਅਤੇ ਉਹ ਹੁਣੇ ਲੋਕਾਂ ਨਾਲ ਗੱਲ ਕਰਨੀ ਚਾਹੁੰਦਾ ਹੈ। ਮੈਨੂੰ ਪਰਮੇਸ਼ੁਰ ਨੂੰ ਚੰਗਾ ਕਰਨ ਜਾਂ ਬੋਲਣ ਲਈ ਮਜਬੂਰ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਪਹਿਲਾਂ ਤੋਂ ਹੀ ਤਿਆਰ ਹੈ! ਮੈਨੂੰ ਬੱਸ ਉਸਦੀ ਆਵਾਜ਼ ਸੁਣਨ ਦੀ ਲੋੜ ਹੈ, ਕਿ ਉਹ ਕੀ ਕਹਿ ਰਿਹਾ ਹੈ, ਅਤੇ ਇਹ ਸਮਝਣ ਦੀ ਲੋੜ ਹੈ ਕਿ ਉਹ ਕੀ ਕਰਨਾ ਚਾਹੁੰਦਾ ਹੈ ਜਾਂ ਕਿਸਨੂੰ ਛੂਹਣਾ ਚਾਹੁੰਦਾ ਹੈ।

ਕੀ ਇਸ ਦਾ ਇਹ ਮਤਲਬ ਹੈ ਕਿ ਜੇਕਰ ਮੈਨੂੰ ਕਿਸੇ ਬਿਮਾਰ ਵਿਅਕਤੀ ਲਈ ਪਵਿੱਤਰ ਆਤਮਾ ਤੋਂ ਅਗਵਾਈ ਨਹੀਂ ਮਿਲਦੀ, ਤਾਂ ਉਹ ਉਸ ਵਿਅਕਤੀ ਨੂੰ ਚੰਗਾ ਨਹੀਂ ਕਰਨਾ ਚਾਹੁੰਦਾ? ਹੋ ਹੀ ਨਹੀਂ ਸਕਦਾ! ਮੈਂ ਵਿਸ਼ਵਾਸ ਵਿੱਚ ਕਿਸੇ ਵੀ ਸਮੇਂ ਬਿਮਾਰਾਂ ਲਈ ਪ੍ਰਾਰਥਨਾ ਕਰ ਸਕਦਾ ਹਾਂ, ਭਾਵੇਂ ਮੈਨੂੰ ਪਵਿੱਤਰ ਆਤਮਾ ਦੁਆਰਾ ਮਾਰਗਦਰਸ਼ਨ ਮਿੱਲੇ ਜਾਂ ਨਾ। ਪਰਮੇਸ਼ੁਰ ਚਾਹੁੰਦਾ ਹੈ ਕਿ ਸਾਰੇ ਲੋਕ ਛੁਟਕਾਰਾ, ਮੁਕਤੀ, ਪਾਪਾਂ ਦੀ ਮਾਫ਼ੀ, ਅਤੇ ਤੰਦਰੁਸਤੀ ਪ੍ਰਾਪਤ ਕਰਨ। ਪਰ ਜਦੋਂ ਅਸੀਂ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਚੱਲਦੇ ਹਾਂ, ਤਾਂ ਸਾਡੀਆਂ ਪ੍ਰਾਰਥਨਾਵਾਂ ਵਧੇਰੇ ਪ੍ਰਭਾਵਸ਼ਾਲੀ ਹੁੰਦੀਆਂ ਹਨ, ਅਤੇ ਉਹ ਵਧੇਰੇ ਫਲ ਲਿਆਉਂਦੀਆਂ ਹਨ। ਮੇਰੀਆਂ ਮੀਟਿੰਗਾਂ

ਵਿੱਚ ਮੈਂ ਪਵਿੱਤਰ ਆਤਮਾ ਦੀ ਅਗਵਾਈ ਦੇ ਅਨੁਸਾਰ ਪਹਿਲਾਂ ਪ੍ਰਾਰਥਨਾ ਕਰਦਾ ਹਾਂ, ਬੋਲਦਾ ਹਾਂ ਅਤੇ ਸੇਵਾ ਕਰਦਾ ਹਾਂ, ਅਤੇ ਜਦੋਂ ਮੈਂਨੂੰ ਹੋਰ ਅਗਵਾਈ ਨਹੀਂ ਹੁੰਦੀ, ਫਿਰ ਮੈਂ ਲੋਂਕਾ ਲਈ ਉਹਨਾਂ ਦੀਆਂ ਲੋੜਾਂ ਅਨੁਸਾਰ ਪ੍ਰਾਰਥਨਾ ਕਰਦਾ ਹਾਂ। ਪਰ ਮੈਂ ਪਵਿੱਤਰ ਆਤਮਾ ਨੂੰ ਪਹਿਲ ਦਿੰਦਾ ਹਾਂ।

**ਆਤਮਾ ਦਾ ਮਸਹ**

ਆਤਮਾ ਦੇ ਵਰਦਾਨਾਂ ਵਿੱਚ ਚੱਲਣਾ ਤਿੰਨ ਵਿਹਾਰਕ ਤਰੀਕਿਆਂ ਨਾਲ ਵਾਪਰਦਾ ਹੈ: (1) ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕਰਨ ਦੁਆਰਾ, (2) ਮਸਹ ਕੀਤੇ ਹੋਏ ਵਿਅਕਤੀ ਤੋਂ ਸਿੱਖਣ ਅਤੇ ਉਸ ਨਾਲ ਸੇਵਾ ਕਰਨ ਦੁਆਰਾ ਅਤੇ (3) ਮਸਹ ਪ੍ਰਾਪਤ ਕੀਤੇ ਹੋਏ ਮਨੁੱਖ ਤੋਂ ਆਪਣੇ ਲਈ ਪ੍ਰਾਰਥਨਾ ਕਰਵਾਉਣ ਕਰਕੇ।

ਮੈਂ ਤੀਜੇ ਤਰੀਕੇ ਉੱਪਰ ਚਰਚਾ ਕਰਨਾ ਚਾਹੁੰਦਾ ਹਾਂ, ਕਿ ਮਸਹ ਕੀਤੇ ਹੋਏ ਵਿਅਕਤੀ ਤੋਂ ਪ੍ਰਾਰਥਨਾ ਕਰਵਾਉਣ ਦੁਆਰਾ ਵਰਦਾਨ ਕਿਵੇਂ ਪ੍ਰਾਪਤ ਕੀਤੇ ਜਾਂ ਸਕਦੇ ਹਨ? ਹੇਠਾਂ ਦਿੱਤੀਆਂ ਆਇਤਾਂ ਪੜ੍ਹੋ।

*1 ਤਿਮੋਥਿਉਸ 4:14-15 ਤੂੰ ਉਸ ਵਰਦਾਨ ਦੀ ਬੇਪਰਵਾਹੀ ਨਾ ਕਰ ਜੋ ਤੇਰੇ ਵਿੱਚ ਹੈ, ਜਿਹੜੀ ਅਗੰਮ ਵਾਕ ਦੇ ਰਾਹੀ ਬਜ਼ੁਰਗਾਂ ਦੇ ਹੱਥ ਰੱਖਣ ਨਾਲ ਤੈਨੂੰ ਦਿੱਤੀ ਗਈ ਹੈ। ਇੰਨ੍ਹਾਂ ਗੱਲਾਂ ਵੱਲ ਧਿਆਨ ਦੇ, ਇਹਨਾਂ ਵਿੱਚ ਲੱਗਿਆ ਰਹਿ ਤਾਂ ਕਿ ਤੇਰੀ ਤਰੱਕੀ ਸਭਨਾਂ ਉੱਤੇ ਪ੍ਰਗਟ ਹੋਵੇ।*

*2 ਤਿਮੋਥਿਉਸ 1:6 ਇਸ ਕਾਰਨ ਮੈਂ ਤੈਨੂੰ ਯਾਦ ਦਿਵਾਉਂਦਾ ਹਾਂ ਕਿ ਤੂੰ ਪਰਮੇਸ਼ੁਰ ਦੀ ਉਸ ਦਾਤ ਨੂੰ ਚਮਕਾ ਜੋ ਮੇਰੇ ਹੱਥ ਰੱਖਣ ਦੁਆਰਾ ਤੈਨੂੰ ਮਿਲੀ।*

*ਰੋਮੀਆਂ 1:11 ਕਿਉਂਕਿ ਮੈਂ ਤੁਹਾਨੂੰ ਵੇਖਣ ਲਈ ਬਹੁਤ ਤਰਸਦਾ ਹਾਂ ਕਿ ਮੈਂ ਕੋਈ ਆਤਮਿਕ ਵਰਦਾਨ ਤੁਹਾਨੂੰ ਦੁਆਵਾਂ ਜਿਸ ਦੇ ਨਾਲ ਤੁਸੀ ਮਜ਼ਬੂਤ ਹੋ ਜਾਵੋ।*

ਇਹ ਆਇਤਾਂ ਸਪੱਸ਼ਟ ਤੌਰ ’ਤੇ ਦਰਸਾਉਂਦੀਆਂ ਹਨ ਕਿ ਜਦੋਂ ਵੀ ਮਸਹ ਕੀਤੇ ਹੋਏ ਲੋਕ, ਜਿਵੇਂ ਕਿ ਪੌਲੁਸ ਰਸੂਲ ਜਾਂ ਚਰਚ ਦੇ ਆਗੂ, ਹੱਥ ਰੱਖਦੇ ਹਨ, ਤਾਂ ਕਿਰਪਾ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਵੇਂ ਤਿਮੋਥਿਉਸ ਨੂੰ ਪ੍ਰਾਪਤ ਹੋਈ ਸੀ। ਇਹ ਵਰਦਾਨ ਤਿਮੋਥਿਉਸ ਦੀ ਇੱਛਾ ਅਨੁਸਾਰ ਪ੍ਰਗਟ ਨਹੀਂ ਹੁੰਦੇ ਸਨ, ਪਰ ਹਰ ਵਾਰ ਇਹ ਪਵਿੱਤਰ ਆਤਮਾ ਦੀ ਇੱਛਾ ਅਨੁਸਾਰ ਪ੍ਰਗਟ ਹੁੰਦੇ ਸੀ (1 ਕੁਰਿੰਥੀਆਂ 12:11)। ਇਸ ਕਿਰਪਾ ਦੇ ਕਾਰਨ, ਤਿਮੋਥਿਉਸ ਪਵਿੱਤਰ ਆਤਮਾ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋ ਗਿਆ ਅਤੇ ਉਸ ਵਰਦਾਨ ਵਿੱਚ ਚੱਲਣ ਦੀ ਵੱਧ ਸਮਰੱਥਾ ਪ੍ਰਾਪਤ ਕੀਤੀ।

ਉਦਾਹਰਨ ਲਈ, ਜੇ ਮੈਨੂੰ ਭਵਿੱਖਬਾਣੀ ਦੇ ਵਰਦਾਨ ਦੀ ਕਿਰਪਾ ਮਿਲਦੀ ਹੈ, ਤਾਂ ਇਹ ਕਿਰਪਾ ਮੈਨੂੰ ਭਵਿੱਖਬਾਣੀ ਪ੍ਰਾਪਤ ਕਰਨ ਲਈ ਵਧੇਰੇ ਸੰਵੇਦਨਸ਼ੀਲ ਬਣਾਉਂਦੀ ਹੈ, ਅਤੇ ਮੈਨੂੰ ਉਸ ਵਰਦਾਨ ਵਿੱਚ ਚੱਲਣ ਦੀ ਵਧੇਰੇ ਸਮਰੱਥਾ ਪ੍ਰਦਾਨ ਕਰਦੀ ਹੈ। ਹੁਣ ਮੈਂ ਕਿਸੇ ਵੀ ਸਮੇਂ ਆਪਣੇ ਮਨ ਨਾਲ ਭਵਿੱਖਬਾਣੀ ਨਹੀਂ ਕਰ ਸਕਦਾ, ਪਰ ਜਦੋਂ ਵੀ ਪਵਿੱਤਰ ਆਤਮਾ ਮੈਨੂੰ ਭਵਿੱਖਬਾਣੀ ਦੇਣਾ ਚਾਹੁੰਦਾ ਹੈ, ਜਾਂ ਮੈਨੂੰ ਕੁਝ ਕਹਿਣਾ ਜਾਂ ਕੁਝ ਦਿਖਾਉਣਾ ਚਾਹੁੰਦਾ ਹੈ, ਤਾਂ ਮੈਂ ਬਿਹਤਰ ਤਰੀਕੇ ਨਾਲ ਸੁਣ ਅਤੇ ਦੇਖ ਸਕਦਾ ਹਾਂ। ਮੈਂ ਹੋਰ ਭਵਿੱਖਬਾਣੀਆਂ ਪ੍ਰਾਪਤ ਕਰ ਸਕਦਾ ਹਾਂ, ਕਿਉਂਕਿ ਮੇਰੀ ਆਤਮਾ ਨੂੰ ਇਹ ਕਿਰਪਾ ਪ੍ਰਾਪਤ ਹੋ ਗਈ ਹੈ।

ਉਹ ਆਗੂ ਜੋ ਆਪਣੇ ਆਪ ਚੰਗੀ ਤਰ੍ਹਾਂ ਨਾਲ ਭਵਿੱਖਬਾਣੀ ਕਰ ਸਕਦੇ ਹਨ, ਗਿਆਨ ਦੇ ਬਚਨਾਂ ਨੂੰ ਪ੍ਰਾਪਤ ਕਰ ਸਕਦੇ ਹਨ, ਅਤੇ ਚੰਗਾਈ ਦੇ ਵਰਦਾਨਾਂ ਵਿੱਚ ਚੱਲ ਸਕਦਾ ਹਨ, ਉਹਨਾਂ ਦੇ ਹੱਥ ਰੱਖਣ ਅਤੇ ਪ੍ਰਾਰਥਨਾਵਾਂ ਨਾਲ

ਮੈਨੂੰ ਕਈ ਵਾਰ ਕਿਰਪਾ ਪ੍ਰਾਪਤ ਹੋਈ ਹੈ। ਜਿਵੇਂ ਮੈਨੂੰ ਉਹਨਾਂ ਤੋਂ ਕਿਰਪਾ ਮਿਲੀ, ਮੈਂ ਵੇਖਿਆ ਕਿ ਮੇਰੀ ਕਾਬਲੀਅਤ ਵਧਦੀ ਗਈ ਹੈ।

ਤੁਸੀਂ ਹੇਠ ਲਿਖੀਆਂ ਆਇਤਾਂ ਨੂੰ ਪੜ੍ਹਦੇ ਸਮੇਂ ਇਹਨਾਂ ਸਵਾਲਾਂ ਦੇ ਜਵਾਬ ਦਿਓ, ''ਪਵਿੱਤਰ ਆਤਮਾ ਕਿਨ੍ਹਾਂ ਦੁਆਰਾ ਸਮਾਰਥੀ ਕੰਮ ਕਰਦਾ ਰਿਹਾ?''

*ਰਸੂਲਾਂ ਦੇ ਕਰਤੱਬ 2:43 ਸਭਨਾਂ ਲੋਕਾਂ ਉੱਤੇ ਡਰ ਛਾ ਗਿਆ ਅਤੇ ਬਹੁਤ ਸਾਰੇ ਅਚੰਭੇ ਅਤੇ ਨਿਸ਼ਾਨ ਰਸੂਲਾਂ ਦੁਆਰਾ ਪ੍ਰਗਟ ਹੋਏ।*

*ਰਸੂਲਾਂ ਦੇ ਕਰਤੱਬ 4:33 ਅਤੇ ਰਸੂਲ ਵੱਡੀ ਸਮਰੱਥਾ ਨਾਲ ਪ੍ਰਭੂ ਯਿਸੂ ਜੀ ਦੇ ਪੁਨਰ-ਉਥਾਨ ਬਾਰੇ ਗਵਾਹੀ ਦਿੰਦੇ ਸਨ, ਅਤੇ ਉਨ੍ਹਾਂ ਸਾਰਿਆਂ ਉੱਤੇ ਬਹੁਤ ਵੱਡੀ ਕਿਰਪਾ ਸੀ।*

*ਰਸੂਲਾਂ ਦੇ ਕਰਤੱਬ 5:12 ਰਸੂਲਾਂ ਦੇ ਹੱਥੋਂ ਬਹੁਤ ਸਾਰੇ ਨਿਸ਼ਾਨ ਅਤੇ ਅਚੰਭੇ ਕੰਮ ਲੋਕਾਂ ਵਿੱਚ ਹੋ ਰਹੇ ਸਨ ਅਤੇ ਉਹ ਸਾਰੇ ਇੱਕ ਮਨ ਹੋ ਕੇ ਸੁਲੇਮਾਨ ਦੇ ਦਲਾਨ ਵਿੱਚ ਇੱਕਠੇ ਹੁੰਦੇ ਸਨ।*

ਰਸੂਲਾਂ ਦੇ ਕਰਤੱਬ ਦੇ ਦੂਜੇ ਅਧਿਆਇ ਤੋਂ, ਜਦੋਂ ਤੋਂ ਪਵਿੱਤਰ ਆਤਮਾ ਉੱਤਰ ਆਇਆ ਸੀ, ਪੰਜਵੇਂ ਅਧਿਆਇ ਤੱਕ, ਚਿੰਨ੍ਹ, ਚਮਤਕਾਰ ਅਤੇ ਅਚੰਭੇ ਕੰਮ ਸਿਰਫ਼ ਰਸੂਲਾਂ ਦੁਆਰਾ ਹੀ ਕੀਤੇ ਗਏ ਸਨ। ਪਰ ਛੇਵੇਂ ਅਧਿਆਏ ਵਿੱਚ ਇੱਕ ਅੰਤਰ ਆਇਆ।

ਰਸੂਲਾਂ ਦੇ ਕਰਤੱਬ 6:1-8 ਉਨ੍ਹਾਂ ਦਿਨਾਂ ਵਿੱਚ ਚੇਲਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ ਤਾਂ ਯੂਨਾਨੀ ਅਤੇ ਯਹੂਦੀ ਲੋਕ ਇਬਰਾਨੀਆਂ ਵਿਰੁੱਧ ਬੁੜ-ਬੁੜ ਕਰਨ ਲੱਗ ਪਏ ਕਿਉਂ ਜੋ ਹਰ ਦਿਨ ਭੋਜਨ ਵੰਡਨ ਸਮੇਂ ਉਹ ਉਨ੍ਹਾਂ ਦੀਆਂ ਵਿਧਵਾਵਾਂ ਦੀ ਖ਼ਬਰ ਨਹੀਂ ਲੈਂਦੇ ਸਨ। ਤਦ ਉਹਨਾਂ ਨੇ ਬਾਰ੍ਹਾਂ ਚੇਲਿਆਂ ਦੀ ਸੰਗਤ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ, ਸਾਡੇ ਲਈ ਇਹ ਚੰਗੀ ਗੱਲ ਨਹੀਂ ਹੈ ਕਿ ਅਸੀਂ ਪਰਮੇਸ਼ੁਰ ਦੇ ਬਚਨ ਨੂੰ ਛੱਡ ਕੇ ਖਿਲਾਉਣ ਪਿਲਾਉਣ ਦੀ ਸੇਵਾ ਕਰੀਏ, ਇਸ ਲਈ ਹੇ ਭਰਾਵੋ, ਆਪਣੇ ਵਿੱਚੋਂ ਸੱਤ ਨੇਕਨਾਮ ਅਤੇ ਆਤਮਾਂ ਨਾਲ ਭਰਪੂਰ ਲੋਕਾਂ ਨੂੰ ਚੁਣ ਲਵੋ ਕਿ ਅਸੀਂ ਉਹਨਾਂ ਨੂੰ ਇਸ ਕੰਮ ਦੀ ਜ਼ਿਮੇਵਾਰੀ ਦੇਈਏ। ਪਰ ਅਸੀਂ ਪ੍ਰਾਰਥਨਾ ਅਤੇ ਬਚਨ ਦੀ ਸੇਵਾ ਵਿੱਚ ਲੱਗੇ ਰਹਾਂਗੇ।'' ਇਹ ਗੱਲ ਸਾਰੀ ਮੰਡਲੀ ਨੂੰ ਚੰਗੀ ਲੱਗੀ ਅਤੇ ਉਨ੍ਹਾਂ ਨੇ ਇਸਤੀਫ਼ਾਨ ਨਾਂ ਦੇ ਇੱਕ ਆਦਮੀ ਨੂੰ ਚੁਣਿਆ ਜੋ ਵਿਸ਼ਵਾਸ ਅਤੇ ਪਵਿੱਤਰ ਆਤਮਾ ਨਾਲ ਭਰਪੂਰ ਸੀ।ਅਤੇ ਫ਼ਿਲਿਪੁੱਸ, ਪ੍ਰੋਖੋਰੁਸ, ਨਿਕਾਨੋਰ, ਤੀਮੋਨ, ਪਰਮਨਾਸ ਅਤੇ ਨਿਕਲਾਉਸ ਨੂੰ ਚੁਣ ਲਿਆ ਜੋ ਅੰਤਾਕਿਯਾ ਦਾ ਸੀ ਅਤੇ ਜਿਸਨੇ ਯਹੂਦੀ ਮਤ ਕਬੂਲ ਕਰ ਲਿਆ ਸੀ। ਇਨ੍ਹਾਂ ਨੂੰ ਰਸੂਲਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੇ ਪ੍ਰਾਰਥਨਾ ਕੀਤੀ ਅਤੇ ਉਨ੍ਹਾਂ ਉੱਤੇ ਆਪਣੇ ਹੱਥ ਰੱਖੇ। ਪਰਮੇਸ਼ੁਰ ਦਾ ਬਚਨ ਫੈਲਦਾ ਗਿਆ ਅਤੇ ਯਰੂਸ਼ਲਮ ਵਿੱਚ ਚੇਲਿਆਂ ਦੀ ਗਿਣਤੀ ਬਹੁਤ ਵਧ ਗਈ ਅਤੇ ਬਹੁਤ ਸਾਰੇ ਜਾਜਕ ਵੀ ਇਸ ਮੱਤ ਨੂੰ ਮੰਨਣ ਵਾਲੇ ਹੋ ਗਏ ਸਨ। ਇਸਤੀਫ਼ਾਨ ਕਿਰਪਾ ਅਤੇ ਸਮਰੱਥ ਨਾਲ ਭਰਪੂਰ ਹੋ ਕੇ ਵੱਡੇ ਅਚਰਜ਼ ਕੰਮ ਅਤੇ ਨਿਸ਼ਾਨ ਲੋਕਾ ਵਿੱਚ ਕਰਦਾ ਸੀ।

ਛੇਵੀਂ ਆਇਤ ਵਿੱਚ ਰਸੂਲਾਂ ਨੇ ਉੱਤੇ ਇਸਤੀਫ਼ਾਨ ਉੱਪਰ ਆਪਣੇ ਹੱਥ ਰੱਖੇ ਅਤੇ ਪ੍ਰਾਰਥਨਾ ਕੀਤੀ, ਅਤੇ ਅੱਠਵੀਂ ਆਇਤ ਵਿੱਚ ਅਸੀਂ ਨਤੀਜਾ ਦੇਖ ਸਕਦੇ ਹਾਂ, ਕਿ ਉਹ ਲੋਕਾਂ ਵਿੱਚ ਹੈਰਾਨੀਜਨਕ ਚਮਤਕਾਰ ਕਰਦਾ ਸੀ। ਇਹ ਵਰਦਾਨਾਂ ਦੀ ਕਿਰਪਾ ਹੈ। ਜੋ ਕਿਰਪਾ ਸਾਡੇ ਉੱਤੇ ਕੀਤੀ ਗਈ ਹੈ, ਉਹੀ ਕਿਰਪਾ ਦੂਜਿਆਂ ਨੂੰ ਦਿੱਤੀ ਜਾ ਸਕਦੀ ਹੈ, ਅਤੇ ਇਸਦੇ ਨਤੀਜੇ ਤੁਰੰਤ ਦਿਖਾਈ ਦਿੰਦੇ ਹਨ। ਇਸ ਨੁਕਤੇ ਨੂੰ ਸਥਾਪਿਤ ਕਰਨ ਲਈ ਮੈਂ ਆਪਣੀਆਂ ਨਿੱਜੀ ਗਵਾਹੀਆਂ ਦੇਵਾਂਗਾ।

ਕੁਝ ਸਾਲ ਪਹਿਲਾਂ ਮੈਨੂੰ ਮਹਾਰਾਸ਼ਟਰ ਦੇ ਸਾਰੇ ਪਾਦਰੀਆਂ ਅਤੇ ਆਗੂਆਂ ਦੀ ਇੱਕ ਕਾਨਫਰੰਸ ਵਿੱਚ ਸਿਖਾਉਣ ਲਈ ਬੁਲਾਇਆ ਗਿਆ ਸੀ। ਤਿੰਨ ਦਿਨ ਸਵੇਰੇ ਅਤੇ ਦੁਪਹਿਰ ਨੂੰ ਲੀਡਰਾਂ ਦੀਆਂ ਕਾਨਫਰੰਸਾਂ ਹੁੰਦੀਆਂ ਸਨ, ਅਤੇ ਸ਼ਾਮ ਨੂੰ ਮੈਂ ਚੰਗਾਈ ਸਭਾ ਵਿੱਚ ਸੇਵਾ ਕਰਦਾ ਸੀ, ਜੋ ਕਿ ਆਮ ਲੋਕਾਂ ਲਈ ਸੀ, ਅਤੇ ਆਗੂ ਵੀ ਉਸ ਚੰਗਾਈ ਸਭਾ ਵਿੱਚ ਆਉਂਦੇ ਸਨ। ਇਨ੍ਹਾਂ ਵਿਚ ਸੰਤੋਸ਼ ਨਾਂ ਦਾ ਪਾਦਰੀ ਵੀ ਸੀ, ਜੋ 2004 ਤੋਂ ਮਹਾਰਾਸ਼ਟਰ ਦੇ ਉੱਤਰੀ ਹਿੱਸੇ ਵਿਚ ਸੇਵਾ ਕਰ ਰਿਹਾ ਹੈ। ਆਪਣੀ ਸੇਵਕਾਈ ਦੇ ਸ਼ੁਰੂ ਵਿਚ ਉਸ ਨੇ ਬਹੁਤ ਹੀ ਘੱਟ ਚੰਗਾਈਆਂ ਨੂੰ ਦੇਖਿਆ, ਅਤੇ ਕੋਈ ਚਮਤਕਾਰ ਨਹੀਂ ਹੋਇਆ। 2009 ਵਿੱਚ ਉਹ ਇਸ ਕਾਨਫਰੰਸ ਵਿੱਚ ਆਏ ਅਤੇ ਪਵਿੱਤਰ ਆਤਮਾ ਬਾਰੇ ਸਿਖਿਆ ਕਿ ਇਹ ਕਿਵੇਂ ਕੰਮ ਕਰਦਾ ਹੈ।

ਕਾਨਫਰੰਸ ਵਿੱਚ ਮੈਂ ਕਿਰਪਾ ਦੇ ਵਰਦਾਨਾਂ ਬਾਰੇ ਸਿਖਾਉਣ ਲਈ ਇੱਕ ਪੂਰਾ ਸੈਸ਼ਨ ਅਲੱਗ ਰੱਖਿਆ। ਸਿਖਾਉਣ ਤੋਂ ਬਾਅਦ, ਮੈਂ ਉਨ੍ਹਾਂ ਪਾਦਰੀਆਂ ਅਤੇ ਆਗੂਆ ਲਈ ਪ੍ਰਾਰਥਨਾ ਕੀਤੀ। ਜਦੋਂ ਮੈਂ ਪਾਸਟਰ ਸੰਤੋਸ਼ ’ਤੇ ਆਪਣੇ ਹੱਥਾਂ ਨੂੰ ਰੱਖਿਆ ਤਾਂ ਉਸ ਦੇ ਸਰੀਰ ਚੋਂ ਭਿਆਨਕ ਬਿਜਲੀ ਵਰਗੀ ਸਮਾਰੱਥ ਵਗਣ ਲੱਗੀ। ਉਹ ਬੁਰੀ ਤਰ੍ਹਾਂ ਨਾਲ ਹਿਲਦਾ ਹੋਇਆ ਜ਼ਮੀਨ ’ਤੇ ਡਿੱਗ ਪਿਆ। ਧੰਨ ਹਨ ਉਹ ਜਿਹੜੇ ਭੁੱਖੇ ਅਤੇ ਪਿਆਸੇ ਹਨ! ਕਿਉਂਕਿ ਪਰਮੇਸ਼ੁਰ ਉਨ੍ਹਾਂ ਨੂੰ ਭਰ ਦੇਵੇਗਾ! ਚੰਗਾਈ ਮੀਟਿੰਗ ਦੌਰਾਨ ਉਹ ਮੈਨੂੰ ਧਿਆਨ ਨਾਲ ਦੇਖ ਰਿਹਾ ਸੀ ਕਿ ਮੈਂ ਗਿਆਨ ਦੇ ਬਚਨ ਕਿਵੇਂ ਦਿੱਤੇ ਅਤੇ ਭੀੜ ਲਈ ਪ੍ਰਾਰਥਨਾ ਕਿਵੇਂ ਕੀਤੀ, ਅਤੇ ਉਸਨੇ ਬਹੁਤ ਸਾਰੀ ਚੰਗਾਈਆਂ, ਚਮਤਕਾਰਾਂ ਅਤੇ ਛੁਟਕਾਰਿਆ ਨੂੰ ਦੇਖਿਆ।

ਕਾਨਫਰੰਸ ਤੋਂ ਤੁਰੰਤ ਬਾਅਦ ਉਹ ਵਾਪਸ ਆਪਣੇ ਪਿੰਡ ਚਲਾ ਗਿਆ ਅਤੇ ਜੋ ਵੀ ਉਸ ਨੇ ਜੋ ਸਿੱਖਿਆ ਸੀ ਉਸ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਨਤੀਜਾ ਕੀ ਨਿਕਲਿਆ? ਉਸ ਦੀ ਪ੍ਰਾਰਥਨਾ ਤੋਂ ਬਾਅਦ ਦੋ ਬੱਚੇ , ਇੱਕ ਛੇ ਸਾਲ ਦਾ, ਦੂਜਾ ਸੱਤ ਸਾਲ ਦਾ, ਜੋ ਜਨਮ ਤੋਂ ਅੰਨ੍ਹੇ ਸਨ, ਦੇਖਣਾ ਲੱਗ ਪਏ! ਇੱਕ ਕੁੜੀ ਜੋ ਚੌਦ੍ਹਾਂ ਸਾਲਾਂ ਦੀ ਸੀ, ਜਨਮ ਤੋਂ ਹੀ ਬੋਲ਼ੀ ਸੀ, ਅਤੇ ਉਹ ਵੀ ਝੱਟ ਸੁਣਨ ਲੱਗੀ! ਇੱਕ ਹੋਰ ਕੁੜੀ ਨੂੰ ਜੋ ਪੰਦਰਾਂ ਸਾਲ ਦੀ ਸੀ, ਉਸ ਨੂੰ ਪੋਲੀਓ ਸੀ ਅਤੇ ਉਹ ਮੁਸ਼ਕਿਲ ਨਾਲ ਤੁਰ ਸਕਦੀ ਸੀ। ਪਾਸਟਰ ਸੰਤੋਸ਼ ਨੇ ਉਸ ਲਈ ਪ੍ਰਾਰਥਨਾ ਕੀਤੀ ਅਤੇ ਉਹ ਤੁਰੰਤ ਠੀਕ ਹੋ ਗਈ ਅਤੇ ਤੇਜ਼ੀ ਨਾਲ ਦੌੜਨ ਲੱਗੀ! ਇਹ ਸਾਰੇ ਚਮਤਕਾਰ ਵਰਦਾਨਾਂ ਦੀ ਉਸ ਕ੍ਰਿਪਾ ਨੂੰ ਪ੍ਰਾਪਤ ਕਰਨ ਤੋਂ ਤੁਰੰਤ ਬਾਅਦ ਹੋਏ।ਪਾਦਰੀ ਸੰਤੋਸ਼ ਪ੍ਰਮੇਸ਼ਵਰ ਦੀ ਆਤਮਾ ਦੁਆਰਾ ਮਸਹ ਕੀਤਾ ਗਿਆ ਹੈ, ਅਤੇ ਹੁਣ ਉਹ ਹਰ ਹਫ਼ਤਾ ਪਰਮੇਸ਼ੁਰ ਦੇ ਚਮਤਕਾਰਾਂ ਦੀ ਗਵਾਹੀ ਦਿੰਦਾ ਹੈ, ਅਤੇ ਹੁਣ ਤਾਂ ਇਹ ਉਸਦੀ ਜਿੰਦਗੀ ਵਿੱਚ ਇੱਕ ਆਮ ਜਿਹੀ ਗੱਲ ਹੈ।

ਪਾਦਰੀ ਅੰਕਿਤ ਅਤੇ ਮੈਂ ਪੌਡੀ ਗੜ੍ਹਵਾਲ ਵਿੱਚ ਚਮਤਕਾਰਾਂ ਦੀ ਇੱਕ ਸਭਾ ਵਿੱਚ ਸੀ। ਮੀਟਿੰਗ ਦੇ ਦੂਜੇ ਦਿਨ ਅੰਕਿਤ ਨੇ ਪ੍ਰਚਾਰ ਕਰਨਾ ਸੀ, ਅਤੇ ਮੈਂ ਉਸਨੂੰ ਦੱਸ ਰਿਹਾ ਸੀ ਕਿ ਮੈਨੂੰ ਦਰਸ਼ਨਾਂ ਦੁਆਰਾ ਬਿਮਾਰਾਂ ਨੂੰ ਠੀਕ ਕਰਨ ਲਈ ਗਿਆਨ ਦੇ ਬਚਨ ਕਿਵੇਂ ਪ੍ਰਾਪਤ ਹੁੰਦੇ ਹਨ। ਪਾਦਰੀ ਅੰਕਿਤ ਨੇ ਜਵਾਬ ਦਿੱਤਾ ਕਿ ਅੱਜ ਤੱਕ ਉਸ ਨੂੰ ਦਰਸ਼ਨ ਦੇ ਰੂਪ ਵਿੱਚ ਗਿਆਨ ਦੇ ਬਚਨ ਨਹੀਂ ਮਿਲੇ ਹਨ। ਫਿਰ ਮੈਂ ਕਿਹਾ, ’’ਕੀ ਤੁਹਾਨੂੰ ਯਕੀਨ ਹੈ ਕਿ ਤੁਸੀਂ ਇਸਨੂੰ ਹੁਣੇਂ ਪ੍ਰਾਪਤ ਕਰ ਸਕਦੇ ਹੋ?’’

ਮੈਂ ਤੁਰੰਤ ਆਪਣਾ ਹੱਥ ਉਸ ਉੱਤੇ ਹੱਥ ਰੱਖ ਕੇ ਪ੍ਰਾਰਥਨਾ ਕੀਤੀ। ਉਸੇ ਸਮੇਂ, ਅੰਕਿਤ ਨੇ ਆਪਣੇ ਦਰਸ਼ਨ ਵਿੱਚ ਉਸੇ ਸਮੇਂ ਇੱਕ ਗੁਲਾਬੀ ਅਤੇ ਹਰੇ ਰੰਗ ਦੀ ਸਾੜ੍ਹੀ ਪਹਿਨੀ ਇੱਕ ਔਰਤ ਨੂੰ ਦੇਖਿਆ, ਜੋ ਇੱਕ ਪਿੰਜਰੇ ਵਿੱਚ ਕੈਦ ਸੀ। ਉਸਨੇ ਪ੍ਰਮੇਸ਼ਵਰ ਦੀ ਸ਼ਕਤੀ ਨੂੰ ਹੇਠਾਂ ਉਤਰਦਿਆਂ ਅਤੇ ਪਿੰਜਰੇ ਨੂੰ ਤੋੜਦਿਆਂ ਦੇਖਿਆ, ਅਤੇ ਉਹ ਔਰਤ ਹੋ ਆਜ਼ਾਦ ਸੀ। ਕੁਝ ਮਿੰਟਾਂ ਬਾਅਦ ਉਹ ਪ੍ਰਚਾਰ ਕਰਨ ਲਈ ਸਟੇਜ ’ਤੇ ਆਇਆ।

ਅੰਕਿਤ ਨੇ ਕਿਹਾ, ’’ਬਚਨ ਦਾ ਪ੍ਰਚਾਰ ਕਰਨ ਤੋਂ ਪਹਿਲਾਂ, ਇੱਥੇ ਇੱਕ ਔਰਤ ਹੈ ਅਤੇ ਤੁਸੀਂ ਗੁਲਾਬੀ ਅਤੇ ਹਰੇ ਰੰਗ ਦੀ ਸਾੜ੍ਹੀ ਪਾਈ ਹੋਈ ਹੈ। ਖੜੇ ਹੋ ਜਾਓ ਕਿਉਂਕਿ ਰੱਬ ਤੁਹਾਨੂੰ ਹੁਣ ਠੀਕ ਕਰਨਾ ਚਾਹੁੰਦਾ ਹੈ।’’ ਉਸ

ਹਾਲ ਵਿੱਚ ਪੰਜ ਸੌ ਦੇ ਕਰੀਬ ਲੋਕ ਬੈਠੇ ਸਨ ਅਤੇ ਇੱਕ ਵੀ ਔਰਤ ਇੱਕਦਮ ਨਾ ਉੱਠੀ। ਪਾਦਰੀ ਅੰਕਿਤ ਨੇ ਭੀੜ ਵਿੱਚ ਦੇਖਿਆ ਅਤੇ ਉਸ ਔਰਤ ਨੂੰ ਲੱਭ ਲਿਆ। ਉਸਨੇ ਉਸਨੂੰ ਵੇਖਿਆ ਅਤੇ ਉਸਦੇ ਵੱਲ ਇਸ਼ਾਰਾ ਕੀਤਾ, ਅਤੇ ਅਸਲ ਵਿੱਚ ਸਾਰੀ ਭੀੜ ਵਿੱਚ ਉਹ ਗੁਲਾਬੀ ਅਤੇ ਹਰੇ ਰੰਗ ਦੀ ਸਾੜੀ ਪਾਈ ਹੋਈ ਇਕੱਲੀ ਔਰਤ ਸੀ। ਉਹ ਮੀਟਿੰਗ ਵਿੱਚ ਇਸ ਲਈ ਆਈ ਸੀ ਕਿਉਂਕਿ ਉਸਨੇ ਚੰਗਾਈ ਦੀਆਂ ਗਵਾਹੀਆਂ ਸੁਣੀਆਂ ਸਨ, ਅਤੇ ਉਹ ਕਈ ਸਾਲਾਂ ਤੋਂ ਮਿਰਗੀ ਦੀ ਬਿਮਾਰੀ ਤੋਂ ਪੀੜਤ ਸੀ। ਉਹ ਖੜ੍ਹੀ ਹੋ ਗਈ ਅਤੇ ਪਰਮੇਸੁਰ ਦੀ ਸ਼ਕਤੀ ਨੇ ਆ ਕੇ ਉਸ ਨੂੰ ਚੰਗਾ ਕੀਤਾ।

ਆਖਰੀ ਗਵਾਹੀ ਮੇਰੀ ਸਾਲੀ ਅਰਾਧਨਾ ਦੀ ਹੈ। ਸਾਡੀਆਂ ਬਹੁਤ ਸਾਰੀਆਂ ਗਵਾਹੀਆਂ ਸੁਣਨ ਤੋਂ ਬਾਅਦ ਉਹ ਪਵਿੱਤਰ ਆਤਮਾ ਨੂੰ ਜਾਣਨ ਅਤੇ ਅਨੁਭਵ ਕਰਨ ਲਈ ਬਹੁਤ ਭੁੱਖੀ ਹੋ ਗਈ, ਅਤੇ ਉਹ ਸਾਡੇ ਨਾਲ ਚੰਡੀਗੜ ਵਿੱਚ ਸਿਖਲਾਈ ਅਤੇ ਚੰਗਾਈ ਸਭਾ ਵਿੱਚ ਗਈ। ਜਿਵੇਂ ਕਿ ਅਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਲਈ ਆਗੂਆ ਅਤੇ ਵਿਸ਼ਵਾਸੀਆਂ ’ਤੇ ਹੱਥ ਰੱਖ ਰਹੇ ਸੀ, ਅਰਾਧਨਾ ਵੀ ਪਵਿੱਤਰ ਆਤਮਾ ਨਾਲ ਭਰੀ ਗਈ ਸੀ।

ਉਸ ਘਟਨਾ ਤੋਂ ਬਾਅਦ ਪਵਿੱਤਰ ਆਤਮਾ ਨੇ ਉਸਨੂੰ ਦੂਜਿਆਂ ਦੀ ਸੇਵਾ ਕਰਨ ਲਈ ਕਿਹਾ। ਅਰਾਧਨਾ ਆਪਣੇ ਪਿੰਡ ਵਾਪਸ ਚਲੀ ਗਈ ਜਿੱਥੇ ਉਸਨੇ ਇੱਕ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਪੜ੍ਹਾਉਦੀਂ ਸੀ। ਕਲਾਸ ਵਿੱਚ ਪੜ੍ਹਾਉਂਦੇ ਸਮੇਂ, ਉਸਨੇ ਦੇਖਿਆ ਕਿ ਇੱਕ ਵਿਦਿਆਰਥੀ ਜੋ ਬੋਲ਼ਾ ਸੀ, ਨੇ ਸੁਣਨ ਵਾਲੀ ਮਸ਼ੀਨ ਪਾਈ ਹੋਈ ਸੀ। ਜਦੋਂ ਅਰਾਧਨਾ ਨੇ ਉਸਨੂੰ ਦੇਖਿਆ, ਉਸਨੇ ਆਪਣੇ ਮਨ ਵਿੱਚ ਪਵਿੱਤਰ ਆਤਮਾ ਨੂੰ ਕਿਹਾ, ’’ਭਵਿੱਤਰ ਆਤਮਾ, ਇੱਥੇ ਇੱਕ ਬੋਲ਼ਾ ਮੁੰਡਾ ਹੈ।’’ ਤਦ ਪਵਿੱਤਰ ਆਤਮਾ ਨੇ ਤੁਰੰਤ ਜਵਾਬ ਦਿੱਤਾ, ’’ਹਾਂ’’ ਹੈ! ਪਰ ਤੁਸੀਂ ਇਸ ਬਾਰੇ ਕੀ ਕਰੋਗੇ?’’

ਉਸਨੇ ਪੜ੍ਹਾਈ ਬੰਦ ਕਰ ਦਿੱਤੀ ਅਤੇ ਬੱਚਿਆਂ ਨੂੰ ਕਿਹਾ ਕਿ ਉਹ ਉਸ ਲਈ ਪ੍ਰਾਰਥਨਾ ਕਰੇਗੀ। ਉਸ ਨੇ ਮੁੰਡੇ ਦੇ ਕੰਨਾਂ ’ਤੇ ਹੱਥ ਰੱਖ ਕੇ ਸੋਚਿਆ, ’’ਕਿ ਜ਼ੀਜਾ ਜੀ ਨੇ, ਚੰਡੀਗੜ੍ਹ ਵਿਚ ਉਨ੍ਹਾਂ ਬੋਲ਼ੇ ਲੋਕਾਂ ਲਈ ਕਿਵੇਂ ਪ੍ਰਾਰਥਨਾ ਕੀਤੀ?’’ ਉਸਨੂੰ ਸਾਰੀ ਗੱਲ ਯਾਦ ਨਹੀਂ ਆਈ, ਫਿਰ ਵੀ ਉਸਨੇ ਇੱਕ ਸਾਧਾਰਨ ਪ੍ਰਾਰਥਨਾ ਕੀਤੀ ਅਤੇ ਉਸਦੇ ਕੰਨ ਤੁਰੰਤ ਖੁੱਲ ਗਏ ਅਤੇ ਉਹ ਸਾਫ਼ ਸੁਣਨ ਦੇ ਯੋਗ ਹੋ ਗਿਆ। ਉਸ ਦੇ ਵੱਡੇ ਭਰਾ ਨੂੰ ਉਸ ਕਲਾਸ ਵਿਚ ਲਿਆਂਦਾ ਗਿਆ ਅਤੇ ਉਸ ਦੀ ਜਾਂਚ ਕਰਨ ਤੋਂ ਬਾਅਦ ਉਸ ਨੇ ਕਿਹਾ ਕਿ ਉਸ ਦਾ ਭਰਾ ਸੱਚਮੁੱਚ ਠੀਕ ਹੋ ਗਿਆ ਸੀ। ਫਿਰ ਵੱਡੇ ਭਰਾ ਨੇ ਅਰਾਧਨਾ ਨੂੰ ਪ੍ਰਾਰਥਨਾ ਕਰਨ ਲਈ ਕਿਹਾ ਕਿਉਂਕਿ ਉਸ ਨੂੰ ਸਿੱਖਣ ਅਤੇ ਯਾਦ ਰੱਖਣ ਵਿਚ ਮੁਸ਼ਕਲਾਂ ਸਨ, ਉਸ ਨੂੰ ਵਿਸ਼ੇਸ਼ ਮਦਦ ਦੀ ਲੋੜ ਸੀ। ਜਦੋਂ ਕਲਾਸ ਖਤਮ ਹੋਈ ਤਾਂ ਸਾਰੇ ਬੱਚੇ ਆਪਣੇ ਪਰਿਵਾਰ ਵਾਲਿਆਂ ਨੂੰ ਦੱਸਣ ਲੱਗੇ ਕਿ ਕਿਵੇਂ ਸਕੂਲ ਵਿੱਚ ਚਮਤਕਾਰ ਹੋ ਗਿਆ। ਗਵਾਹੀ ਸੁਣ ਕੇ ਇੱਕ ਬਜ਼ੁਰਗ ਔਰਤ ਅਰਾਧਨਾ ਕੋਲ ਆਈ ਅਤੇ ਪ੍ਰਾਰਥਨਾ ਕਰਵਾਈ। ਉਸ ਦੇ ਸਾਰੇ ਜੋੜਾਂ ਦਾ ਦਰਦ ਤੁਰੰਤ ਦੂਰ ਹੋ ਗਿਆ।

ਦੋ ਹਫ਼ਤਿਆਂ ਵਿੱਚ, ਵੱਡੇ ਭਰਾ ਦੀ ਪੜ੍ਹਾਈ ਵਿੱਚ ਵੀ ਬਹੁਤ ਸੁਧਾਰ ਹੋ ਗਿਆ ਅਤੇ ਸਾਰੇ ਅਧਿਆਪਕ ਫਰਕ ਦੇਖ ਸਕਦੇ ਸਨ। ਇਹ ਖ਼ਬਰ ਉਸ ਚਰਚ ਵਿਚ ਪਹੁੰਚ ਗਈ, ਜਿੱਥੇ ਅਰਾਧਨਾ ਬਚਪਨ ਵਿੱਚ ਜਾਇਆ ਕਰਦੀ ਸੀ ਅਤੇ ਉਸ ਚਰਚ ਦੇ ਪਾਦਰੀ ਨੇ ਉਸ ਨੂੰ ਪ੍ਰਚਾਰ ਕਰਨ ਲਈ ਬੁਲਾਇਆ।

ਬਚਨ ਦਾ ਪ੍ਰਚਾਰ ਕਰਨ ਤੋਂ ਪਹਿਲਾਂ, ਪਵਿੱਤਰ ਆਤਮਾ ਨੇ ਅਰਾਧਨਾ ਨੂੰ ਕੁਝ ਗਿਆਨ ਦੇ ਬਚਨ ਦਿੱਤਾ। ਉਸਨੇ ਇੱਕ ਬਚਨ ਕਿਸੇ ਆਦਮੀ ਦੇ ਬਿਮਾਰ ਪੇਟ ਲਈ ਦਿੱਤਾ, ਅਤੇ ਜਿਵੇਂ ਹੀ ਉਹ ਉਸ ਲਈ ਪ੍ਰਾਰਥਨਾ ਕਰਨ ਲੱਗੀ, ਤਾਂ ਉਹ ਆਦਮੀ ਜ਼ਮੀਨ ’ਤੇ ਡਿੱਗ ਪਿਆ ਅਤੇ ਬਹੁਤ ਭਿਆਨਕ ਢੰਗ ਨਾਲ ਹਿੱਲਣ ਲੱਗਾ। ਉਸਨੇ ਇੰਨਾ ਹਿਲਿਆ ਕਿ ਉਸ ਦੀਆਂ ਐਨਕਾਂ ਡਿੱਗ ਗਈਆਂ। ਤਦ ਉਹ ਖੜ੍ਹਾ ਹੋਇਆ ਅਤੇ ਤੁਰੰਤ ਠੀਕ ਹੋ ਗਿਆ, ਅਤੇ ਬਿਮਾਰੀ ਦੇ ਸਾਰੇ ਲੱਛਣ ਉਸ ਵਿੱਚੋ ਅਲੋਪ ਹੋ ਗਏ ਹਨ. ਫਿਰ ਅਰਾਧਨਾ ਨੇ ਬਾਈਬਲ ਖੋਲ੍ਹ ਕੇ ਪੜ੍ਹਨ ਲੱਗੀ। ਉਹ ਆਦਮੀ ਬਿਨਾਂ ਐਨਕਾਂ ਦੇ ਆਪਣੀ ਬਾਈਬਲ ਨੂੰ ਸਾਫ਼-ਸਾਫ਼ ਪੜ੍ਹਣ ਲੱਗਾ ਅਤੇ ਬਹੁਤ ਹੈਰਾਨ ਹੋਇਆ! ਉਸਨੇ

ਛਾਲ ਮਾਰ ਕੇ ਆਇਆ ਅਤੇ ਗਵਾਹੀ ਦਿੱਤੀ ਕਿ ਉਸ ਦੀਆਂ ਅੱਖਾਂ ਵੀ ਠੀਕ ਹੋ ਗਈਆਂ ਹਨ ਅਤੇ ਉਹ ਐਨਕਾਂ ਤੋਂ ਬਿਨਾਂ ਬਾਈਬਲ ਪੜ੍ਹ ਸਕਦਾ ਹੈ।

ਅਰਾਧਨਾ ਪਾਦਰੀ ਨਹੀਂ ਹੈ ਅਤੇ ਨਾ ਹੀ ਆਗੂ ਹੈ, ਪਰ ਆਮ ਵਿਸ਼ਵਾਸੀ ਹੈ ਜਿਸਦਾ ਇਸਤਮਾਲ ਪਵਿੱਤਰ ਆਤਮਾ ਸ਼ਕਤੀਸ਼ਾਲੀ ਢੰਗ ਨਾਲ ਕਰਦਾ ਹੈ। ਪਵਿੱਤਰ ਆਤਮਾ ਦੇ ਵਰਦਾਨ ਹਰ ਕਿਸੇ ਲਈ ਹਨ, ਨਾ ਕਿ ਸਿਰਫ਼ ਪਾਦਰੀ ਜਾਂ ਪ੍ਰਚਾਰਕਾਂ ਲਈ। ਮੈਂ ਜਿੱਥੇ ਵੀ ਜਾਂਦਾ ਹਾਂ ਮੈਂ ਨਵੇਂ ਵਿਸ਼ਵਾਸੀਆਂ ਅਤੇ ਆਗੂਆ ਨੂੰ ਪਵਿੱਤਰ ਆਤਮਾ ਦੇ ਵਰਦਾਨਾਂ ਵਿੱਚ ਚੱਲਦੇ ਵੇਖਦਾ ਹਾਂ, ਅਤੇ ਜੋ ਸ਼ਕਤੀਸ਼ਾਲੀ ਕੰਮ ਮੇਰੇ ਦੁਆਰਾ ਹੁੰਦੇ ਹਨ ਉਹ ਉਹਨਾਂ ਦੁਆਰਾ ਵੀ ਹੋਣੇ ਸ਼ੁਰੂ ਹੁੰਦੇ ਹਨ।

ਅਧਿਆਇ 8

# ਵਿਹਾਰਕ ਵਰਤੋਂ

## ਨਦੀ ਵਗ ਰਹੀ ਹੈ

ਕੁਝ ਸਾਲ ਪਹਿਲਾਂ ਪ੍ਰਭੂ ਨੇ ਮੈਨੂੰ ਇੱਕ ਦਰਸ਼ਣ ਦਿਖਾਇਆ। ਉਸ ਦਰਸ਼ਣ ਵਿੱਚ ਮੈਂ ਦੂਰੋਂ ਧਰਤੀ ਨੂੰ ਦੇਖਿਆ, ਅਤੇ ਧਰਤੀ ਦੇ ਉੱਪਰ ਖਿਤਿਜੀ ਮੈਦਾਨ ਚਮਕ ਰਿਹਾ ਸੀ। ਉੱਥੇ ਯਿਸੂ ਸਿੰਘਾਸਣ ਉੱਤੇ ਮਹਿਮਾ ਵਿੱਚ ਬੈਠਾ ਸੀ। ਉਸ ਸਿੰਘਾਸਣ ਤੋਂ ਇੱਕ ਵੱਡੀ, ਸ਼ਕਤੀਸ਼ਾਲੀ ਨਦੀ ਧਰਤੀ ਵੱਲ ਵਗਦੀਂ ਸੀ।

ਫਿਰ ਮੈਂ ਦਰਸ਼ਨ ਵਿੱਚ ਧਰਤੀ ਨੂੰ ਨੇੜਿਓਂ ਦੇਖਿਆ। ਯਿਸੂ ਦੇ ਸਿੰਘਾਸਣ ਤੋਂ ਵਹਿਣ ਵਾਲੀ ਮਹਾਨ ਨਦੀ ਤੋਂ, ਬਹੁਤ ਸਾਰੀਆਂ ਛੋਟੀਆਂ ਨਦੀਆਂ ਵੰਡੀਆਂ ਗਈਆਂ ਅਤੇ ਧਰਤੀ ਦੇ ਹਰ ਮਹਾਂਦੀਪ ਵਿੱਚ ਵਗਦੀਆਂ ਸਨ। ਫਿਰ ਹਰ ਮਹਾਂਦੀਪ 'ਤੇ ਉਹ ਨਦੀ ਹੋਰ ਕਈ ਨਦੀਆਂ ਵਿਚ ਵੰਡੀ ਗਈ ਅਤੇ ਉਸ ਖੇਤਰ ਦੇ ਹਰ ਵਿਸ਼ਵਾਸੀ ਤੱਕ ਵਹਿ ਗਈ, ਜੋ ਸਾਰੇ ਸੰਸਾਰ ਵਿਚ ਫੈਲੇ ਹੋਏ ਸਨ। ਹਰ ਛੋਟੀ ਨਦੀ ਵਿਸ਼ਵਾਸੀਆਂ ਕੋਲ ਆ ਕੇ ਰੁਕ ਗਈ। ਉਹ ਨਦੀਆਂ ਵਹਿ ਤਾਂ ਰਹੀਆਂ ਸਨ, ਪਰ ਉਨ੍ਹਾਂ ਵਿਸ਼ਵਾਸੀਆਂ ਤੋਂ ਅੱਗੇ ਨਹੀਂ ਵਹਿ ਸਕੀਆਂ।

ਪ੍ਰਭੂ ਵੱਲੋਂ ਇੱਕ ਅਵਾਜ਼ ਸੁਣਾਈ ਦਿੱਤੀ, ''ਮੇਰੇ ਪੁੱਤਰ ਦੀ ਮੌਜੂਦਗੀ ਤੋਂ ਇੱਕ ਨਦੀ ਵਗਦੀ ਹੈ, ਜੋਂ ਜੀਵਨ ਨਾਲ ਭਰਪੂਰ ਹੈ। ਇਹ ਨਦੀ ਆਸਾਨੀ ਨਾਲ ਕੌਮਾਂ ਨੂੰ ਸੰਤੁਸ਼ਟ ਕਰ ਸਕਦੀ ਹੈ। ਮੇਰੀ ਇੱਛਾ ਹੈ ਕਿ ਮੇਰੇ ਲੋਕ ਮੇਰੇ ਪੁੱਤਰ ਦਾ ਆਦਰ ਕਰਨ ਅਤੇ ਜੀਵਨ ਦੇ ਪਾਣੀ ਨੂੰ ਪਛਾਣਨ ਜੋ ਮੁਫਤ ਵਿੱਚ ਵਗਦਾ ਹੈ। ਤੁਸੀਂ ਮੇਰੇ ਫਾਟਕਾਂ ਦੇ ਰੱਖਿਅਕ ਹੋ, ਜਿਹੜੇ ਮੇਰੀ ਆਤਮਾ ਦੀ ਮੌਜੂਦਗੀ ਵਿੱਚ ਸੇਵਾ ਕਰਨ ਲਈ ਬੁਲਾਏ ਹੋਏ ਹਨ।''

ਜਿਵੇਂ ਹੀ ਮੈਂ ਇਸ ਦਰਸ਼ਨ ਨੂੰ ਦੇਖਿਆ, ਮੈਂ ਤੁਰੰਤ ਆਪਣੀ ਆਤਮਾ ਵਿੱਚ ਜਾਣ ਗਿਆ ਕਿ ਆਤਮਾ ਦੀ ਕਿਰਪਾ ਦੀ ਨਦੀ ਧਰਤੀ ਦੇ ਹਰ ਵਿਸ਼ਵਾਸੀ ਤੱਕ ਮੁਫਤ ਵਿੱਚ ਵਗਦੀ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਨਦੀ ਨੂੰ ਕੋਈ ਨਹੀਂ ਰੋਕ ਸਕਦਾ ਜੋ ਸਵਰਗ ਤੋਂ ਹੋ ਕੇ ਸਾਡੇ ਕੋਲ ਆਉਂਦੀ ਹੈ। ਪਰ ਇਹ ਨਦੀ ਸਾਡੇ ਦੁਆਰਾ ਉਦੋਂ ਹੀ ਵਗਦੀ ਹੈ ਜਦੋਂ ਅਸੀਂ ਇਸ ਨਾਲ ਸਹਿਭਾਗੀ ਹੁੰਦੇ ਹਾਂ।

ਫਿਰ ਸੁੱਕੀ ਅਤੇ ਬੰਜਰ ਜ਼ਮੀਨ ਵਿੱਚ ਵਿਸ਼ਵਾਸੀਆਂ ਦੁਆਰਾ ਛੋਟੀਆਂ ਨਦੀਆਂ ਵਹਿਣ ਲੱਗੀਆਂ, ਅਤੇ ਘਾਹ, ਪੌਦੇ ਅਤੇ ਰੁੱਖ ਉੱਗਣੇ ਸ਼ੁਰੂ ਹੋ ਗਏ। ਮੈਂ ਪ੍ਰਮੇਸ਼ਵਰ ਦੇ ਦਿਲ ਦੇ ਜੋਸ਼ ਨੂੰ ਮਹਿਸੂਸ ਕਰ ਰਿਹਾ ਸੀ ਕਿ ਉਹ ਇੰਨੀ ਤੀਬਰਤਾ ਨਾਲ ਚਾਹੁੰਦਾ ਸੀ ਕਿ ਸਾਰੀਆਂ ਕੌਮਾਂ ਦੇ ਲੋਕ ਉਸਦੀ ਚੰਗਿਆਈ ਨੂੰ ਵੇਖਣ ਅਤੇ ਚੱਖਣ।

ਇਹ ਨਦੀ ਬੜੇ ਜ਼ੋਰ ਨਾਲ ਵਹਿ ਰਹੀ ਸੀ। ਪ੍ਰਭੂ ਦੀ ਇੱਛਾ ਵੱਡੀ ਅੱਗ ਨਾਲ ਬਲ ਰਹੀ ਸੀ। ਇਸ ਪ੍ਰਕਾਸ਼ਨ ਨੂੰ ਪ੍ਰਾਪਤ ਕਰਨ ਨਾਲ ਮੈਨੂੰ ਅਹਿਸਾਸ ਹੋਇਆ ਕਿ ਪ੍ਰਮੇਸ਼ਵਰ ਤੋਂ ਕੋਈ ਵੀ ਕੰਮ ਕਰਵਾਉਣ ਲਈ ਮੈਨੂੰ ਉਸ ਨੂੰ ਉਤਸ਼ਾਹਿਤ ਕਰਨ ਜਾਂ ਪ੍ਰੇਰਿਤ ਕਰਨ ਦੀ ਲੋੜ ਨਹੀਂ ਹੈ। ਉਹ ਆਪ ਪਹਿਲਾਂ ਹੀ ਕੰਮ ਲਈ ਉਤਸ਼ਾਹ ਨਾਲ ਭਰਿਆ ਹੋਇਆ ਹੈ, ਅਤੇ ਉਸਦਾ ਦਰਿਆ 2,000 ਸਾਲਾਂ ਤੋਂ ਵੱਗ ਰਿਹਾ ਹੈ। ਉਸ ਦੇ ਉਤਸ਼ਾਹ ਅਤੇ ਨਦੀ ਨੂੰ ਨਾ ਜਾਣਨ ਦੇ ਕਾਰਨ ਸੰਸਾਰ ਦੇ ਦੇਸ਼ ਬੰਜਰ ਅਤੇ ਵਿਰਾਨ ਪਏ ਹਨ।

## ਧਰਮ ਦੇ ਝੂਠ

*ਪਰਕਾਸ਼ ਦੀ ਪੋਥੀ 22:1 ਤਦ ਉਸਨੇ ਅੰਮ੍ਰਿਤ ਜਲ ਦੀ ਇੱਕ ਨਦੀ ਬਲੌਰ ਵਾਂਗੂ ਸਾਫ਼ ਪ੍ਰਮੇਸ਼ਵਰ ਅਤੇ ਲੇਲੇ ਦੇ ਸਿੰਘਾਸਣ ਵਿੱਚੋਂ ਨਿੱਕਲਦੀ, ਉਸ ਨਗਰੀ ਦੇ ਚੌਂਕ ਦੇ ਵਿਚਕਾਰ ਮੈਨੂੰ ਵਿਖਾਈ।*

ਜਦੋਂ ਵੀ ਅਸੀਂ ਇਨ੍ਹਾਂ ਬਚਨਾਂ ਨੂੰ ਪੜ੍ਹਦੇ ਹਾਂ, ਜਿਵੇਂ ਕਿ ਉੱਪਰ ਲਿਖਿਆ ਹੈ, ਅਸੀਂ ਆਸਾਨੀ ਨਾਲ ਪਰਮੇਸ਼ੁਰ ਪਿਤਾ ਅਤੇ ਪੁੱਤਰ ਯਿਸੂ ਨੂੰ ਪਛਾਣ ਸਕਦੇ ਹਾਂ। ਪਵਿੱਤਰ ਆਤਮਾ ਉੱਥੇ ਵੀ ਹੈ, ਉਹ ਜੀਵਨ ਦੇ ਜੱਲ ਦੀ ਨਦੀ ਹੈ ਜੋ ਸੁੰਦਰ ਅਤੇ ਝੱਲਕਦੀ ਹੈ। ਤੁਸੀਂ ਆਪਣੀ ਆਤਮਾਂ ਦੀ ਗਹਿਰਾਈ ਤੋਂ ਇਸ ਗੱਲ ਨੂੰ ਸਮਝੋ ਕਿ ਨਦੀ ਵਹਿ ਰਹੀ ਹੈ! ਤੁਸੀਂ ਅਜਿਹਾ ਕੋਈ ਕੰਮ ਨਹੀ ਕਰ ਸਕਦੇ ਕਿ ਨਦੀ ਹੋਰ ਜ਼ੋਰ ਨਾਲ ਵਹਿ ਸਕੇ, ਅਤੇ ਨਾ ਹੀ ਤੁਸੀਂ ਨਦੀ ਨੂੰ ਆਪਣੇ ਵੱਲ ਵਹਿਣ ਤੋਂ ਰੋਕ ਸਕਦੇ ਹੋ। ਤੁਸੀਂ ਨਦੀ ਨੂੰ ਆਪਣੇ ਵੱਲ ਵਹਿਣ ਤੋਂ ਨਹੀਂ ਰੋਕ ਸਕਦੇ, ਪਰ ਤੁਸੀਂ ਇਸਨੂੰ ਆਪਣੇ ਦੁਆਰਾ ਵਹਿਣ ਤੋਂ ਰੋਕ ਸਕਦੇ ਹੋ (ਯੂਹੰਨਾ 7:37-39) 1

ਧਰਮ ਦੀ ਝੂਠੀ ਆਤਮਾ ਇਹ ਨਹੀਂ ਸਿਖਾਉਂਦੀ, ਕਿ ਉਹ ਸ਼ੈਤਾਨ ਤੋਂ ਹੈ (1 ਤਿਮੋਥਿਉਸ 4:1)। ਧਰਮ ਦੀ ਝੂਠੀ ਆਤਮਾ ਕੀ ਹੈ? ਇਸ ਆਤਮਾ ਭਗਤੀ ਦਾ ਰੂਪ ਤਾਂ ਧਾਰਨ ਕਰਦੀ ਹੈ, ਪਰ ਇਸ ਕੋਲ ਪਰਮੇਸ਼ੁਰ ਦੀ ਸ਼ਕਤੀ ਨਹੀਂ ਹੈ (2 ਤਿਮੋਥਿਉਸ 3:5)। ਇਹ ਆਤਮਾ ਸਾਨੂੰ ਪਰਮੇਸਰ ਦੀ ਸੰਗਤ ਤੋਂ ਦੂਰ ਲੈ ਜਾਂਦੀ ਹੈ ਅਤੇ ਸਾਨੂੰ ਕਰਮ ਦੇ ਬੰਧਨ ਵਿੱਚ ਪਾ ਦਿੰਦੀ ਹੈ। ਇਹ ਆਤਮਾ ਖੁਸ਼ਖਬਰੀ ਨੂੰ ਕਿਰਪਾ ਤੋਂ ਵੱਖ ਕਰਕੇ ਧੋਖਾ ਦਿੰਦੀ ਹੈ। ਇਹ ਝੂਠੀ ਆਤਮਾ ਤੁਹਾਨੂੰ ਇਸ ਤਰ੍ਹਾਂ ਧੋਖਾ ਦੇਦੀਂ ਹੈ ਕਿ ਕਰਮ ਕਰਦੇ ਰਹੋ ਕਿਉਂਕਿ ਚਮਤਕਾਰ, ਚੰਗਾਈ ਜਾਂ ਬਰਕਤਾਂ ਤੁਹਾਡੇ ਬਹੁਤ ਨੇੜੇ ਹਨ, ਪਰ ਤੁਸੀਂ ਇਸਦਾ ਅਨੁਭਵ ਕਦੇ ਨਹੀਂ ਕਰ ਸਕੋਗੇ। ਇਹ ਆਤਮਾ ਵਿਸ਼ਵਾਸੀਆਂ ਨੂੰ ਝੂਠੀਆਂ ਸਿੱਖਿਆਵਾਂ ਦਿੰਦੀ ਹੈ ਜਿਵੇਂਕਿ ਤੁਹਾਨੂੰ ਪਰਮੇਸ਼ੁਰ ਤੱਕ ਪਹੁੰਚਣ ਲਈ ਕਿਹੜੇ-ਕਿਹੜੇ ਕੰਮ ਕਰਨੇ ਪੈਣਗੇ। ਇਹ ਆਤਮਾ ਤੁਹਾਡਾ ਧਿਆਨ ਤੁਹਾਡੇ ਆਪਣੇ ਕੰਮ ਵਿੱਚ ਹੀ ਕੇਂਦਰਿਤ ਕਰਦੀ ਹੈ। ਧਰਮ ਦੀ ਝੂਠੀ ਆਤਮਾਂ ਵਿਵਸਥਾ ਨੂੰ ਖੁਸ਼ਖਬਰੀ ਦੇ ਸੁੰਦਰ ਪੰਨਿਆਂ ਵਿੱਚ ਲਪੇਟ ਕੇ ਇੱਕ ਤੋਹਫ਼ੇ ਵਜੋਂ ਪੇਸ਼ ਕਰਦੀ ਹੈ। ਇਹ ਕਿਰਪਾ ਨੂੰ ਸ਼ਰਤਾਂ ਦੇ ਨਾਲ ਪੇਸ਼ਕਸ਼ ਕਰਦੀ ਹੈ। ਧਰਮ ਦੀ ਝੂਠੀ ਆਤਮਾਂ ਹੀ ਮੌਤ ਲਿਆਉਂਦੀ ਹੈ।

ਜੇਕਰ ਤੁਸੀਂ ਜਿਆਦਾਤਰ ਵਿਸ਼ਵਾਸੀਆਂ ਵਾਂਗ ਹੋ, ਤਾਂ ਤੁਸੀਂ ਪਹਿਲਾਂ ਹੀ ਇਸ ਝੂਠੀ ਆਤਮਾ ਤੋਂ ਪ੍ਰਭਾਵਿਤ ਹੋ ਚੁੱਕੇ ਹੋ। ਇਹ ਗ਼ਲਤ ਸਿੱਖਿਆ ਉਨ੍ਹਾਂ ਲਈ ਸਭ ਤੋਂ ਜਿਆਦਾ ਖ਼ਤਰਨਾਕ ਹੈ ਜੋ ਟੁੱਟੇ ਹੋਏ ਪਰਿਵਾਰਾਂ ਤੋਂ ਆਉਂਦੇ ਹਨ।

ਯਾਦ ਰੱਖੋ ਕਿ ਜਿਆਦਾਤਰ ਲੋਕ ਜੋ ਮਸੀਹ ਕੋਲ ਆਉਂਦੇ ਹਨ, ਟੁੱਟੇ ਹੋਏ ਪਰਿਵਾਰਾਂ ਅਤੇ ਹਾਲਾਤਾਂ ਤੋਂ ਗੁਜਰ ਕੇ ਆਉਂਦੇ ਹਨ (ਮੱਤੀ 21:31-32, ਲੂਕਾ 7:36-50, 1 ਕੁਰਿੰਥੀਆਂ 1:26-29)। ਉਹ ਖੁਸ਼ਖਬਰੀ ਨੂੰ ਅਨੰਦ ਨਾਲ ਪ੍ਰਾਪਤ ਕਰਦੇ ਹਨ, ਪਰ ਝੂਠੀ ਆਤਮਾ ਉਹਨਾਂ ਨੂੰ ਉਹਨਾਂ ਦੇ ਟੁੱਟੇ ਹੋਏ ਪਿਛਲੇ ਜੀਵਨ ਦੇ ਅਨੁਸਾਰ, ਕਰਮ ਦੇ ਬੰਧਨ ਵਿੱਚ ਕੁਰਾਹੇ ਪਾਉਂਦੀ ਹੈ। ਟੁੱਟੇ ਦਿਲ ਵਾਲੇ ਲੋਕ ਕਿਰਪਾ ਪ੍ਰਾਪਤ ਕਰਨ ਲਈ ਕਰਮ ਕਰਨਾ ਉਚਿਤ ਸਮਝਦੇ ਹਨ। ਅਸੀਂ ਕਿਰਪਾ ਦੇ ਦਰਵਾਜ਼ੇ ਦੁਆਰਾ ਪ੍ਰਮਾਤਮਾ ਦੇ ਰਾਜ ਵਿੱਚ ਦਾਖਲ ਹੁੰਦੇ ਹਾਂ, ਪਰ ਅਸੀਸਾਂ ਪ੍ਰਾਪਤ ਕਰਨ ਲਈ ਸਾਨੂੰ ਬਹੁਤ ਸਾਰੇ ਕੰਮ ਕਰਨੇ ਪੈਂਦਾ ਹਨ!

ਉਨ੍ਹਾਂ ਲਈ ਜੋ ਪੁਨਰ-ਸੁਰਜੀਤੀ ਲਈ ਅਣਗਿਣਤ ਘੰਟਿਆਂ ਲਈ ਪ੍ਰਾਰਥਨਾ ਕਰਦੇ ਹਨ ਅਤੇ ਵਰਤ ਰੱਖਦੇ ਹਨ, ਉਹਨਾਂ ਲਈ ਮੈਂ ਇੱਕ ਸੱਚਾਈ ਪੇਸ਼ ਕਰਨਾ ਚਾਹੁੰਦਾ ਹਾਂ ਕਿ ਪ੍ਰਮੇਸ਼ਵਰ ਦੀ ਨਦੀ ਵਹਿ ਰਹੀ ਹੈ। ਸਾਨੂੰ ਸਿਰਫ਼ ਵਿਸ਼ਵਾਸ ਕਰਕੇ ਇਸ ਗੱਲ ਨੂੰ ਮੰਨਣ ਦੀ ਲੋੜ ਹੈ।

ਤੁਸੀਂ ਜਿੱਥੇ ਵੀ ਜਾਂਦੇ ਹੋ, ਤੁਹਾਡੇ ਉੱਪਰ ਸਵਰਗ ਖੁੱਲ੍ਹਾ ਹੈ, ਅਤੇ ਨਦੀ ਵਹਿ ਰਿਹਾ ਹੈ ਜੋ ਹਰ ਪਾਪ, ਬਿਮਾਰੀ, ਸਰਾਪ ਅਤੇ ਦੁਸ਼ਟ ਆਤਮਾਂ ਨਾਲੋਂ ਵੱਡੀ ਹੈ। ਇਹ ਨਦੀ ਕਿਉਂ ਵਗ ਰਹੀ ਹੈ? ਤੁਸੀਂ ਉਸਦੀ ਉਮੀਦ ਕਿਉਂ ਕਰ ਸਕਦੇ ਹੋ? ਕਿਉਂਕਿ ਯਿਸੂ ਨੇ ਵਿਵਸਥਾ ਦੇ ਅਧੀਨ ਜਨਮ ਲਿਆ ਅਤੇ ਸਾਡੇ ਲਈ ਵਿਵਸਥਾ ਨੂੰ ਪੂਰਾ ਕੀਤਾ (ਗਲਾਤੀਆਂ 4:4-7), ਅਤੇ ਸਾਡੇ ਲਈ ਪ੍ਰਾਰਥਨਾ ਕੀਤੀ ਕਿ ਅਸੀਂ ਪਵਿੱਤਰ ਆਤਮਾ ਪ੍ਰਾਪਤ ਕਰ ਸਕੀਏ।

*ਯੂਹੰਨਾ 14:16 ਅਤੇ ਮੈਂ ਪਿਤਾ ਕੋਲੋਂ ਮੰਗਾਂਗਾ ਅਤੇ ਉਹ ਤੁਹਾਡੇ ਲਈ ਦੂਸਰਾ ਸਹਾਇਕ ਦੇਵੇਗਾ, ਜੋ ਤੁਹਾਡੇ ਨਾਲ ਸਦਾ ਲਈ ਰਹੇਗਾ।*

ਯਿਸੂ ਸਾਡੇ ਵਾਂਗ ਹੋ ਕੇ ਯੋਗ ਠਹਿਰਿਆ ਅਤੇ ਸਾਡੇ ਲਈ ਪ੍ਰਾਰਥਨਾ ਕੀਤੀ, ਇਸੇ ਲਈ ਇਹ ਨਦੀ ਸਾਡੇ ਤੱਕ ਵਹਿ ਰਹੀ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਿਤਾ ਨੇ ਯਿਸੂ ਦੀ ਬੇਨਤੀ ਸੁਣੀ ਹੈ? ਮੈਂ ਵਿਸ਼ਵਾਸ ਕਰਦਾ ਹਾਂ। ਯਿਸੂ ਨੇ ਆਪ ਸਬਕੁਝ ਪੂਰਾ ਕੀਤਾ ਤਾਂ ਜੋਂ ਪਰਮੇਸ਼ੁਰ ਦੀ ਨਦੀ ਮੇਰੇ ਤੱਕ ਅਤੇ ਮੇਰੇ ਦੁਆਰਾ ਵਹੇ। ਉਸ ਨਦੀ ਨੂੰ ਵਹਿਣ ਤੋਂ ਇਨਕਾਰ ਕਰਨਾ ਯਿਸੂ ਦੇ ਜੀਵਨ, ਕੁਰਬਾਨੀ ਅਤੇ ਪੁਨਰ-ਉਥਾਨ ਦਾ ਇਨਕਾਰ ਕਰਨਾ ਹੈ।

**ਪਾਰਕ ਵਿੱਚ ਚਮਤਕਾਰ**

ਕਈ ਸਾਲ ਪਹਿਲਾਂ ਮੈਂ ਡੇਸ ਮੋਨਸੀ, ਆਇਓਵਾ ਵਿੱਚ ਗਲੋਬਲ ਜਾਗਰੂਕਤਾ ਕਾਨਫਰੰਸ ਵਿੱਚ ਸੀ। ਪ੍ਰਾਰਥਨਾ ਦੌਰਾਨ ਪਵਿੱਤਰ ਆਤਮਾ ਦੀ ਮੌਜੂਦਗੀ ਮੇਰੇ ਉੱਤੇ ਇੰਨੀ ਆਈ ਕਿ ਮੈਂ ਜ਼ਮੀਨ 'ਤੇ ਡਿੱਗ ਗਿਆ। ਜਿਵੇਂ ਹੀ ਮੈਂ ਲੇਟਿਆ ਹੋਇਆ ਸੀ, ਪਵਿੱਤਰ ਆਤਮਾ ਮੈਨੂੰ ਦਰਸ਼ਨ ਦੇ ਰੂਪ ਵਿੱਚ ਸਾਰੀਆਂ ਕੌਮਾਂ ਲਈ ਉਸਦੀ ਪਿਆਸ ਬਾਰੇ ਦੱਸਣਾ ਲੱਗਾ। ਗ੍ਰਾਂਟ ਬਰੈਟਨ, ਮੇਰਾ ਦੋਸਤ ਮੇਰੇ ਨਾਲ ਜ਼ਮੀਨ 'ਤੇ ਲੇਟਿਆ ਹੋਇਆ ਸੀ, ਕਿਉਂਕਿ ਪ੍ਰਮੇਸ਼ਵਰ ਨੇ ਉਸ ਨੂੰ ਵੀ ਸਮਰੱਥ ਨਾਲ ਛੂਹਿਆ ਸੀ।

ਉੱਠਣ ਤੋਂ ਬਆਦ ਮੈਂ ਝੱਟ ਗ੍ਰਾਂਟ ਦਾ ਹੱਥ ਫੜ ਕੇ ਉਸ ਨੂੰ ਉੱਪਰ ਖਿੱਚਿਆ ਅਤੇ ਕਿਹਾ, ''ਉੱਠ! ਚੱਲੀਏ!'' ਉਸ ਨੇ ਕਿਹਾ, ''ਅਸੀਂ ਕਿੱਥੇ ਜਾਵਾਂਗੇ?'' ''ਉੱਥੇ, ਜਿੱਥੇ ਸਾਰੇ ਬਿਮਾਰ ਅਤੇ ਗੁੰਮ ਹੋਏ ਲੋਕ ਹਨ!'' ਮੈਂ ਜੋਸ਼ ਨਾਲ ਚੀਕਿਆ।

ਜਿਵੇਂ ਹੀ ਅਸੀਂ ਉਸ ਇਮਾਰਤ ਤੋਂ ਬਾਹਰ ਨਿਕਲੇ, ਅਸੀਂ ਬਿਮਾਰਾਂ ਨੂੰ ਲੱਭਣਾ ਸ਼ੁਰੂ ਕੀਤਾ ਅਤੇ ਇਹ ਦੇਖਣਾ ਸ਼ੁਰੂ ਕੀਤਾ ਕਿ ਕਿਸੇ ਦੇ ਕੰਨਾਂ ਵਿੱਚ ਸੁਣਨ ਵਾਲਾ ਯੰਤਰ ਹੈ ਜਾਂ ਕਿਸੇ ਦੇ ਹੱਥ ਵਿੱਚ ਸੋਟੀ ਹੈ ਜਾਂ ਨਹੀਂ? ਥੋੜੀ ਦੂਰ ਤੁਰਨ ਤੋਂ ਬਾਅਦ ਅਸੀਂ ਇੱਕ ਪਾਰਕ ਵਿੱਚ ਪਹੁੰਚ ਗਏ, ਜਿੱਥੇ ਕੁਝ ਬੈਂਚ, ਦਰੱਖਤ ਅਤੇ ਪੌੜੀਆਂ ਦੇ ਹੇਠਾਂ ਇੱਕ ਫੁਹਾਰਾ ਸੀ।

ਅਚਾਨਕ ਮੇਰੀ ਨਜ਼ਰ ਮੋਟਰ ਵਾਲੀ ਵ੍ਹੀਲਚੇਅਰ 'ਤੇ ਬੈਠੀ ਔਰਤ 'ਤੇ ਪਈ, ਉਹ ਲੱਗਭਗ ਚਾਲੀ ਕੁ ਸਾਲ ਦੀ ਸੀ। ਉਸ ਦੀ ਹਾਲਤ ਦੇਖ ਕੇ ਮੈਂ ਉਤੇਜਿਤ ਹੋ ਗਿਆ ਅਤੇ ਤੁਰੰਤ ਉਸ ਕੋਲ ਚੱਲਾ ਗਿਆ। ਜਦੋਂ ਤੁਸੀਂ ਵਿਸ਼ਵਾਸ ਨਾਲ ਦੇਖਦੇ ਹੋ, ਤਾਂ ਤੁਸੀਂ ਹਰ ਮਾੜੀ ਸਥਿਤੀ ਤੋਂ ਉਤਸ਼ਾਹਿਤ ਹੋ ਜਾਂਦੇ ਹੋ, ਕਿਉਂਕਿ ਤੁਸੀਂ ਜਾਣਦੇ ਹੋ ਕਿ ਜੋਂ ਤੁਹਾਡੇ ਨਾਲ ਰਹਿਣ ਵਾਲਾ ਸਰਵ ਸ਼ਕਤੀਮਾਨ ਹੈ, ਇੱਕ ਪਲ ਵਿੱਚ ਸਭ ਕੁਝ ਬਦਲ ਦੇਵੇਗਾ।

ਮੁਸਕਰਾਉਂਦੇ ਹੋਏ, ਮੈਂ ਉਸਨੂੰ ਕਿਹਾ, ''ਮੇਰਾ ਨਾਮ ਰੌਬਰਟ ਹੈ। ਇਹ ਮੇਰਾ ਦੋਸਤ ਗ੍ਰਾਂਟ ਹੈ। ਮੈਂ ਤੁਹਾਨੂੰ ਵ੍ਹੀਲਚੇਅਰ 'ਤੇ ਬੈਠੇ ਦੇਖਿਆ। ਕੀ ਮੈਂ ਤੁਹਾਡੇ ਲਈ ਪ੍ਰਾਰਥਨਾ ਕਰ ਸਕਦਾ ਹਾਂ? ਕੀ ਤੁਸੀਂ ਮੈਨੂੰ ਆਪਣੀ ਸਮੱਸਿਆ ਬਾਰੇ ਦੱਸ ਸਕਦੇ ਹੋ?''

ਉਸਨੇ ਮੈਨੂੰ ਸਮਝਾਇਆ ਕਿ ਉਸਦੀ ਰੀੜ੍ਹ ਦੀ ਹੱਡੀ ਦੇ ਵਿਚਕਾਰ ਜੋਂ ਡਿਸਕ ਹੈ, ਹੌਲੀ-ਹੌਲੀ ਇਸ ਬਿੰਦੂ ਤੱਕ ਵਿਗੜ ਗਈ ਕਿ ਇੱਕ ਹੱਡੀ ਦੂਜੀ ਨਾਲ ਰਗੜ ਰਹੀ ਸੀ। ਹੁਣ ਤੱਕ ਅਜਿਹੀਆਂ ਤਿੰਨ ਡਿਸਕਾਂ ਖਰਾਬ ਹੋ ਚੁਕੀਆਂ ਹਨ। ਮੈਂ ਉਸ ਨੂੰ ਥੋੜ੍ਹਾ ਅੱਗੇ ਝੁਕਣ ਲਈ ਕਿਹਾ ਤਾਂ ਜੋ ਮੈਂ ਉਸ ਦੀ ਪਿੱਠ 'ਤੇ ਆਪਣਾ ਹੱਥ ਰੱਖ ਸਕਾਂ। ਮੇਰੇ ਦੋਸਤ ਨੇ ਵੀ ਆਪਣਾ ਹੱਥ ਰੱਖਿਆ ਅਤੇ ਅਸੀਂ ਪ੍ਰਾਰਥਨਾ ਕੀਤੀ, ''ਪਵਿੱਤਰ ਆਤਮਾ, ਆਓ। ਯਿਸੂ ਦੇ ਨਾਮ ਵਿੱਚ ਅਸੀਂ ਇਸ ਚੰਗਾਈ ਦੀ ਸ਼ਕਤੀ ਅਤੇ ਮੌਜੂਦਗੀ ਨੂੰ ਉਨ੍ਹਾਂ ਦੀ ਪਿੱਠ ਵਿੱਚ ਵਹਿਣ ਦਿੰਦੇ ਹਾਂ। ਅਸੀਂ ਯਿਸੂ ਦੇ ਨਾਮ ਵਿੱਚ ਦਰਦ ਨੂੰ ਦੂਰ ਕਰਨ ਦਾ ਹੁਕਮ ਦਿੰਦੇ ਹਾਂ।ਯਿਸੂ ਦੇ ਨਾਮ ਵਿੱਚ ਚੰਗੀ ਹੋ ਜਾ।''

ਇੰਨੀ ਛੋਟੀ ਪ੍ਰਾਰਥਨਾ ਤੋਂ ਬਾਅਦ ਮੈਂ ਉਸ ਨੂੰ ਪੁੱਛਿਆ ਕਿ ਉਹ ਕਿਵੇਂ ਮਹਿਸੂਸ ਕਰ ਰਹੀ ਸੀ। ''ਮੈਨੂੰ ਨਹੀਂ ਪਤਾ'',ਉਸਨੇ ਕਿਹਾ। ਕੀ ਤੁਸੀਂ ਇਸ ਦੀ ਜਾਂਚ ਕਰ ਸਕਦੇ ਹੋ? ਕੀ ਤੁਸੀਂ ਕੁਝ ਅਜਿਹਾ ਕਰ ਸਕਦੇ ਹੋ ਜੋ ਤੁਸੀਂ  ਦਰਦ ਕਰਕੇ ਪਹਿਲਾਂ ਨਹੀਂ ਕਰ ਸਕਦੇ ਸੀ?''

ਉਹ ਵ੍ਹੀਲਚੇਅਰ ਦੇ ਹੱਥ ਰੱਖਣ ਵਾਲੀ ਥਾਂ ਨੂੰ ਪਕੜ ਕੇ ਹੋਲੀ-ਹੋਲੀ ਉੱਠਣ ਲੱਗੀ। ਉਸ ਦੇ ਚਿਹਰੇ ਵੱਲ ਦੇਖ ਕੇ ਮੈਂ ਸਮਝ ਗਿਆ ਕਿ ਉੱਠਣ ਵੇਲੇ ਉਸ ਨੂੰ ਡਰ ਲੱਗ ਰਿਹਾ ਸੀ ਕਿ ਕਿੱਧਰੇ ਉਸ ਨੂੰ ਦਰਦ ਦਾ ਇੱਕ ਹੋਰ ਝਟਕਾ ਨਾ ਲੱਗ ਜਾਵੇ। ਪਰ ਉਹ ਹੈਰਾਨ ਰਹਿ ਗਈ ਅਤੇ ਉਸ ਦਾ ਮੂੰਹ ਹੈਰਾਨੀ ਨਾਲ ਖੁੱਲ੍ਹ ਗਿਆ, ਅਤੇ ਉਹ ਬਿਲਕੁਲ ਸਿੱਧੀ ਹੋ ਕੇ ਹੌਲੀ-ਹੌਲੀ ਤੁਰਨ ਲੱਗੀ। ਫਿਰ ਅਚਾਨਕ, ਬਿਨਾਂ ਸੋਚੇ, ਮੈਂ ਚੀਕਿਆ ''ਭੱਜੋ!'' ਉਹ ਦੌੜਨ ਲੱਗੀ, ਪੌੜੀਆਂ ਉਤਰ ਗਈ, ਝਰਨੇ 'ਤੇ ਪਹੁੰਚੀ, ਪੌੜੀਆਂ ਚੜ੍ਹ ਕੇ ਮੇਰੇ ਕੋਲ ਆਈ ਅਤੇ ਮੈਨੂੰ ਜੱਫੀ ਪਾ ਲਈ। ਉਹ ਬਹੁਤ ਖੁਸ਼ ਸੀ ਅਤੇ ਮੁਸਕਰਾ ਰਹੀ ਸੀ। ਮੈਂ ਪੁੱਛਿਆ, ''ਕਿਵੇਂ ਲੱਗ ਰਿਹਾ ਹੈ?'' ਉਸਨੇ ਆਤਮ ਵਿਸ਼ਵਾਸ ਨਾਲ ਕਿਹਾ, ''ਕੋਈ ਦਰਦ ਨਹੀਂ! ਬਿਲਕੁਲ ਨਹੀਂ!'' ਪਿਆਰੇ, ਜਦੋਂ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਨਦੀ ਵਹਿ ਰਹੀ ਹੈ,ਤਾਂ ਅਜਿਹੇ ਚਮਤਕਾਰ ਵਾਪਰਦੇ ਹਨ।ਬੱਸ ਉਸ ਨਦੀ ਵਿੱਚ ਛਾਲ ਮਾਰੋ!

**ਰੋਜ਼ਾਨਾ ਪਵਿੱਤਰ ਆਤਮਾ ਦੀ ਮੌਜੂਦਗੀ ਦਾ ਸਤਿਕਾਰ ਕਰਨਾ**

ਪਵਿੱਤਰ ਆਤਮਾ ਦੀ ਮੌਜੂਦਗੀ ਦਾ ਅਨੁਭਵ ਕਰਨਾ ਸਾਡੀ ਪ੍ਰਾਥਮਿਕਤਾ ਇਸ ਲਈ ਨਹੀ ਹੋਣੀ ਚਾਹੀਦੀ ਤਾਂ ਜੋ ਸਾਡੀ  ਸੇਵਕਾਈ ਸਫਲ ਹੋਵੇ ਅਤੇ ਨਾ ਹੀ ਵਿਸ਼ੇਸ਼ ਮੀਟਿੰਗਾਂ ਲਈ ਹੋਣੀ ਚਾਹੀਦੀ ਹੈ ਪਰ ਉਸਦੀ ਮੌਜੂਦਗੀ ਸਾਡੇ ਦਿਨ ਪ੍ਰਤੀ ਦਿਨ ਦੀ ਅਸਲੀਅਤ ਵਿੱਚ ਹੋਣੀ ਚਾਹੀਦੀ ਹੈ।

ਕਿਸੇ ਖਾਸ ਲੋੜ ਲਈ ਤਿਆਰ ਹੋਣ ਦੀ ਬਜਾਏ, ਸਾਨੂੰ ਹਰ ਸਮੇਂ ਪਵਿੱਤਰ ਆਤਮਾ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਸਾਨੂੰ ਇੱਕ ਸਮੇਂ ਵਿੱਚ ਬਹੁਤ ਲੰਮੀ ਪ੍ਰਾਰਥਨਾ ਕਰਨ ਦੀ ਲੋੜ ਨਹੀਂ ਹੈ, ਪਰ ਸਾਡੇ ਦਿਨ ਦੀ ਹਰ ਗਤੀਵਿਧੀ ਵਿੱਚ ਉਸ ਨੂੰ ਬੁਲਾਓ ਅਤੇ ਉਸ ਉੱਤੇ ਧਿਆਨ ਕਰੋ।

ਜਿਵੇਂ ਹੀ ਦਿਨ ਸ਼ੁਰੂ ਹੁੰਦਾ ਹੈ, 5-20 ਮਿੰਟਾਂ ਲਈ ਇੱਕ ਸ਼ਾਂਤ ਜਗ੍ਹਾ ਵਿੱਚ ਬੈਠੋ ਅਤੇ ਇਸ ਤਰ੍ਹਾਂ ਪ੍ਰਾਰਥਨਾ ਕਰੋ, ''ਸ਼ੁਭ ਸਵੇਰ, ਪਵਿੱਤਰ ਆਤਮਾ। ਤੁਸੀਂ ਮੇਰੇ ਵਿੱਚ ਹੋ, ਮੇਰੇ ਨਾਲ ਹੋ। ਮੈਨੂੰ ਤੁਹਾਡੇ ਬਾਰੇ ਸਚੇਤ ਹੋਣ ਦੀ ਕਿਰਪਾ ਦਿਓ। ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਹੇ ਮੇਰੇ ਪਿਆਰੇ! , ਮੇਰਾ ਦਿਲ ਤੁਹਾਡੇ ਵਿੱਚ ਅਨੰਦ ਕਰਦਾ ਹੈ। ਕਿਰਪਾ ਦਾ ਆਤਮਾ, ਜੀਵਨ ਦਾ ਆਤਮਾ, ਇੱਕ ਅਨੁਭਵੀ ਤਰੀਕੇ ਨਾਲ ਮੇਰੇ ਵਿੱਚ ਪ੍ਰਗਟ ਹੋਵੋ.''

ਜਦੋਂ ਤੁਸੀਂ ਪ੍ਰਾਰਥਨਾ ਕਰਦੇ ਹੋ, ਤਾਂ ਹੌਲੀ ਹੌਲੀ ਬੋਲੋ ਅਤੇ ਪੂਰਾ ਧਿਆਨ ਦਿਓ। ਫਿਰ ਜਲਦੀ ਹੀ ਤੁਹਾਨੂੰ ਇਸਦੀ ਮੌਜੂਦਗੀ ਦਾ ਪਤਾ ਲੱਗ ਜਾਵੇਗਾ। ਤੁਸੀਂ ਉਸ ਦੀ ਮੌਜੂਦਗੀ ਨੂੰ ਵੱਖ-ਵੱਖ ਤਰੀਕਿਆਂ ਨਾਲ ਅਨੁਭਵ ਕਰ ਸਕਦੇ ਹੋ, ਜਿਵੇਂ ਕਿ ਸਰੀਰਕ ਤੌਰ 'ਤੇ ਤੁਸੀਂ ਉਸ ਦੀ ਮੌਜੂਦਗੀ ਨੂੰ ਆਪਣੇ ਸਿਰ, ਮੋਢਿਆਂ, ਬਾਹਾਂ, ਹੱਥਾਂ ਅਤੇ ਛਾਤੀ 'ਤੇ ਮਹਿਸੂਸ ਕਰ ਸਕਦੇ ਹੋ ਜਿਵੇਂ ਕੋਈ ਚਾਦਰ ਤੁਹਾਡੇ ਉੱਤੇ ਡਿੱਗ ਗਈ ਹੋਵੇ। ਜਾਂ ਇਹ ਗਰਮੀ, ਬਿਜਲੀ, ਵਾਈਬਰੇਸ਼ਨ ਹੋ ਸਕਦੀ ਹੈ। ਭਾਵਨਾਤਮਕ ਤੌਰ 'ਤੇ ਸ਼ਾਂਤੀ, ਹਲਕਾਪਨ, ਆਨੰਦ ਅਤੇ ਖੁਸ਼ੀ ਹੋ ਸਕਦੀ ਹੈ। ਅਤੇ ਤੁਸੀਂ ਇਹ ਵੀ ਮਹਿਸੂਸ ਕਰ ਸਕਦੇ ਹੋ ਕਿ ਪ੍ਰਮੇਸ਼ਵਰ ਨੇ ਤੁਹਾਨੂੰ ਆਪਣੀਆਂ ਬਾਹਾਂ ਵਿੱਚ ਫੜਿਆ ਹੈ, ਜਾਂ ਉਸਦਾ ਪ੍ਰਕਾਸ਼ ਤੁਹਾਡੇ ਉੱਤੇ ਝੁਲਸ ਰਿਹਾ ਹੈ, ਜਿਵੇਂ ਸੂਰਜ ਦੀ ਧੁੱਪ ਲੱਗਦੀ ਹੈ। ਤੁਸੀਂ ਦਰਸ਼ਨ ਦੇਖ ਸਕਦੇ ਹੋ ਅਤੇ ਉਸਦੀ ਅਵਾਜ਼ ਸੁਣ ਸਕਦੇ ਹੋ। ਇਹ ਇਸ ਲਈ ਹੈ ਕਿਉਂਕਿ ਉਹ ਸੱਚਮੁੱਚ ਵਾਸਤਵਿਕ ਹੈ, ਅਤੇ ਉਹ ਤੁਹਾਡੇ ਨਾਲ ਹੈ।

ਪਵਿੱਤਰ ਆਤਮਾ ਪ੍ਰਤੀ ਸੁਚੇਤ ਰਹਿੰਦੇ ਹੋਏ ਆਪਣੇ ਰੋਜ਼ਾਨਾ ਦੇ ਕੰਮਾਂ ਲਈ ਜਾਓ। ਕੰਮ ਦੇ ਦੋਰਾਨ ਉਸ ਨਾਲ ਗੱਲਬਾਤ ਕਰੋ ਅਤੇ ਦੇਖੋ ਕਿ ਕੀ ਕਿਸੇ ਨੂੰ ਪ੍ਰਾਰਥਨਾ ਦੀ ਲੋੜ ਹੈ। ਜੇਕਰ ਕਿਸੇ ਨੂੰ ਸਿਰ ਦਰਦ, ਸਰੀਰ ਵਿੱਚ

ਦਰਦ, ਐਲਰਜੀ, ਜਾਂ ਬਿਮਾਰ ਹੈ, ਤਾਂ ਉਸ ਲਈ ਪ੍ਰਾਰਥਨਾ ਕਰੋ। ਜੇਕਰ ਕਿਸੇ ਨੂੰ ਡਰ, ਉਦਾਸੀ, ਨਸ਼ਾ, ਜਾਂ ਸੰਘਰਸ਼ ਹੈ, ਤਾਂ ਪਵਿੱਤਰ ਆਤਮਾ ਦੀ ਮੌਜੂਦਗੀ ਵਿੱਚ ਆਤਮਿਕ ਅਧਿਕਾਰ ਦੀ ਵਰਤੋਂ ਕਰੋ। ਤੁਸੀਂ ਇਸ ਧਰਤੀ ’ਤੇ ਪ੍ਰਮੇਸ਼ਵਰ ਦੀ ਕਿਰਪਾ ਦੇ ਰਾਜਦੂਤ ਹੋ! ਵਿਸ਼ਵਾਸ ਦਾ ਇੱਕ ਕਦਮ ਚੁੱਕੋ!

**ਬਿਮਾਰਾਂ ਨੂੰ ਚੰਗਾ ਕਰਨਾ**

ਹੁਣ ਮੈਂ ਇਹ ਸਿਖਾਉਣਾ ਚਾਹੁੰਦਾ ਹਾਂ ਕਿ ਪਵਿੱਤਰ ਆਤਮਾ ਦੀ ਸ਼ਮੂਲੀਅਤ ਨਾਲ ਬਿਮਾਰਾਂ ਨੂੰ ਕਿਵੇਂ ਠੀਕ ਕਰਨਾ ਹੈ। ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹਾਂਗਾ ਕਿ ਬਿਮਾਰ ਨੂੰ ਚੰਗਾ ਕਰਨਾ ਬਹੁਤ ਆਸਾਨ ਕੰਮ ਹੈ! ਮੈਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਵਿਸ਼ਵਾਸੀਆਂ ਨੂੰ ਚੰਗਾਈ ਬਾਰੇ ਸਿਖਾਉਂਦਾ ਹਾਂ। ਇਹ ਕਰਨਾ ਸਧਾਰਨ, ਆਸਾਨ ਅਤੇ ਤੁਰੰਤ ਹੈ। ਮੇਰੀ ਜਿੰਦਗੀ ਵਿੱਚ ਇੱਕ ਸਮਾਂ ਅਜਿਹਾ ਸੀ ਕਿ ਬਿਮਾਰਾਂ ਲਈ ਪ੍ਰਾਰਥਨਾ ਕਰਨਾ ਮੇਰੇ ਲਈ ਵਿਸ਼ਵਾਸ ਦਾ ਸਭ ਤੋਂ ਔਖਾ ਕੰਮ ਸੀ! ਜਦੋਂ ਵੀ ਮੈਂ ਇਸ ਨੂੰ ਧਿਆਨ ਵਿੱਚ ਰੱਖ ਕੇ ਪ੍ਰਾਰਥਨਾ ਕੀਤੀ, ਮੈਂ ਬਹੁਤ ਘੱਟ ਲੋਕਾਂ ਨੂੰ ਠੀਕ ਹੁੰਦੇ ਦੇਖਿਆ। ਜਦੋਂ ਅਸੀਂ ਪ੍ਰਮੇਸ਼ਵਰ ਦੀ ਕਿਰਪਾ ਅਤੇ ਪਵਿੱਤਰ ਆਤਮਾ ਦੀ ਸ਼ਮੂਲੀਅਤ ਨੂੰ ਸਮਝਦੇ ਹਾਂ ਤਾਂ ਚੰਗਾ ਕਰਨਾ ਬਹੁਤ ਸੌਖਾ ਹੁੰਦਾ ਹੈ।

ਇਲਾਜ ਬਾਰੇ ਸਿਖਾਉਣ ਤੋਂ ਪਹਿਲਾਂ, ਮੈਂ ਇਹਨਾਂ ਦੋ ਗਵਾਹੀਆਂ ਨੂੰ ਸਾਂਝਾ ਕਰਨਾ ਚਾਹੁੰਦਾ ਹਾਂ। ਮੈਂ ਪੰਜਾਬ ਵਿੱਚ ਬਿਲਕੁਲ ਨਵੇਂ ਵਿਸ਼ਵਾਸੀਆਂ ਨੂੰ ਪਵਿੱਤਰ ਆਤਮਾ ਅਤੇ ਚੰਗਾਈ ਦੀ ਪ੍ਰਾਰਥਨਾ ਬਾਰੇ ਸਿਖਾ ਰਿਹਾ ਸੀ। ਜਿਆਦਾਤਰ ਵਿਸ਼ਵਾਸੀ ਦੂਜੇ ਧਰਮਾਂ ਤੋਂ ਆਏ ਸਨ, ਅਤੇ ਉਹ ਇੱਕ ਮਹੀਨੇ ਤੋਂ ਹੀ ਪ੍ਰਭੂ ਯਿਸੂ ਵਿੱਚ ਵਿਸ਼ਵਾਸ ਵਿੱਚ ਸਨ। ਪ੍ਰਭਾਵਸ਼ਾਲੀ ਸਿਖਲਾਈ ਤੋਂ ਤੁਰੰਤ ਬਾਅਦ ਉਹ ਆਪੋ-ਆਪਣੇ ਪਿੰਡਾਂ ਨੂੰ ਚਲੇ ਗਏ।

ਇੱਕ ਜੁਆਨ ਮੁੰਡਾ ਆਪਣੇ ਪਿੰਡ ਦੀ ਕੰਧ ਉੱਤੇ ਬੈਠਾ ਆਪਣੇ ਦੋਸਤਾਂ ਨਾਲ ਗੱਲਾਂ ਕਰ ਰਿਹਾ ਸੀ। ਅਚਾਨਕ ਪਵਿੱਤਰ ਆਤਮਾ ਦੀ ਅਵਾਜ਼ ਸੁਣਾਈ ਦਿੱਤੀ, ’’ਉੱਠ ਅਤੇ ਉਸ ਘਰ ਵਿੱਚ ਚਲਾ ਜਾ। ਉੱਥੇ ਤੁਹਾਨੂੰ ਇੱਕ ਬਜ਼ੁਰਗ ਔਰਤ ਮਿਲੇਗੀ ਜੋ ਦੁਸ਼ਟ ਆਤਮਾਂ ਤੋਂ ਪੀੜਤ ਹੈ। ਉਸ ਲਈ ਪ੍ਰਾਰਥਨਾ ਕਰੋ।’’ ਪਵਿੱਤਰ ਆਤਮਾਂ ਦੀ ਅਵਾਜ਼ ਸੁਣ ਕੇ ਉਹ ਉਸ ਦੇ ਘਰ ਚਲਾ ਗਿਆ ਅਤੇ ਦਰਵਾਜ਼ਾ ਖੜਕਾਇਆ। ਉਸਨੇ ਪੁੱਛਿਆ ਕਿ ਕੀ ਇੱਥੇ ਕੋਈ ਬੁੱਢੀ ਮੁਸੀਬਤ ਵਿੱਚ ਸੀ? ਉਸ ਨੂੰ ਪਤਾ ਲੱਗਾ ਕਿ ਉੱਥੇ ਇੱਕ ਔਰਤ ਰਹਿੰਦੀ ਸੀ ਜੋ ਪੂਰੀ ਤਰ੍ਹਾਂ ਬੋਲ਼ੀ ਹੋ ਚੁੱਕੀ ਸੀ। ਉਸਨੇ ਇੱਕ ਸਧਾਰਨ ਪ੍ਰਾਰਥਨਾ ਕਰਕੇ ਦੁਸ਼ਟ ਆਤਮਾ ਨੂੰ ਆਗਿਆ ਦਿੱਤਾ ਅਤੇ ਉਹ ਤੁਰੰਤ ਜ਼ਮੀਨ ’ਤੇ ਡਿੱਗ ਪਈ ਜਿਵੇਂ ਕਿ ਉਹ ਮਰ ਗਈ ਸੀ। ਮੁੰਡਾ ਹੈਰਾਨ ਰਹਿ ਗਿਆ। ਥੋੜੀ ਦੇਰ ਬਾਅਦ ਉਹ ਔਰਤ ਖੜ੍ਹੀ ਹੋ ਗਈ ਅਤੇ ਸਾਫ਼-ਸਾਫ਼ ਸੁਣਨ ਲੱਗੀ!

ਇੱਕ ਹੋਰ ਮੁੰਡਾ ਦੋਸਤਾਂ ਨਾਲ ਕ੍ਰਿਕਟ ਖੇਡ ਰਿਹਾ ਸੀ। ਖੇਡਦੇ ਹੋਏ, ਉਸਨੇ ਇੱਕ ਹੋਰ ਲੜਕੇ ਦੀ ਗਰਦਨ ਵਿੱਚ ਇੱਕ ਰਸੌਲੀ ਦੇਖੀ ਜੋ ਲਗਭਗ ਇੱਕ ਅਖਰੋਟ ਦੇ ਆਕਾਰ ਦਾ ਸੀ। ਉਸਨੇ ਕਿਹਾ, ਯਿਸੂ ਦੇ ਨਾਮ ਤੇ ਮੈਂ ਉਸਨੂੰ ਅਲੋਪ ਕਰ ਸਕਦਾ ਹਾਂ।ਹੈਰਾਨ ਹੋ ਕੇ ਉਸਨੇ ਪੁੱਛਿਆ, ’’ਇਹ ਕਿਵੇਂ ਸੰਭਵ ਹੈ?’’ ’’ਮੈਂ ਯਿਸੂ ਦੇ ਨਾਮ ਵਿੱਚ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ, ਫਿਰ ਤੁਸੀਂ ਦੇਖੋਗੇ।’’ ਉਸ ਨੇ ਟਿਊਮਰ ’ਤੇ ਹੱਥ ਰੱਖ ਕੇ ਪ੍ਰਾਰਥਨਾ ਕੀਤੀ। ਜਿਵੇਂ ਹੀ ਉਸਨੇ ਆਪਣਾ ਹੱਥ ਹਟਾਇਆ, ਰਸੌਲੀ ਗਾਇਬ ਹੋ ਗਈ!

ਪਰ ਬਹੁਤ ਸਾਰੇ ਵਿਸ਼ਵਾਸੀ ਇਸ ਗੱਲ ਤੋਂ ਡਰਦੇ ਹਨ ਕਿ ਜੇ ਚੰਗਾਈ ਨਾਂ ਮਿਲੀ ਤਾਂ ਕੀ ਹੋਵੇਗਾ? ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਕੁਝ ਨਾ ਹੋਵੇ, ਪਰ ਕਿਸੇ ਦਾ ਨੁਕਸਾਨ ਤਾਂ ਨਹੀਂ ਹੋਇਆ ਅਤੇ ਨਾ ਹੀ ਸਾਡਾ ਕੁਝ ਗੁਆਚਿਆ ਹੈ। ਉਨ੍ਹਾਂ ਮਰੇ ਹੋਏ ਲੋਕਾਂ ਬਾਰੇ ਸੋਚੋ ਜਿਨ੍ਹਾਂ ਨੇ ਡਾਕਟਰਾਂ ਦੇ ਹੱਥੋਂ ਮੌਤ ਨੂੰ ਬਹੁਤ ਸਾਰਾ ਪੈਸਾ ਦੇ ਕੇ ਖਰੀਦਿਆ ਸੀ। ਉਹਨਾਂ ਦੀ ਗਿਣਤੀ ਅਣਗਿਣਤ ਹੈ! ਕੀ ਅਸੀਂ ਇਹ ਸਾਰੇ ਸਿਹਤ ਕੇਂਦਰ ਬੰਦ ਕਰ ਸਕਦੇ ਹਾਂ? ਨਹੀ। ਪਰ ਅਸੀਂ ਸਿੱਖ ਕੇ ਅਤੇ ਬਿਹਤਰ ਤਰੀਕੇ ਨਾਲ ਲੋਕਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਵਿਸ਼ਵਾਸ ਅਤੇ ਪ੍ਰਾਰਥਨਾ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੀ, ਅਤੇ ਇਹ ਕਿਸੇ ਵੀ ਕਿਸਮ ਦੀ ਦਵਾਈ ਅਤੇ ਇਲਾਜ

ਨਾਲੋਂ ਬਿਹਤਰ ਹੈ! ਜਦੋਂ ਤੁਸੀਂ ਵਿਸ਼ਵਾਸ ਵਿੱਚ ਕਦਮ ਵਧਾਉਂਦੇ ਹੋ ਤਾਂ ਪਵਿੱਤਰ ਆਤਮਾ ਤੁਹਾਨੂੰ ਸਿਖਾਏਗੀ। ਭਾਵੇਂ ਤੁਹਾਡੀ ਪ੍ਰਾਰਥਨਾ ਅਸਫਲ ਵੀ ਹੋ ਜਾਂਦੀ ਹੈ, ਫਿਰ ਵੀ ਤੁਸੀ ਸਿੱਖੋਗੇ ਅਤੇ ਅਭਿਆਸ ਕਰਦੇ ਕਰਦੇ ਵਿਸ਼ਵਾਸ ਵਿੱਚ ਮਜ਼ਬੂਤ ਹੋਵੋਗੇ!

**ਪਿਤਾ ਅਤੇ ਪੁੱਤਰ ਦਾ ਆਦਰ ਕਰਨਾ**

ਸਭ ਤੋਂ ਪਹਿਲਾ ਕਦਮ ਇਹ ਹੈ ਕਿ ਪਿਤਾ ਅਤੇ ਪੁੱਤਰ ਦੁਆਰਾ ਕੀਤੇ ਹੋਏ ਕੰਮਾਂ ਦਾ ਸਤਿਕਾਰ ਕਰਨਾ ਅਤੇ ਉਸ ਉੱਪਰ ਪੂਰਾ ਭਰੋਸਾ ਕਰਨਾ। ਪਵਿੱਤਰ ਆਤਮਾ ਕੋਈ ਨਵਾਂ ਕੰਮ ਨਹੀਂ ਕਰ ਰਹੀ ਹੈ। ਉਸਦਾ ਇੱਕ ਹੀ ਕੰਮ ਸੀ ਅਤੇ ਹੈ, ਅਤੇ ਉਹ ਕੰਮ ਹੈ ਯਿਸੂ ਦੀ ਮਹਿਮਾ ਕਰਨਾ (ਯੂਹੰਨਾ 16:14)। ਉਹ ਯਿਸੂ ਦੀ ਵਡਿਆਈ ਕਿਵੇਂ ਕਰਦਾ ਹੈ? ਇਹ ਉਨ੍ਹਾਂ ਕੰਮਾਂ ਨੂੰ ਪ੍ਰਗਟ ਕਰਦਾ ਹੈ ਜੋ ਯਿਸੂ ਨੇ ਕੀਤੇ ਸਨ।

ਪਿਤਾ ਨੇ ਹਰ ਬਿਮਾਰੀ ਨੂੰ ਜੜ੍ਹ ਤੋਂ ਪੁੱਟ ਕੇ ਯਿਸੂ ਉੱਪਰ ਪਾ ਦਿੱਤਾ ਹੈ ਜੋ ਇਤਿਹਾਸ ਵਿੱਚ ਕਦੇ ਮਨੁੱਖ ਨਾਲ ਵਾਪਰੀਆਂ ਜਾਂ ਕਦੇ ਦੁਬਾਰਾ ਵਾਪਰਨ ਗੀਆਂ (ਯਸਾਯਾਹ 53:10)। ਹਰ ਇੱਕ ਦਰਦ, ਬੀਮਾਰੀ, ਦੁੱਖ ਅਤੇ ਰੋਗ ਯਿਸੂ ਦੇ ਸਰੀਰ ਵਿੱਚ ਖਤਮ ਹੋ ਗਈ ਹੈ। ਯਸਾਯਾਹ 53:10 ਕਹਿੰਦਾ ਹੈ ਕਿ ਉਸਨੇ ਉਸਨੂੰ ਬਿਮਾਰ ਕਰ ਦਿੱਤਾ। ਪਿਤਾ ਬੀਮਾਰ ਨਹੀਂ ਸਨ, ਅਤੇ ਨਾਂ ਹੀ ਸਵਰਗ ਦੇ ਭੰਡਾਰਿਆਂ ਵਿਚ ਕੋਈ ਬੀਮਾਰੀਂ ਹੈ। ਪਿਤਾ ਨੇ ਸਾਡੀਆਂ ਬਿਮਾਰੀਆਂ ਅਤੇ ਦੁੱਖ ਕਰਕੇ ਹੀ ਆਪਣੇ ਇਕਲੌਤੇ ਪੁੱਤਰ ਨੂੰ ਉਨ੍ਹਾਂ ਤੋਂ ਹੀ ਦੁਖ ਝੱਲਵਾਏ। ਜਿੱਥੋਂ ਤੱਕ ਪਿਤਾ ਸਮਝਦਾ ਹੈ, ਮਨੁੱਖ ਨੂੰ ਰੋਗਾਂ ਤੋਂ ਬਚਾਉਣ ਅਤੇ ਠੀਕ ਕਰਨ ਦਾ ਕੰਮ ਖਤਮ ਹੋ ਗਿਆ ਹੈ।

ਯਿਸੂ ਸਾਡੀਆਂ ਬਿਮਾਰੀਆਂ, ਪੀੜਾਂ ਅਤੇ ਦੁੱਖਾਂ ਨੂੰ ਆਪਣੇ ਸਰੀਰ ਵਿੱਚ ਉੱਠਾ ਚੁੱਕਿਆ ਹੈ।(ਯਸਾਯਾਹ 53:4, ਮੱਤੀ 8:17)। ਉਸ ਨੇ ਸਾਡੀਆਂ ਬੀਮਾਰੀਆਂ ਨੂੰ ਆਪਣੇ ਉੱਪਰ ਝੱਲਿਆ ਤਾਂ ਜੋ ਅਸੀਂ ਉਨ੍ਹਾਂ ਤੋਂ ਮੁਕਤ ਹੋ ਸਕੀਏ। ਯਿਸੂ ਸਾਡੇ ਬੀਮਾਰ ਹੋਣ ਤੇ ਸਾਡੇ ਨਾਲ ਹਮਦਰਦੀ ਕਰਨ ਲਈ ਨਹੀਂ ਆਇਆ ਅਤੇ ਨਾ ਹੀ ਸਾਡੀ ਬੀਮਾਰੀ ਵਿਚ ਸਾਡਾ ਸਮਰਥਨ ਕਰਨ ਲਈ ਆਇਆ ਸੀ। ਉਹ ਸਾਡਾ ਪ੍ਰਾਸਚਿਤ ਹੈ। ਉਸ ਨੇ ਸਾਡੀਆਂ ਬੀਮਾਰੀਆਂ ਨੂੰ ਸਹਿ ਲਿਆ ਤਾਂਕਿ ਅਸੀਂ ਹੋਰ ਬੀਮਾਰ ਨਾ ਰਹੀਏ। ਜਿੱਥੋਂ ਤੱਕ ਯਿਸੂ ਸੋਚਦਾ ਹੈ, ਬਿਮਾਰੀ ਪੂਰੀ ਤਰ੍ਹਾਂ ਖਤਮ ਹੋ ਗਈ ਹੈ।

ਪਿਤਾ ਅਤੇ ਯਿਸੂ ਨੇ ਜੋ ਕੀਤਾ ਹੈ ਉਸਨੂੰ ਨਜ਼ਰਅੰਦਾਜ਼ ਕਰਨਾ ਅਤੇ ਭਰੋਸਾ ਨਾ ਕਰਨਾ ਪ੍ਰਾਰਥਨਾ ਵਿੱਚ ਸਭ ਤੋਂ ਵੱਡੀ ਗਲਤੀ ਹੈ, ਜੋ ਵਿਸ਼ਵਾਸੀ ਕਰਦੇ ਹਨ। ਸੰਸਾਰ ਦੇ ਦੇਸ਼ਾਂ ਵਿੱਚ ਲੋਕ ਪਿਤਾ ਅਤੇ ਯਿਸੂ ਨੂੰ ਪੁਕਾਰ ਰਹੇ ਹਨ ਅਤੇ ਪਿਤਾ ਅਤੇ ਯਿਸੂ ਨੇ ਅਸਲ ਵਿੱਚ ਜੋਂ ਕੀਤਾ ਸੀ ਲਈ ਬੇਨਤੀ ਕਰ ਰਹੇ ਹਨ। ਜੇ ਅਸੀਂ ਪ੍ਰਮੇਸ਼ਵਰ ਤੋਂ ਉਹਨਾਂ ਕੰਮਾਂ ਲਈ ਪ੍ਰਰਾਥਨਾ ਕਰਦੇ ਹਾਂ ਜੋ ਉਸਨੇ ਪਹਿਲਾਂ ਹੀ ਕੀਤੇ ਹਨ, ਤਾਂ ਇਹ ਪੂਰੀ ਤਰ੍ਹਾਂ ਅਵਿਸ਼ਵਾਸ ਹੈ। ਜੇ ਅਸੀਂ ਉਹ ਮੰਗਦੇ ਹਾਂ ਜੋਂ ਸਾਨੂੰ ਪਹਿਲਾਂ ਹੀ ਮਿੱਲ ਚੁਕਿਆ ਹੈ, ਫਿਰ ਅਸੀਂ ਉਸਨੂੰ ਅਵਿਸ਼ਵਾਸ ਦੇ ਕਾਰਨ ਨਹੀਂ ਪ੍ਰਾਪਤ ਕਰ ਸਕਦੇ। ਵਿਸ਼ਵਾਸ ਸਿਰਫ਼ ਉਹੀ ਪ੍ਰਾਪਤ ਕਰਦਾ ਹੈ ਜੋ ਪਰਮੇਸ਼ੁਰ ਨੇ ਕਿਰਪਾ ਵਿੱਚ ਪਹਿਲਾਂ ਹੀ ਦੇ ਦਿੱਤਾ ਹੈ।

ਪਹਿਲਾ ਕਦਮ ਇਹ ਹੈ ਕਿ ਪ੍ਰਮੇਸ਼ਵਰ ਦੇ ਕੀਤੇ ਹੋਏ ਕੰਮਾਂ ਤੇ ਇਸ ਤਰ੍ਹਾਂ ਭਰੋਸਾ ਕਰਨਾ ਹੈ ਕਿ ਭਾਵੇਂ ਅਸੀਂ ਬਿਮਾਰੀ ਦੇ ਲੱਛਣਾਂ ਨੂੰ ਦੇਖੀਏ ਜਾਂ ਮਹਿਸੂਸ ਕਰੀਏ, ਫਿਰ ਵੀ ਅਸੀਂ ਉਸ ਦੇ ਕੀਤੇ ਕੰਮਾਂ ਵਿੱਚ ਭਰੋਸਾ ਰੱਖਾਂਗੇ। ਮੈਂ ਹਜ਼ਾਰਾਂ ਲਈ ਪ੍ਰਾਰਥਨਾ ਕੀਤੀ। ਮੈਂ ਸੈਂਕੜੇ ਚਮਤਕਾਰਾਂ ਅਤੇ ਹਜ਼ਾਰਾਂ ਚੰਗਾਈਆਂ ਦਾ ਗਵਾਹ ਹਾਂ। ਜਦੋਂ ਮੈਂ ਉਨ੍ਹਾਂ ਲੋਕਾਂ ਲਈ ਪ੍ਰਾਰਥਨਾ ਕੀਤੀ, ਮੈਂ ਇੱਕ ਵਾਰ ਵੀ ਪਿਤਾ ਅਤੇ ਯਿਸੂ ਨੂੰ ਉਨ੍ਹਾਂ ਨੂੰ ਠੀਕ ਕਰਨ ਲਈ ਬੇਨਤੀ ਨਹੀਂ ਕੀਤੀ। ਕਿਉਂ? ਕਿਉਂਕਿ ਉਸਨੇ ਉਨ੍ਹਾਂ ਨੂੰ ਪਹਿਲਾਂ ਹੀ ਚੰਗਾ ਕੀਤਾ ਸੀ।

**ਪਵਿੱਤਰ ਆਤਮਾ ਦੇ ਹੱਥ ਨਾਲ ਅਗਵਾਈ ਕਰਨਾ**

ਅਗਲਾ ਕਦਮ ਪਵਿੱਤਰ ਆਤਮਾ ਦੀ ਵਿਅਕਤੀਗਤ, ਮੌਜੂਦਗੀ ਅਤੇ ਸ਼ਕਤੀ ਨੂੰ ਸੱਦਾ ਦੇਣਾ ਹੈ। ਪਵਿੱਤਰ ਆਤਮਾ 'ਤੇ ਮਨਨ ਕਰਨ ਲਈ ਕੁਝ ਸਮਾਂ ਕੱਢੋ, ਜਲਦਬਾਜ਼ੀ ਨਾ ਕਰੋ। ਜਿਸ ਸਮੱਸਿਆ ਦਾ ਤੁਸੀਂ ਸਾਹਮਣਾ ਕਰ ਰਹੇ ਹੋ, ਉਸ ਨਾਲੋਂ ਪਵਿੱਤਰ ਆਤਮਾ ਪ੍ਰਤੀ ਵਧੇਰੇ ਚੇਤੰਨ ਬਣਨਾ। ਪਵਿੱਤਰ ਆਤਮਾ ਨੂੰ ਦੱਸੋ ਕਿ ਤੁਸੀਂ ਉਸਨੂੰ ਪਿਆਰ ਕਰਦੇ ਹੋ। ਉਸਨੂੰ ਜੱਫੀ ਪਾਓ! ਉਸਨੂੰ ਕਹੋ ''ਪਵਿੱਤਰ ਆਤਮਾ, ਮੈਂ ਤੁਹਾਡੇ ਬਿਨਾਂ ਪ੍ਰਾਰਥਨਾ ਨਹੀਂ ਕਰਨਾ ਚਾਹੁੰਦਾ।''

ਫਿਰ ਬਸ (1) ਦੁਖੀ ਉੱਪਰ ਆਪਣਾ ਹੱਥ ਰੱਖੋ (2) ਵਿਸ਼ਵਾਸ ਦੁਆਰਾ ਪਵਿੱਤਰ ਆਤਮਾ ਦੇ ਕੰਮ ਦੀ ਉਮੀਦ ਕਰੋ ਅਤੇ ਕਹੋ, ''ਪਵਿੱਤਰ ਆਤਮਾ, ਤੁਹਾਡੀ ਮੌਜੂਦਗੀ ਅਤੇ ਸ਼ਕਤੀ ਇੱਥੇ ਵਗਣ ਦਿਓ।'' (3) ਦਰਦ, ਰੋਗ, ਰਸੌਲੀ, ਦੁਸ਼ਟ ਆਤਮਾ ਆਦਿ ਨੂੰ ਹੁਕਮ ਦਿਓ, ''ਦਰਦ ਅਤੇ ਕਸ਼ਟ ਦੇਣ ਵਾਲੀ ਆਤਮਾ, ਇਸ ਸਰੀਰ ਨੂੰ ਛੱਡ ਕੇ ਇਸੇ ਸਮੇਂ ਤੋਂ ਦੂਰ ਹੋ ਜਾ!'' (4) ਅੰਤ ਵਿੱਚ ਪਰਮੇਸ਼ਵਰ ਦਾ ਸ਼ੁਕਰਾਨਾ ਕਰੋ।

ਕਿ ਹੋਵੇਗਾ ਜਕਰ ਪ੍ਰਾਰਥਨਾ ਦੇ ਦੌਰਾਨ ਤੁਹਾਡਾ ਦਰਦ ਦੂਰ ਹੋ ਗਿਆ, ਕੀ ਤੁਸੀਂ ਇਸ ਲੱਛਣ ਦੇ ਕਾਰਨ ਪਰਮੇਸ਼ਵਰ ਦਾ ਧੰਨਵਾਦ ਕਰੋਗੇ? ਤੁਸੀ ਕਰ ਸਕਦੇ ਹਾ। ਪਰ ਸਾਡਾ ਧੰਨਵਾਦ ਇਸ ਵਰਤਮਾਨ ਵਿਸ਼ੇਸ਼ਤਾ ਦੇ ਅਨੁਸਾਰ ਨਹੀਂ ਹੋਣਾ ਚਾਹੀਦਾ ਹੈ। ਤੁਹਾਨੂੰ ਇਸ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿਉਂਕਿ ਯਿਸੂ ਨੇ 2,000 ਸਾਲ ਪਹਿਲਾਂ ਇਹ ਦਰਦ ਝੱਲਿਆ ਸੀ। ਜੇਕਰ ਤੁਸੀਂ ਵਰਤਮਾਨ ਦੀਆਂ ਬਰਕਤਾਂ ਲਈ ਹੀ ਪਰਮੇਸ਼ਵਰ ਦਾ ਸ਼ੁਕਰਾਨਾ ਕਰੋਗੇ, ਤਾਂ ਤੁਸੀਂ ਅਵਿਸ਼ਵਾਸ ਵਿੱਚ ਪੈ ਸਕਦੇ ਹੋ। ਜੇ 20 ਮਿੰਟਾਂ ਬਾਅਦ ਉਹੀ ਦਰਦ ਵਾਪਸ ਆ ਜਾਵੇ ਤਾਂ ਕੀ ਹੋਵੇਗਾ? ਕੀ ਤੁਸੀਂ ਉਸ ਸਮੇਂ ਧੰਨਵਾਦ ਕਰੋਗੇ? ਤੁਸੀਂ ਕਹਿ ਸਕਦੇ ਹੋ, ''ਮੈਂ ਸੋਚਿਆ ਕਿ ਮੈਂ ਠੀਕ ਹੋ ਗਿਆ ਹਾਂ, ਪਰ ਦਰਦ ਦੁਬਾਰਾ ਹੋਣ ਦੇ ਕਾਰਣ ਮੇਰਾ ਅੰਦਾਜ਼ਾ ਹੈ ਕਿ ਮੈਂ ਚੰਗਾ ਨਹੀਂ ਹੋਇਆ ਹਾਂ।'' ਪਰ ਜੇਕਰ ਤੁਹਾਡਾ ਧਿਆਨ ਅਤੇ ਵਿਸ਼ਵਾਸ ਸਲੀਬ ਦੇ ਕੰਮਾਂ ਉੱਤੇ ਟਿਕਿਆ ਹੈ, ਤਾਂ ਤੁਸੀਂ ਹਮੇਸ਼ਾ ਪਰਮੇਸ਼ੁਰ ਦਾ ਧੰਨਵਾਦ ਕਰ ਸਕਦੇ ਹੋ, ਨਾ ਹੀ ਤੁਸੀਂ ਸ਼ੱਕ ਵਿੱਚ ਫਸੋਗੇ।

**ਇਸ ਤਰ੍ਹਾਂ ਵਿਸ਼ਵਾਸ ਕਰਨਾ ਅਤੇ ਪ੍ਰਾਰਥਨਾ ਕਰਨਾ ਸੌਖਾ ਹੈ।**

1. ਪਵਿੱਤਰ ਆਤਮਾ ਦੀ ਮੌਜੂਦਗੀ ਲਈ ਕੰਮ ਕਰਨ ਲਈ ਹੱਥ ਰੱਖਣਾ

2. ਇਹ ਵਿਸ਼ਵਾਸ ਕਰਨਾ ਕਿ ਪਵਿੱਤਰ ਆਤਮਾ ਤੁਹਾਡੇ ਦੁਆਰਾ ਸ਼ਕਤੀ ਦੇ ਨਾਲ ਵਹਿ ਰਿਹਾ ਹੈ

3. ਸਾਰੇ ਚਿੰਨ੍ਹ ਅਤੇ ਸਾਰੀਆਂ ਦੁਸ਼ਟ ਆਤਮਾਂਵਾ ਨੂੰ ਹੁਕਮ ਦੇਣਾ

4. ਪ੍ਰਮੇਸ਼ਵਰ ਦਾ ਧੰਨਵਾਦ ਕਰਨਾ

ਜਦੋਂ ਪਵਿੱਤਰ ਆਤਮਾ ਤੁਹਾਨੂੰ ਵੱਖ-ਵੱਖ ਵਰਦਾਨ ਦਿੰਦਾ ਹੈ, ਭਾਵੇਂ ਬੁੱਧੀ ਦਾ ਗਿਆਨ, ਗਿਆਨ ਦਾ ਬਚਨ, ਜਾਂ ਆਤਮਾਵਾਂ ਨੂੰ ਪਰਖਣ ਦਾ ਵਰਦਾਨ, ਤਾਂ ਉਸ ਪ੍ਰਕਾਸ਼ਨ ਦੇ ਅਨੁਸਾਰ ਬਿਮਾਰਾਂ ਲਈ ਪ੍ਰਾਰਥਨਾ ਕਰੋ! ਯਾਦ ਰੱਖੋ ਕਿ ਪ੍ਰਾਰਥਨਾ ਪਵਿੱਤਰ ਆਤਮਾ ਨਾਲ ਇੱਕ ਰਿਸ਼ਤਾ ਹੈ, ਇਹ ਕੋਈ ਢੰਗ ਨਹੀਂ ਹੈ।

**ਦੁਸ਼ਟ ਆਤਮਾਂਵਾ ਨੂੰ ਕੱਢਣ**

ਪੱਛਮੀ ਦੇਸ਼ਾ ਦੇ ਈਸਾਈ ਚਰਚਾਂ ਵਿਚ ਬਾਈਬਲ ਵਿੱਚੋਂ ਸਭ ਤੋਂ ਵੱਡਾ ਅੰਤਰ ਦੁਸ਼ਟ ਆਤਮਾਂ ਨੂੰ ਕੱਢਣ ਦੇ ਕੰਮ ਵਿਚ ਹੈ। ਜਿੱਥੇ ਵੀ ਯਿਸੂ ਗਿਆ, ਉਸਨੇ ਲਗਾਤਾਰ ਲੋਕਾਂ ਵਿੱਚੋਂ ਦੁਸ਼ਟ ਆਤਮਾਂ ਨੂੰ ਕੱਢਿਆ, ਖਾਸ ਕਰਕੇ ਚਰਚਾਂ ਵਿੱਚ (ਮਰਕੁਸ 1:39)! ਸ਼ੈਤਾਨ ਅਗਿਆਨਤਾ ਅਤੇ ਉਲਝਣ ਵਿਚ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਦਾ ਹੈ, ਅਤੇ ਉਹ ਜਿਆਦਾਤਰ ਕਲੀਸਿਯਾਵਾਂ ਵਿਚ ਉਹ ਲੁਕਣ ਵਿਚ ਸਫਲ ਹੁੰਦਾ ਹੈ!

ਕੀ ਤੁਸੀਂ ਜਾਣਦੇ ਹੋ ਕਿ ਇੱਕ ਵਿਸ਼ਵਾਸੀ ਹੋਣ ਦਾ ਪਹਿਲਾ ਸਬੂਤ ਇੱਕ ਦੁਸ਼ਟ ਆਤਮਾਂ ਨੂੰ ਕੱਢਣਾ ਹੈ (ਮਰਕੁਸ 16:17)? ਦੁਸ਼ਟ ਆਤਮਾਂ ਦਾ ਸਾਹਮਣਾ ਕਰਨਾ ਅਤੇ ਬਾਹਰ ਕੱਢਣਾ ਕੋਈ ਅਸਾਧਾਰਨ ਘਟਨਾ ਨਹੀਂ ਹੈ, ਪਰ ਵਿਸ਼ਵਾਸੀ ਲਈ ਇੱਕ ਆਮ ਕੰਮ ਹੋਣਾ ਚਾਹੀਦਾ।

ਘੱਟੋ-ਘੱਟ 50 ਪ੍ਰਤਿਸ਼ਤ ਚੰਗਾਈਆਂ ਜੋ ਮੈਂ ਦੇਖੀਆਂ ਹਨ ਉਹ ਦੁਸ਼ਟ ਆਤਮਾਂ ਨੂੰ ਕੱਢਣ ਦੁਆਰਾ ਹੋਈਆਂ ਹਨ। ਜੇ ਇਹ ਸਰੀਰਕ ਬਿਮਾਰੀਆਂ ਲਈ ਸੱਚ ਹੈ, ਤਾਂ ਤੁਹਾਨੂੰ ਯਕੀਨ ਕਰਨਾ ਚਾਹੀਦਾ ਹੈ ਕਿ ਘੱਟੋ-ਘੱਟ 50 ਪ੍ਰਤੀਸ਼ਤ ਭਾਵਨਾਤਮਕ, ਮਾਨਸਿਕ, ਅਧਿਆਤਮਿਕ ਅਤੇ ਰਿਸ਼ਤਿਆਂ ਦੀਆਂ ਸਮੱਸਿਆਵਾਂ ਵੀ ਦੁਸ਼ਟ ਆਤਮਾਂ ਕਾਰਨ ਹੁੰਦੀਆਂ ਹਨ।

ਦੁਸ਼ਟ ਆਤਮਾਵਾਂ ਦੀ ਪਛਾਣ ਕਰਨ ਵਿੱਚ ਅਸੀਂ ਸਭ ਤੋਂ ਵੱਡੀ ਗਲਤੀ ਇਹ ਕਰਦੇ ਹਾਂ ਕਿ ਅਸੀਂ ਅਜਿਹੇ ਸਪੱਸ਼ਟ ਲੋਕਾਂ ਨੂੰ ਜਿਵੇਂ ਪਾਗਲ, ਬਲਾਤਕਾਰੀ ਜ਼ਾ ਕਾਤਲ ਨੂੰ ਦੁਸ਼ਟ ਆਤਮਾਂ ਦੁਆਰਾ ਗ੍ਰਸਤ ਸਮਝਦੇ ਹਾਂ, ਪਰ ਅਸੀਂ ਉਨ੍ਹਾਂ ਲੋਕਾਂ ਨੂੰ ਜੋ ਰੋਜ਼ਾਨਾ ਅਧਾਰ ’ਤੇ ਸਾਡੇ ਨੇੜੇ ਰਹਿੰਦੇ ਹਨ, ਦੁਸਟ ਆਤਮਾਂ ਗ੍ਰਸਤ ਨਹੀ ਸਮਝਦੇ ਹਾਂ। ਜਿਸ ਤਰ੍ਹਾਂ ਸਰੀਰਕ ਬਿਮਾਰੀਆਂ ਦੇ ਵੱਖੋ-ਵੱਖਰੇ ਲੱਛਣ ਅਤੇ ਤੀਬਰਤਾ ਦੀ ਸੀਮਾਂ ਹੁੰਦੀ ਹੈ, ਉਸੇ ਤਰ੍ਹਾਂ ਦੁਸ਼ਟ ਆਤਮਾਵਾਂ ਦੇ ਵੀ ਵੱਖੋ-ਵੱਖਰੇ ਲੱਛਣ ਅਤੇ ਤੀਬਰਤਾ ਹੁੰਦੀ ਹੈ। ਜਿਸ ਤਰ੍ਹਾਂ ਕਿਸੇ ਨੂੰ ਜ਼ੁਕਾਮ, ਪਿੱਠ ਦਰਦ, ਜਾਂ ਦੰਦਾਂ ਦਾ ਦਰਦ ਹੋ ਸਕਦਾ ਹੈ ਅਤੇ ਉਹ ਦੂਜਿਆਂ ਲਈ ਬਿਲਕੁਲ ਤੰਦਰੁਸਤ ਦਿਖਾਈ ਦਿੰਦਾ ਹਨ, ਉਸੇ ਤਰ੍ਹਾਂ ਕਿਸੇ ਤੇ ਦੁਸ਼ਟ ਆਤਮਾਂ ਦਾ ਪ੍ਰਭਾਵ ਹੋ ਸਕਦਾ ਹੈ ਅਤੇ ਉਹ ਬਿਲਕੁਲ ਠੀਕ ਦਿਖਾਈ ਦਿੰਦਾ ਹੈ। ਜੇਕਰ ਕਿਸੇ ਵਿਅਕਤੀ ਵਿੱਚ ਗੰਭੀਰ ਦੁਸ਼ਟ ਆਤਮਾਂ ਦਾ ਲੱਛਣ ਨਹੀਂ ਦਿਖਾ ਰਿਹਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਦੁਸ਼ਟ ਆਤਮਾਂ ਗੁਪਤ ਰੂਪ ਵਿੱਚ ਕੰਮ ਨਹੀਂ ਕਰ ਰਿਹਾ ਹੈ।

ਡਰ, ਚਿੰਤਾ, ਕ੍ਰੋਧ, ਕਾਮ, ਉਦਾਸੀ, ਸ਼ਰਮ ਅਤੇ ਦੋਸ਼ ਭਾਵਨਾ ਦੁਸ਼ਟ ਆਤਮਾਂ ਦੀ ਮੌਜੂਦਗੀ ਦਾ ਸਪੱਸ਼ਟ ਸਬੂਤ ਹਨ। ਕੀ ਹਰ ਡਰਨ ਵਾਲੇ ਵਿਅਕਤੀ ਦੇ ਅੰਦਰ ਦੁਸ਼ਟ ਆਤਮਾ ਹੈ? ਹਮੇਸ਼ਾ ਨਹੀਂ। ਪਰ ਕੁਝ ਡਰਨ ਵਾਲੇ ਲੋਕਾਂ ਦੇ ਅੰਦਰ ਦੁਸ਼ਟ ਆਤਮਾਵਾਂ ਨੇ ਘਰ ਕੀਤਾ ਹੋਇਆ ਹੈ! ਭਾਵੇਂ ਦੁਸ਼ਟ ਆਤਮਾ ਮੌਜੂਦ ਹੈ ਜਾਂ ਨਹੀਂ, ਸਾਨੂੰ ਤਾਂ ਵੀ ਉਸ ਬੁਰਾਈ ਦਾ ਸਾਮ੍ਹਣਾ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਜੜ੍ਹੋਂ ਪੁੱਟਣਾ ਚਾਹੀਦਾ ਹੈ। ਜਿਵੇਂ ਅਸੀਂ ਉਨ੍ਹਾਂ ਪਾਪੀ ਵਿਚਾਰਾਂ, ਭਾਵਨਾਵਾਂ ਅਤੇ ਕੰਮਾਂ ਦਾ ਸਾਹਮਣਾ ਕਰਦੇ ਹਾਂ, ਉਸ ਤਰ੍ਹਾਂ ਹੀ ਸਾਨੂੰ ਉਨ੍ਹਾਂ ਸਮੱਸਿਆਵਾਂ ਦੇ ਸਰੋਤ, ਮਤਲਬ ਉਨ੍ਹਾਂ ਦੁਸ਼ਟ ਆਤਮਾਂਵਾ ਨੂੰ ਅਧਿੱਕਾਰ ਨਾਲ ਬਾਹਰ ਕੱਢਣਾ ਚਾਹੀਦਾ ਹੈ।

ਦੂਜੀ ਸਭ ਤੋਂ ਵੱਡੀ ਗਲਤੀ ਜੋ ਅਸੀਂ ਕਰਦੇ ਹਾਂ ਉਹ ਇਹ ਸੋਚਣਾ ਹੈ ਕਿ ਕੋਈ ਵੀ ਮਸੀਹੀ ਦੁਸ਼ਟ ਆਤਮਾਂ ਤੋਂ ਪ੍ਰਭਾਵਿਤ ਨਹੀਂ ਹੋ ਸਕਦਾ। ਕੁਝ ਲੋਕ ਸੋਚਦੇ ਹਨ ਕਿ ਪਵਿੱਤਰ ਆਤਮਾ ਵਿਸ਼ਵਾਸੀ ਦੇ ਅੰਦਰ ਵੱਸਦਾ ਹੈ, ਇਸ ਲਈ ਕੋਈ ਹੋਰ ਆਤਮਾ ਉਸ ਵਿੱਚ ਵਾਸ ਨਹੀਂ ਕਰ ਸਕਦਾ। ਮੈਂ ਕਿਸੇ ਨਾਲ ਬਹਿਸ ਨਹੀਂ ਕਰਨਾ ਚਾਹੁੰਦਾ, ਪਰ ਮੈਂ ਲੋਕਾਂ ਨੂੰ ਅਸਲ ਵਿੱਚ ਆਜ਼ਾਦੀ ਦੇਣ ਲਈ ਲਿਖ ਰਿਹਾ ਹਾਂ।ਸੱਚਮੁਚ ਦੁਸ਼ਟ ਆਤਮਾ ਇੱਕ ਮਸੀਹੀ ਵਿੱਚ ਨਿਸ਼ਚਿਤ ਰੂਪ ਵਿੱਚ ਰਹਿ ਸਕਦੀ ਹੈ। ਜੇਕਰ ਅਸੀਂ ਇਸ ਗੱਲ ਤੋਂ ਅਣਜਾਣ ਹੈ, ਤਾਂ ਫਿਰ ਸ਼ੈਤਾਨ ਵਿਸ਼ਵਾਸੀਆਂ ਵਿੱਚ ਚੁੱਪਚਾਪ ਕੰਮ ਕਰ ਸਕਦਾ ਹੈ। ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢਣ ਬਾਰੇ ਤੁਸੀ ਆਪਣੇ ਵਿਚਾਰਾਂ ਵਿੱਚ ਕਿਸੇ ਕਿਸਮ ਦੀ ਰੁਕਾਵਟ ਪੈਦਾ ਨਾ ਕਰੋ। ਕਿਉਂਕਿ ਯਿਸੂ ਲੋਕਾਂ ਦੀ ਪਰਵਾਹ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਉਹ ਆਜ਼ਾਦੀ ਵਿੱਚ ਜੀਵਨ ਬਿਤਾਉਣ, ਇਸ ਲਈ ਯਿਸੂ ਨੇ ਸਾਨੂੰ ਉਸਦੇ ਨਾਮ ਵਿੱਚ ਦੁਸ਼ਟ ਆਤਮਾਂਵਾ ਨੂੰ ਕੱਢਣ ਦਾ ਹੁਕਮ ਦਿੱਤਾ (ਮੱਤੀ10:8, 28:20)। ਜੇ ਯਿਸੂ ਦੇ ਕੰਮ ਸਾਡੇ ਵਿਚਕਾਰ ਪ੍ਰਗਟ ਨਹੀਂ ਹੋ ਰਹੇ ਹਨ। ਫਿਰ ਸਾਨੂੰ ਆਪਣੇ ਆਪ ਨੂੰ ਜਾਂਚਣ ਦੀ ਲੋੜ ਹੈ ਕਿ ਅਸੀਂ ਉਸਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ ਜਾਂ ਨਹੀਂ?

**ਦੁਸ਼ਟ ਆਤਮਾਂ ਦੇ ਕੰਮਾਂ ਦੀ ਪਹਿਚਾਣ ਕਰਨਾ**

ਸਾਰੀਆਂ ਨਕਾਰਾਤਮਕ ਭਾਵਨਾਵਾਂ ਸ਼ੈਤਾਨ ਤੋਂ ਨਹੀਂ ਹਨ। ਹਰ ਕੋਈ ਪਾਪ ਦੁਸ਼ਟ ਆਤਮਾਵਾਂ ਦੁਆਰਾ ਨਹੀਂ ਹੁੰਦਾ। ਹਰ ਵਿਚਾਰ ਸ਼ੈਤਾਨ ਤੋਂ ਨਹੀਂ ਹੁੰਦਾ, ਪਰ ਬਹੁਤ ਸਾਰੇ ਹੁੰਦੇ ਹਨ। ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਉਸ ਭਾਵਨਾ, ਵਿਚਾਰ ਜਾ ਇੱਛਾ ਸ਼ੈਤਾਨ ਵੱਲੋਂ ਹੈ ਜਾਂ ਨਹੀਂ? ਇੱਕ ਸਧਾਰਨ ਤਰੀਕਾ ਹੈ ਕਿ, ਕੀ ਇਹ ਵਿਚਾਰ/ਭਾਵਨਾ/ਇੱਛਾ ਲਗਾਤਾਰ  ਤੁਹਾਡੇ ਉੱਪਰ ਪ੍ਰਭਾਵ ਪਾਉਣਾ ਨਹੀਂ ਛੱਡਦੇ ਹਨ, ਅਤੇ ਇਸਦੇ ਪਿੱਛੇ ਨਿਯੰਤਰਣ ਕਰਨ ਦੀ ਸ਼ਕਤੀ ਹੈ ਜੋ ਤੁਹਾਨੂੰ ਕੁਝ ਸਮੇਂ ਲਈ ਮਜਬੂਰ ਕਰਦੀ ਹੈ। ਕਈ ਤਰ੍ਹਾਂ ਦੇ ਸਰਾਪ ਅਤੇ ਆਤਮਿਕ ਰੁਕਾਵਟਾਂ ਵੀ ਦੁਸ਼ਟ ਆਤਮਾਵਾਂ ਦੇ ਕਾਰਨ ਹੋ ਸਕਦੀਆਂ ਹਨ। ਭਾਵ ਮਾਨਸਿਕ ਅਤੇ ਭਾਵਨਾਤਮਕ ਤੌਰ ’ਤੇ ਪਰਮੇਸ਼ਵਰ ਨਾਲ ਜੁੜਨਾ ਵਿੱਚ ਰੁਕਾਵਟ, ਪ੍ਰਾਰਥਨਾ ਕਰਨ ਤੇ ਧਿਆਨ ਨਾ ਲੱਗਣ ਦੀ ਸਮੱਸਿਆ, ਪ੍ਰਾਰਥਨਾ ਅਤੇ ਬਾਈਬਲ ਪੜ੍ਹਨ ਤੇ ਬਹੁਤ ਜਿਆਦਾ ਨੀਂਦ ਦਾ ਆਉਣਾ , ਅਤੇ ਪਰਮੇਸ਼ੁਰ ਦੇ ਵਾਅਦੇ ਤੇ ਵਿਸ਼ਵਾਸ ਕਰਦੇ ਹੋਏ ਰੁਕਾਵਟਾਂ ਪੈਦਾ ਹੋਣਾ।

ਇੱਕ ਦੁਸ਼ਟ ਆਤਮਾ ਕੀ ਹੈ? ਇਹ ਉਹ ਆਤਮਾ ਹੈ ਜਿਸ ਵਿੱਚ ਜੀਵਨ ਹੁੰਦਾ ਹੈ। ਪ੍ਰਾਣ ਦਾ ਅਰਥ ਹੈ ਮਨ (ਸੋਚਣ ਦੀ ਯੋਗਤਾ), ਭਾਵਨਾ (ਮਹਿਸੂਸ ਕਰਨ ਦੀ ਸਮਰੱਥਾ), ਅਤੇ ਇੱਛਾ (ਚਾਹੁੰਣ ਦੀ ਯੋਗਤਾ)। ਪਰ ਦੁਸ਼ਟ ਆਤਮਾ ਕੋਲ ਆਪਣੇ ਆਪ ਨੂੰ ਦਰਸਾਉਣ ਲਈ ਕੋਈ ਸਰੀਰ ਨਹੀਂ ਹੈ, ਇਸ ਲਈ ਉਹ ਸਰੀਰ ਦੀ ਖੋਜ ਕਰਦਾ ਰਹਿੰਦਾ ਹੈ। ਦੁਸ਼ਟ ਆਤਮਾ ਮਨੁੱਖ ਵਿੱਚ ਆਪਣੇ ਪ੍ਰਾਣ, ਭਾਵ ਆਪਣੇ ਵਿਚਾਰ, ਭਾਵਨਾਵਾਂ ਅਤੇ ਇੱਛਾਵਾਂ ਨੂੰ ਪਹੁਚਾਉਣ ਦੀ ਕੋਸ਼ਿਸ਼ ਕਰਦੀ ਹੈ। ਜੇ ਮਨੁੱਖ ਕਿਸੇ ਦੁਸ਼ਟ ਆਤਮਾਂ ਦੇ ਵਿਚਾਰਾਂ, ਭਾਵਨਾਵਾਂ ਜਾਂ ਇੱਛਾਵਾਂ ਨਾਲ ਸਹਿਮਤ ਹੁੰਦੇ ਹਨ, ਜਾਂ ਉਸ ਦਾ ਵਿਰੋਧ ਨਾਂ ਕਰਨ ਕਰਕੇ ਹਾਰ ਜਾਂਦੇ ਹਨ, ਤਾਂ ਉਹ ਦੁਸ਼ਟ ਆਤਮਾ ਉਸ ਵਿਅਕਤੀ ਨਾਲ ਇੰਨੀ ਜੁੜ ਜਾਂਦੀ ਹੈ ਕਿ ਇਹ ਉਸ ਵਿਚ ਦਾਖਲ ਵੀ ਹੋ ਸਕਦੀ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਕੁਝ ਵਿਚਾਰ, ਭਾਵਨਾਵਾਂ ਅਤੇ ਇੱਛਾਵਾਂ ਜੋ ਉਹ ਸਾਲਾਂ ਤੋਂ ਕਰ ਰਹੇ ਹਨ, ਉਹ ਉਹਨਾਂ ਦੀਆਂ ਆਪਣੀਆਂ ਨਹੀਂ ਪਰ ਇੱਕ ਦੁਸ਼ਟ ਆਤਮਾਂ ਦੀਆਂ ਹਨ! ਪਹਿਲਾ ਕਦਮ ਹੈ ਉਸ ਦੁਸ਼ਟ ਆਤਮਾ ਦੇ ਪ੍ਰਾਣ ਨੂੰ ਉਸ ਵਿਅਕਤੀ ਦੀ ਆਤਮਾ ਤੋਂ ਵੱਖ ਕਰਨਾ ਅਤੇ ਪਛਾਣਨਾ।

**ਯਿਸੂ ਨੇ ਇਹ ਲੜਾਈ ਜਿੱਤ ਲਈ ਹੈ**

ਜਿਸ ਤਰ੍ਹਾਂ ਪਿਤਾ ਅਤੇ ਪੁੱਤਰ ਨੇ ਸਾਨੂੰ ਸਾਰੀਆਂ ਬਿਮਾਰੀਆਂ ਦਾ ਪ੍ਰਾਸਚਿਤ ਕਰਕੇ ਰੋਗ ਤੋਂ ਮੁਕਤ ਕੀਤਾ ਹੈ, ਉਸੇ ਤਰ੍ਹਾਂ ਉਨ੍ਹਾਂ ਨੇ ਸ਼ੈਤਾਨ ਨੂੰ ਹਰਾ ਕੇ ਸਾਨੂੰ ਸਾਰੇ ਹਨੇਰੇ ਤੋਂ ਮੁਕਤ ਕੀਤਾ ਹੈ। ਸਾਨੂੰ ਉਨ੍ਹਾਂ ਦੇ ਕੰਮ ਦਾ ਸਨਮਾਨ ਕਰਨਾ ਚਾਹੀਦਾ ਹੈ।

ਪਿਤਾ ਨੇ ਸਾਨੂੰ ਸ਼ੈਤਾਨ ਦੀ ਸ਼ਕਤੀ ਅਤੇ ਰਾਜ ਤੋਂ ਮੁਕਤ ਕੀਤਾ ਹੈ (ਕੁਲੁੱਸੀਆਂ 1:13)। ਰਾਜ ਸਿਰਫ਼ ਰਾਜੇ ਦੀ ਹੀ ਨਹੀਂ, ਸਗੋਂ ਉਸ ਦੀ ਸਾਰੀ ਪ੍ਰਭੂਸੱਤਾ ਨੂੰ ਦਰਸਾਉਂਦਾ ਹੈ। ਪਿਤਾ ਨੇ ਸਾਨੂੰ ਸ਼ੈਤਾਨ ਦੇ ਸਾਰੇ ਰਾਜ, ਭਾਵ, ਉਸਦੇ ਸਾਰੇ ਪ੍ਰਭਾਵ ਤੋਂ ਮੁਕਤ ਕਰ ਦਿੱਤਾ ਹੈ। ਆਪਣੀ ਮੌਤ ਦੁਆਰਾ ਯਿਸੂ ਨੇ  ਸ਼ੈਤਾਨ ਅਤੇ ਸਾਰੇ ਹਨੇਰੇ ਨੂੰ ਸ਼ਕਤੀਹੀਣ ਅਤੇ ਬੇਕਾਰ ਕਰ ਦਿੱਤਾ ਹੈ (ਇਬਰਾਨੀਆਂ 2:14-15), ਸ਼ੈਤਾਨ ਦੀਆਂ ਸਾਰੀਆਂ ਫ਼ੌਜਾਂ ਨੂੰ ਹਰਾਇਆ (ਕੁਲੁੱਸੀਆਂ 2:15), ਅਤੇ ਉਨ੍ਹਾਂ ਦੇ ਸਾਰੇ ਕੰਮਾਂ ਨੂੰ ਤਬਾਹ ਕਰ ਦਿੱਤਾ (1 ਯੂਹੰਨਾ 3:8)।

ਸ਼ੈਤਾਨ ਦੇ ਰਾਜ ਦੇ ਕਿਸੇ ਵੀ ਪ੍ਰਗਟਾਵੇ ਨਾਲੋਂ ਵੱਧ ਸਾਨੂੰ ਪਰਮੇਸ਼ਵਰ ਦੇ ਕੀਤੇ ਹੋਏ ਕੰਮਾਂ ਤੇ ਵਿਚਾਰ ਕਰਨਾ ਚਾਹੀਦਾ ਹੈ । ਇਹ ਸੱਚੇ ਵਿਸ਼ਵਾਸ, ਭਰੋਸੇ ਅਤੇ ਸ਼ਾਂਤੀ ਦਾ ਸਥਾਨ ਹੈ।

**ਪਵਿੱਤਰ ਆਤਮਾ ਦੀ ਮੌਜੂਦਗੀ ਵਿੱਚ ਹੋ ਕੇ ਅਧਿਕਾਰ ਦੇ ਨਾਲ ਆਦੇਸ਼ ਦੇਣ**

ਜਿਵੇਂ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਦੇ ਹਾਂ, ਉਸੇ ਤਰ੍ਹਾਂ ਸਾਨੂੰ ਉਨ੍ਹਾਂ ਲਈ ਵੀ ਪ੍ਰਾਰਥਨਾ ਕਰਨੀ ਚਾਹੀਦੀ ਹੈ ਜਿਹੜੇ ਦੁਸ਼ਟ ਆਤਮਾਂ ਦੁਆਰਾ ਪੀੜਿਤ ਹਨ। ਪਵਿੱਤਰ ਆਤਮਾ ਨੂੰ ਬੁਲਾ ਕੇ  ਉਸਦਾ ਸਤਿਕਾਰ

ਕਰਨਾ। ਪਵਿੱਤਰ ਆਤਮਾ ਦੀ ਮੌਜੂਦਗੀ ਬੇਮਿਸਾਲ ਹੈ ਅਤੇ ਸਾਰੇ ਹਨੇਰੇ ਉੱਤੇ ਹਾਵੀ ਹੁੰਦੀ ਹੈ। ਕਿਸੇ ਵੀ ਦੁਸ਼ਟ ਆਤਮਾ ਦੀ ਬਜਾਏ ਪਵਿੱਤਰ ਆਤਮਾ ਉੱਤੇ ਜਿਆਦਾ ਧਿਆਨ ਦਿਓ।

ਫਿਰ (1) ਹਨੇਰੇ ਦੇ ਪ੍ਰਗਟਾਵੇ ਨੂੰ ਅਤੇ (2) ਉਸ ਦੀ ਜੜ੍ਹ ਅਰਥਾਤ ਉਹ ਆਤਮਾ ਜੋ ਪ੍ਰਗਟ ਹੋਣ ਦਾ ਸਰੋਤ ਹੈ, ਉਸ ਵਿਅਕਤੀ ਨੂੰ ਛੱਡ ਕੇ ਚਲੇ ਜਾਣ ਦਾ ਹੁਕਮ ਦਿਓ। ਉਦਾਹਰਨ ਲਈ, ਜੇਕਰ ਵਿਅਕਤੀ ਡਰ ਜਾਂ ਉਦਾਸੀ ਤੋਂ ਪੀੜਤ ਹੈ, ਤਾਂ ਇਸ ਤਰ੍ਹਾਂ ਪ੍ਰਾਰਥਨਾ ਕਰੋ, ''ਆਓ ਪਵਿੱਤਰ ਆਤਮਾ। ਤੁਹਾਡੀ ਸ਼ਾਂਤੀ ਅਤੇ ਅਨੰਦ ਦੀ ਨਦੀ ਇੱਥੇ ਵਹਿਣ ਦਿਓ। ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਪਵਿੱਤਰ ਆਤਮਾ। ਤੁਹਾਡੀ ਮੌਜੂਦਗੀ ਅਤੇ ਸ਼ਕਤੀ ਇੱਥੇ ਪ੍ਰਗਟ ਕਰੋ।'' ਯਿਸੂ ਦੇ ਨਾਮ ਵਿੱਚ ਮੈਂ ਡਰ ਅਤੇ ਉਦਾਸੀਨਤਾ ਅਤੇ ਇਸਦੀ ਜੜ੍ਹ ਅਰਥਾਤ ਡਰ ਅਤੇ ਉਦਾਸੀਨਤਾ ਦੀ ਆਤਮਾਂ ਨੂੰ ਹੁਕਮ ਦਿੰਦਾ ਹਾਂ, ਕਿ ਤੁਸੀਂ ਇਸ ਵਿੱਚ ਨਹੀਂ ਰਹਿ ਸਕਦੇ। ਮੈਂ ਤੁਹਾਨੂੰ ਬੰਨ੍ਹਦਾ ਹਾਂ ਅਤੇ ਤੁਹਾਡੀ ਮੌਜੂਦਗੀ ਅਤੇ ਸ਼ਕਤੀ ਤੋਂ ਇਨਕਾਰ ਕਰਦਾ ਹਾਂ। ਯਿਸੂ ਦੇ ਨਾਮ ਵਿੱਚ ਮੈਂ ਤੇਨੂੰ ਨਿਕਾਲਦਾ ਹਾਂ, ਨਿੱਕਲ ਜਾ। ਪਵਿੱਤਰ ਆਤਮਾ, ਤੁਹਾਡੀ ਮੌਜੂਦਗੀ, ਸ਼ਾਂਤੀ ਅਤੇ ਅਨੰਦ ਨੂੰ ਪ੍ਰਗਟ ਕਰੋ। ਸ਼ਾਂਤੀ ਅਤੇ ਅਨੰਦ ਦੀ ਨਦੀ, ਯਿਸੂ ਦੇ ਨਾਮ ਵਿੱਚ,ਵਹਿ ਜਾਵੇ!

ਜੇਕਰ ਉਸ ਦੀ ਹਾਲਤ ਪਹਿਲਾਂ ਵਰਗੀ ਹੈ ਜਾਂ ਹੋਰ ਵੀ ਵਿਗੜ ਗਈ ਹੈ, ਤਾਂ ਉਸ ਅਧਿੱਕਾਰ 'ਤੇ ਕਾਇਮ ਰਹੋ ਅਤੇ ਬਿਨਾਂ ਰੌਲਾ ਪਾਏ ਬੋਲਦੇ ਰਹੋ। ਉਸ ਵਿਅਕਤੀ ਨੂੰ ਉਹਨਾਂ ਪ੍ਰਾਰਥਨਾਵਾਂ ਦੇ ਨਾਲ ਸਹਿਮਤੀ ਵਿੱਚ ਲਿਆਓ। ਉਸ ਵਿਅਕਤੀ ਨੂੰ ਉੱਥੇ ਪ੍ਰਾਰਥਨਾ ਕਰਨ ਤੋਂ ਬਾਅਦ ਬੋਲਣ ਲਈ ਕਹੋ। ਇਹ ਕੰਮ ਤੁਹਾਡੇ ਸੋਚਣ ਨਾਲੋਂ ਜਿਆਦਾ ਸਫਲ ਅਤੇ ਆਸਾਨ ਹੈ।

ਯਾਦ ਰੱਖੋ ਕਿ ਦੁਸ਼ਟ ਆਤਮਾਂ ਨੂੰ ਕੱਢਣ ਤੋਂ ਬਾਅਦ, ਉਸ ਵਿਅਕਤੀ ਲਈ ਪਵਿੱਤਰ ਆਤਮਾ ਦੀ ਮੌਜੂਦਗੀ ਨਾਲ ਭਰਪੂਰ ਹੋਣ ਲਈ ਪ੍ਰਾਰਥਨਾ ਕਰੋ. ਉਸ ਦੀ ਮੌਜੂਦਗੀ, ਸ਼ਾਂਤੀ ਅਤੇ ਅਨੰਦ ਤੁਹਾਡੇ ਦੁਆਰਾ ਉਸ ਵਿਅਕਤੀ ਤੱਕ ਨਦੀ ਵਾਂਗ ਵਹਿਣ ਦਿਓ, ਖਾਸ ਕਰਕੇ ਜਿੱਥੇ ਜਿੱਥੇ ਹਨੇਰਾ ਸੀ।

ਜਦੋਂ ਲੋਕਾਂ ਨੂੰ ਛੁਟਕਾਰਾ ਮਿਲਦੀ ਹੈ, ਤਾਂ ਜਿਆਦਾਤਰ ਲੋਕ ਆਪਣੇ ਸਰੀਰ ਵਿੱਚ ਹਲਕਾਪਨ ਮਹਿਸੂਸ ਕਰਦੇ ਹਨ, ਖਾਸ ਕਰਕੇ ਉਨ੍ਹਾਂ ਦੀ ਛਾਤੀ ਅਤੇ ਪੇਟ ਵਿੱਚ। ਛੁਟਕਾਰੇ ਦੇ ਹੋਰ ਲੱਛਣ ਵਿੱਚ ਸ਼ਾਂਤੀ, ਆਨੰਦ, ਅਤੇ ਮਨ ਨੂੰ ਸੰਘਰਸ਼ ਅਤੇ ਉਲਝਣਾਂ ਤੋਂ ਮੁਕਤ ਕਰਨਾ ਹੈ। ਉਸ ਸਮੇਂ ਪਵਿੱਤਰ ਆਤਮਾ ਦੀ ਮੌਜੂਦਗੀ ਬਹੁਤ ਆਸਾਨੀ ਨਾਲ ਮਹਿਸੂਸ ਕੀਤੀ ਜਾਂਦੀ ਹੈ। ਕਈ ਵਾਰ ਲੋਕ ਆਪਣੇ ਸਰੀਰ ਵਿੱਚ ਇੱਕ ਖਾਲੀਪਣ ਮਹਿਸੂਸ ਕਰਦੇ ਹਨ ਜਿੱਥੋਂ ਦੁਸ਼ਟ ਆਤਮਾ ਨਿੱਕਲਦੀ ਹੈ ਅਤੇ ਉਹ ਨਕਾਰਾਤਮਕ ਭਾਰੀਪਨ ਖ਼ਤਮ ਹੁੰਦਾ ਹੈ। ਫਿਰ ਵੀ ਕੁਝ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਕੁਝ ਮਹਿਸੂਸ ਨਹੀਂ ਹੁੰਦਾ, ਪਰ ਬਾਅਦ ਵਿਚ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਆਜ਼ਾਦ ਹੋ ਗਏ ਹਨ।

**ਆਖਰੀ ਵਿਚਾਰ**

ਪਵਿੱਤਰ ਆਤਮਾ ਨਾਲ ਸੇਵਾ ਕਰਨਾ ਜੀਵਨ ਦਾ ਇੱਕ ਤਰੀਕਾ ਅਤੇ ਖੁਸ਼ੀ ਦਾ ਕੰਮ ਹੋਣਾ ਚਾਹੀਦਾ ਹੈ। ਪਿਆਰੇ, ਤੁਹਾਡੇ ਕੋਲ ਪਵਿੱਤਰ ਆਤਮਾ ਹੈ, ਅਤੇ ਉਹ ਹਰ ਲੋੜ ਤੋਂ ਕਿੱਧਰੇ ਵੱਧ ਕੇ ਹੈ। ਪਵਿੱਤਰ ਆਤਮਾ ਨਾਲ ਰਹਿਣਾ ਸਧਾਰਨ, ਮਜ਼ੇਦਾਰ ਅਤੇ ਸੰਤੁਸ਼ਟੀਜਨਕ ਹੈ। ਅਸੀਂ ਹਮੇਸ਼ਾਂ ਸਿੱਖਣ ਦੀ ਕੋਸ਼ਿਸ ਵਿੱਚ ਹੁੰਦੇ ਹਾਂ, ਅਤੇ ਅਸੀਂ ਕੋਸ਼ਿਸ਼ ਕਰਦੇ ਹੋਏ ਸਿੱਖਦੇ ਹਾਂ। ਅੱਗੇ ਵਧਣ ਤੋਂ ਨਾ ਡਰੋ! ਜਿੱਤਣ ਲਈ ਖੁਸ਼ ਰਹੋ! ਅਸਫ਼ਲਤਾ ਵਿੱਚ ਪਵਿੱਤਰ ਆਤਮਾ ਤੋਂ ਸਿੱਖੋ। ਮਸੀਹ ਦੀ ਸਲੀਬ ਨੂੰ ਆਪਣੇ ਦਿਲ ਦੇ ਕੇਂਦਰ ਵਿੱਚ ਸਥਿਰ ਰੱਖੋ!

ਮੇਰੇ ਨਾਲ ਪ੍ਰਾਰਥਨਾ ਕਰੋ

ਪਵਿੱਤਰ ਆਤਮਾ, ਮੈਂ ਤੁਹਾਨੂੰ ਆਪਣੇ ਪਰਿਵਾਰ, ਦੋਸਤਾਂ, ਗੁਆਂਢੀਆਂ ਅਤੇ ਦੇਸ਼ ਲਈ ਆਪਣੇ ਪਿਆਰ, ਜਨੂੰਨ ਅਤੇ ਹਮਦਰਦੀ ਨਾਲ ਮੇਰੀ ਦੁਨੀਆ ਨੂੰ ਉਲਟਾਉਣ ਲਈ ਕਹਿੰਦਾ ਹਾਂ। ਮੇਰੇ ਤੋਂ ਇਰਖਾ ਰੱਖੋ, ਅਤੇ ਮੈਨੂੰ ਆਪਣੀ ਵਡਿਆਈ ਲਈ ਅੱਗ ਦਾ ਸੇਵਕ ਬਣਾਓ। ਮੈਂ ਤੁਹਾਡੀ ਮੌਜੂਦਗੀ, ਸ਼ਖਸੀਅਤ ਅਤੇ ਸ਼ਕਤੀ ਨਾਲ ਭਰਿਆ ਜੀਵਨ ਜੀਣਾ ਚਾਹੁੰਦਾ ਹਾਂ। ਮੇਰੇ ਪਿਆਰੇ, ਮੈਨੂੰ ਮਰੇ ਹੋਏ ਧਰਮ ਤੋਂ ਮੁਕਤ ਕਰ ਦਿਓ ਤਾਂ ਜੋ ਸਾਡਾ ਰਿਸ਼ਤਾ ਸਭ ਦੇ ਸਾਹਮਣੇ ਚਮਕ ਸਕੇ। ਮੈਂ ਆਪਣੇ ਆਪ ਨੂੰ ਤੇਰੀ ਨਦੀ ਵਿੱਚ ਸਮਰਪਣ ਕਰਦਾ ਹਾਂ। ਮੇਰੇ ਦੁਆਰਾ ਟੁੱਟੇ ਹੋਏ, ਬਿਮਾਰ ਅਤੇ ਸਰਾਪਿਤ ਇਸ ਸੰਸਾਰ ਵਿੱਚ ਪ੍ਰਵਾਹ ਕਰੋ। ਮੇਰੇ ਦੁਆਰਾ ਆਪਣੇ ਦਿਲ ਦੀ ਇੱਛਾ ਪੂਰੀ ਕਰੋ ਕਿਉਂਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ!